Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।



Gurjatinder S. Randhawa
REALTOR CA DRE licence # 01490567
916-320-9444

Vol. 19, Issue- 888, 08 to 14 Jan., 2026, Ph: 916-320-9444, E-mail: punjabmailusa@yahoo.com, Web: punjabmailusa.com

## ICE ਵੱਲੋਂ 12 ਹਜ਼ਾਰ ਤੋਂ ਵੱਧ ਨਵੇਂ ਏਜੰਟ ਭਰਤੀ



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਹੋਮਲੈਂਡ ਸਕਿਓਰਿਟੀ ਵਿਭਾਗ ਨੇ ਐਲਾਨ ਕੀਤਾ ਹੈ ਕਿ ਇੰਮੀਗ੍ਰੇਸ਼ਨ ਐਂਡ ਕਸਟਮਜ਼ ਇੰਨਫੋਰਸਮੈਂਟ (ICE) ਵੱਲੋਂ 12 ਹਜ਼ਾਰ ਤੋਂ ਵੱਧ ਨਵੇਂ ਏਜੰਟ ਭਰਤੀ ਕੀਤੇ ਗਏ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਾਅਦੇ ਨੂੰ ਪੂਰਾ ਕਰਨ ਲਈ ਲੱਖਾਂ ਗੈਰ ਦਸਤਾਵੇਜ਼ੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਅਤੇ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਹਜ਼ਾਰਾਂ ਨਵੇਂ ICE ਏਜੰਟਾਂ ਨੂੰ ਭਰਤੀ ਕੀਤਾ ਜਾ ਰਿਹਾ ਹੈ। ਹੋਮਲੈਂਡ ਸਕਿਓਰਿਟੀ ਵਿਭਾਗ ਨੇ ਦੱਸਿਆ ਕਿ ICE ਦੀ ਇਸ ਭਰਤੀ ਲਈ 2 ਲੱਖ, 20 ਹਜ਼ਾਰ ਤੋਂ ਵੱਧ ਅਰਜ਼ੀਆਂ ਪ੍ਰਾਪਤ ਹੋਈਆਂ। ਹੁਣ ਤੱਕ ਇਸ ਸਾਲ ਵਿਚ ਨਵੇਂ ਏਜੰਟਾਂ ਦੀ ਗਿਣਤੀ ਕੁੱਲ ਮਿਲਾ ਕੇ 22 ਹਜ਼ਾਰ ਤੋਂ ਵੱਧ ਹੋ ਗਈ ਹੈ। ਹੋਮਲੈਂਡ ਸਕਿਓਰਿਟੀ ਵਿਭਾਗ ਵੱਲੋਂ ਇਸ ਭਰਤੀ ਨੂੰ ਆਕਰਸ਼ਿਤ ਕਰਨ ਲਈ ਨਵੇਂ ਏਜੰਟਾਂ ਨੂੰ ਪੰਜਾਹ ਹਜ਼ਾਰ ਡਾਲਰ ਬੋਨਸ ਦੇਣ ਦੀ ਤਜਵੀਜ਼ ਕੀਤੀ ਗਈ ਸੀ, ਜਿਸ ਕਰਕੇ ਬਹੁਤ ਸਾਰੇ ਨੌਜਵਾਨ ਇਹ ਨੌਕਰੀ ਲੈਣ ਲਈ ਉਤਸ਼ਾਹਿਤ ਹੋ ਗਏ।

ਇਸ ਦੌਰਾਨ DHS ਨੇ ਨਵੇਂ ਬਿਨੈਕਾਰਾਂ ਲਈ ਉਮਰ ਪਾਬੰਦੀ 'ਚ ਢਿੱਲ ਦਿੱਤੀ ਹੈ। ਹੁਣ ਇਸ ਵਿਭਾਗ ਵਿਚ ਭਰਤੀ ਹੋਣ ਦੀ ਹੱਦ ਉਮਰ 18 ਸਾਲ ਤੋਂ 40 ਸਾਲ ਦੇ ਵਿਚਕਾਰ ਕਰ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ 4 ਜੁਲਾਈ 2025 ਨੂੰ ਰਾਸ਼ਟਰਪਤੀ ਟਰੰਪ ਵੱਲੋਂ 'ਵੰਨ ਬਿਊਟੀਫੁੱਲ ਬਿੱਲ' ਐਕਟ ਕਾਨੂੰਨ ਵਿਚ ਦਸਤਖਤ ਕੀਤੇ ਗਏ ਸਨ, ਜਿਸ ਵਿਚ ਇਹ ਸੰਕੇਤ ਦਿੱਤਾ ਗਿਆ ਸੀ ਕਿ ICE ਲਈ ਵੱਡੇ ਪੱਧਰ 'ਤੇ ਨਵੀਂ ਭਰਤੀ ਕੀਤੀ ਜਾਵੇਗੀ।

ਇਸ ਬਿੱਲ ਲਈ 170 ਬਿਲੀਅਨ ਡਾਲਰ ਤੋਂ ਵੱਧ ਦੀ ਰਕਮ ਰੱਖੀ ਗਈ ਹੈ, ਜਿਸ ਵਿਚ DHS ਅਤੇ ICE ਲਈ ਵੱਡਾ ਹਿੱਸਾ ਸ਼ਾਮਲ ਹੈ। ਇਸ ਬਜਟ ਰਾਹੀਂ ਆਵਾਜਾਈ ਅਤੇ ਟੈਕਨਾਲੋਜੀ ਵਿਚ ਸੁਧਾਰ ਕਰਨ, ਜੇਲ੍ਹਾਂ ਦਾ ਵਿਸਥਾਰ ਕਰਨ ਅਤੇ ਸੁਰੱਖਿਆ ਦਸਤਿਆਂ ਵਿਚ ਨਵੀਂ ਭਰਤੀ ਕਰਨਾ ਸ਼ਾਮਲ ਹਨ।

## ਟਰੰਪ ਪ੍ਰਸ਼ਾਸਨ ਵੱਲੋਂ ਡੈਮੋਕ੍ਰੇਟ ਰਾਜਾਂ 'ਚ ਪਰਿਵਾਰ ਭਲਾਈ ਫੰਡ ਬੰਦ ਕਰਨ ਦੇ ਸੰਕੇਤ



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਉਹ 5 ਡੈਮੋਕ੍ਰੇਟਿਕ ਰਾਜਾਂ ਵਿਚ ਬਾਲ ਦੇਖਭਾਲ ਅਤੇ ਗਰੀਬ ਪਰਿਵਾਰਾਂ ਲਈ 10 ਬਿਲੀਅਨ ਦੇ ਫੰਡ ਰੋਕ ਰਿਹਾ ਹੈ। ਬਜਟ ਦਫਤਰ ਦਾ ਕਹਿਣਾ ਹੈ ਕਿ ਰਿਪੋਰਟਾਂ ਮਿਲੀਆਂ ਹਨ ਕਿ ਇਨ੍ਹਾਂ ਸਮਾਜਿਕ ਸੇਵਾਵਾਂ ਵਿਚ ਧੋਖਾਧੜੀ ਦੀਆਂ ਰਿਪੋਰਟਾਂ ਮਿਲ ਰਹੀਆਂ ਹਨ। ਇਸ ਗਰਾਂਟ ਨਾਲ ਬਹੁਤ ਸਾਰੇ ਲੋਕ ਨੌਕਰੀਆਂ ਨਹੀਂ ਕਰ ਰਹੇ ਅਤੇ ਉਹ ਬੱਚਿਆਂ ਨੂੰ ਮਿਲਣ ਵਾਲੇ ਫੰਡਾਂ 'ਤੇ ਹੀ ਗੁਜ਼ਾਰਾ ਕਰ ਰਹੇ ਹਨ। ਇਸ ਰੋਕ ਦਾ ਅਸਰ ਕੈਲੀਫੋਰਨੀਆ, ਕੋਲੋਰਾਡੋ, ਇਲੀਨੋਇਸ, ਨਿਊਯਾਰਕ ਅਤੇ ਮਿਨੀਸੋਟਾ ਸਟੇਟਾਂ 'ਤੇ ਪੈ ਸਕਦਾ ਹੈ। ਇੱਕ OMB ਅਧਿਕਾਰੀ ਦੇ ਅਨੁਸਾਰ ਫੰਡਾਂ 'ਤੇ ਰੋਕ ਧੋਖਾਧੜੀ ਅਤੇ ਗੈਰ ਦਸਤਾਵੇਜ਼ੀ ਪ੍ਰਵਾਸੀਆਂ ਨੂੰ ਨਾਜਾਇਜ਼ ਫੰਡ ਦੇਣ ਕਾਰਨ ਹੋ ਰਹੀ ਹੈ। ਅਧਿਕਾਰੀਆਂ ਨੇ ਕਿਹਾ ਕਿ ਪਿਛਲੇ ਕੁੱਝ ਸਾਲਾਂ ਤੋਂ ਇਸ ਸੰਬੰਧੀ ਬਹੁਤ ਸਾਰੀਆਂ ਰਿਪੋਰਟਾਂ ਮਿਲੀਆਂ ਹਨ।

ਚਾਈਲਡ ਕੇਅਰ ਫੰਡ ਦੀ ਵਰਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਦੀ ਦੇਖਭਾਲ ਲਈ ਸਬਸਿਡੀ ਦੇ ਤੌਰ 'ਤੇ ਦਿੱਤੀ ਜਾਂਦੀ ਹੈ, ਜੋ ਕਿ 7 ਬਿਲੀਅਨ ਡਾਲਰ ਤੋਂ ਵੱਧ ਦਾ ਫੰਡ ਹੈ। ਦੇਸ਼ ਭਰ ਵਿਚ 14 ਲੱਖ ਬੱਚਿਆਂ ਨੂੰ ਚਾਈਲਡ ਕੇਅਰ ਫੰਡਿੰਗ ਦਿੱਤੀ ਜਾ ਰਹੀ ਹੈ।

ਫਿਲਹਾਲ ਇਸ ਦੀ ਪਾਬੰਦੀ 5 ਸਟੇਟਾਂ 'ਤੇ ਲਾਗੂ ਹੋਵੇਗੀ। ਉਸ ਤੋਂ ਬਾਅਦ ਟੈਕਸਾਸ, ਪੱਛਮੀ ਵਰਜੀਨੀਆ ਵੀ ਇਸ ਦੀ ਲਪੇਟ ਵਿਚ ਆ ਸਕਦੇ ਹਨ।

## ਯੂ.ਐੱਸ.ਸੀ.ਆਈ.ਐੱਸ. ਵੱਲੋਂ ਸ਼ੱਕੀ ਕੇਸਾਂ 'ਤੇ ਕੀਤੀ ਜਾ ਰਹੀ ਹੈ ਸਖਤੀ




**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇੰਮੀਗ੍ਰੇਸ਼ਨ ਸਰਵਿਸਿਜ਼ ਨੇ ਆਪਣੀ ਇਕ ਰਿਪੋਰਟ ਵਿਚ ਕਿਹਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਾਰਜਕਾਲ ਦੇ ਪਹਿਲੇ ਸਾਲ ਦੌਰਾਨ ਏਜੰਸੀ ਨੇ 14 ਹਜ਼ਾਰ ਤੋਂ ਵੱਧ ਸ਼ੱਕੀ ਇਮੀਗ੍ਰੇਸ਼ਨ ਕੇਸ ICE ਨੂੰ ਭੇਜੇ ਹਨ, ਜੋ ਕਿ ਸ਼ੱਕੀ ਲੱਗ ਰਹੇ ਸਨ। ਯੂ.ਐੱਸ.ਸੀ.ਆਈ.ਐੱਸ. ਨੇ ਇਸ ਤੋਂ ਇਲਾਵਾ 65 ਫੀਸਦੀ ਮਾਮਲਿਆਂ ਦੀ ਪਛਾਣ ਕਰ, ਰਿਕਾਰਡ 1 ਲੱਖ 96 ਹਜ਼ਾਰ ਦੀ ਰਿਪੋਰਟ ਕੀਤੀ ਹੈ। ਇਸ ਵਿਭਾਗ ਦੇ ਡਾਇਰੈਕਟਰ ਜੋਸਫ ਬੀ ਐਡਲੋ ਨੇ ਕਿਹਾ ਕਿ ਏਜੰਸੀ ਨੇ ਸੁਰੱਖਿਆ ਅਤੇ ਧੋਖਾਧੜੀ ਦੀ ਰੋਕਥਾਮ 'ਤੇ ਕੇਂਦਰਿਤ 'ਅਮਰੀਕਾ ਫਸਟ' ਨੀਤੀ ਦੀ ਪਹੁੰਚ ਨੂੰ ਅਪਣਾਇਆ ਹੈ।

ਵਾਸ਼ਿੰਗਟਨ ਡੀ.ਸੀ. ਵਿਚ ਅਫਗਾਨ ਨਾਗਰਿਕ ਵੱਲੋਂ ਕਥਿਤ ਤੌਰ 'ਤੇ ਕੀਤੇ ਗਏ ਘਾਤਕ ਹਮਲੇ ਤੋਂ ਬਾਅਦ ਯੂ. ਐੱਸ. ਸੀ.ਆਈ. ਐੱਸ. ਨੇ ਸਾਰੇ ਦੇਸ਼ਾਂ ਲਈ ਸ਼ਰਨ ਪ੍ਰਕਿਰਿਆਵਾਂ ਨੂੰ ਰੋਕ ਦਿੱਤਾ ਹੈ। ਇਸ ਏਜੰਸੀ ਨੇ ਉੱਚ ਜ਼ੋਖਿਮ ਵਾਲੇ ਦੇਸ਼ਾਂ ਤੋਂ ਗਰੀਨ ਕਾਰਡਾਂ ਦੀ ਦੁਬਾਰਾ ਜਾਂਚ ਵੀ ਸ਼ੁਰੂ ਕਰ ਦਿੱਤੀ ਹੈ। ਇਸ 'ਤੇ ਬਿਆਨ ਦਿੰਦੇ ਹੋਏ ਗ੍ਰਹਿ ਸੁਰੱਖਿਆ ਵਿਭਾਗ ਦੀ ਸਕੱਤਰ ਕ੍ਰਿਸਟੀ ਨੋਇਮ ਨੇ ਕਿਹਾ ਕਿ ਇੱਕ ਸਾਲ ਤੋਂ ਵੀ ਘੱਟ ਰਿਕਾਰਡ ਸਮੇਂ ਵਿਚ ਰਾਸ਼ਟਰਪਤੀ ਟਰੰਪ ਨੇ ਸਰਹੱਦ ਨੂੰ ਸੁਰੱਖਿਅਤ ਕੀਤਾ ਹੈ ਅਤੇ ਹਜ਼ਾਰਾਂ ਅਪਰਾਧਿਕ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਹੋਰ ਵੀ ਸਖਤੀ ਕੀਤੀ ਜਾਵੇਗੀ ਅਤੇ ਇਸ ਦੇ ਸਾਰਥਿਕ ਨਤੀਜੇ ਸਾਹਮਣੇ ਆਉਣਗੇ।

## ਅਮਰੀਕਾ 'ਚ 2 ਪੰਜਾਬੀ ਟਰੱਕ ਡਰਾਈਵਰ 7 ਮਿਲੀਅਨ ਡਾਲਰ ਦੀ ਕੋਕੀਨ ਸਣੇ ਕਾਬੂ



**ਇੰਡੀਆਨਾ, (ਪੰਜਾਬ ਮੇਲ)-** ਅਮਰੀਕਾ ਦੀ ਇੰਡੀਆਨਾ ਸਟੇਟ ਪੁਲਿਸ ਨੇ ਇੱਕ ਨਿਯਮਤ ਨਿਰੱਖਣ ਦੌਰਾਨ ਰਿਚਮੰਡ, ਇੰਡੀਆਨਾ ਜਾ ਰਹੇ ਇਕ ਸੈਮੀ ਟਰੱਕ ਵਿਚ 7 ਮਿਲੀਅਨ ਡਾਲਰ ਮੁੱਲ ਦੀ ਕੋਕੀਨ ਬਰਾਮਦ ਕੀਤੀ ਹੈ। ਇਸ ਦੇ ਸੰਬੰਧ ਵਿਚ 25 ਸਾਲਾ ਗੁਰਪ੍ਰੀਤ ਸਿੰਘ ਅਤੇ 30 ਸਾਲਾ ਜਸਵੀਰ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਪੁਲਿਸ ਵੱਲੋਂ I-70 ਅਤੇ 41 ਮੀਲ ਮਾਰਕਰ ਦੇ ਨੇੜੇ ਇਕ ਸੈਮੀ ਟਰੱਕ ਟ੍ਰੇਲਰ ਨੂੰ ਟ੍ਰੈਫਿਕ ਚੈੱਕਅੱਪ ਲਈ ਰੋਕਿਆ। ਰੂਟੀਨ ਚੈਕਿੰਗ ਦੌਰਾਨ ਇਸ ਟਰੱਕ ਦੇ ਸਲਿੱਪਰ ਬਰਥ ਵਿਚ 309 ਪੌਂਡ ਕੋਕੀਨ ਪ੍ਰਾਪਤ ਕੀਤੀ ਗਈ, ਜਿਸ ਦੀ ਕੀਮਤ 7 ਮਿਲੀਅਨ ਡਾਲਰ ਹੋਣ ਦਾ ਅਨੁਮਾਨ ਹੈ। ਇਹ ਟਰੱਕ ਜੌਪਲਿਨ, ਮਿਜ਼ੂਰੀ ਤੋਂ ਰਿਚਮੰਡ ਸ਼ਹਿਰ ਵੱਲ ਜਾ ਰਿਹਾ ਸੀ।

ਇੰਡਿਆਨਾ ਸਟੇਟ ਪੁਲਿਸ ਨੇ ਦੱਸਿਆ ਕਿ ਇੰਟਰਸਟੇਟ 70 'ਤੇ ਰੂਟੀਨ ਚੈਕਿੰਗ ਦੌਰਾਨ ਇਕ ਟ੍ਰੈਕਟਰ-ਟ੍ਰੇਲਰ ਨੂੰ ਰੋਕਿਆ ਗਿਆ ਅਤੇ ਡਰਾਈਵਰ ਨਾਲ ਗੱਲਬਾਤ ਕਰ ਰਹੇ ਅਫ਼ਸਰਾਂ ਨੂੰ ਉਹ ਘਬਰਾਹਟ 'ਚ ਮਹਿਸੂਸ ਹੋਇਆ, ਜਿਸ ਮਗਰੋਂ ਕੇ-9 ਯੂਨਿਟ ਨੂੰ ਸੱਦਿਆ ਗਿਆ। ਸੂਹੀਆ ਕੁੱਤਿਆਂ ਨੇ ਕੁਝ ਹੀ ਪਲਾਂ ਵਿਚ ਸੁੰਘ ਕੇ ਦੱਸ ਦਿੱਤਾ ਕਿ ਟਰੱਕ ਵਿਚ ਨਸ਼ੀਲੇ ਪਦਾਰਥ ਮੌਜੂਦ ਹਨ।

ਨਸ਼ਿਆਂ ਦੀ ਵੱਡੀ ਖੇਪ ਸਾਹਮਣੇ ਆਉਂਦਿਆਂ ਹੀ ਟਰੱਕ 'ਚ ਸਵਾਰ ਕੈਲੀਫੋਰਨੀਆ ਦੇ ਫ਼ਰਿਜ਼ਨੋ ਨਾਲ ਸਬੰਧਤ ਗੁਰਪ੍ਰੀਤ ਸਿੰਘ ਅਤੇ ਸੈਂਟਾ ਕਲਾਰਾ ਨਾਲ ਸਬੰਧਤ ਜਸਵੀਰ ਸਿੰਘ ਨੂੰ ਹੱਥਕੜੀਆਂ ਲਾ ਕੇ ਪਟਨਮ ਕਾਊਂਟੀ ਜੇਲ੍ਹ ਵਿਚ ਡੱਕ ਦਿੱਤਾ ਗਿਆ। ਦੋਹਾਂ ਵਿਰੁੱਧ ਮੁੱਢਲੇ ਤੌਰ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ ਲੱਗੇ ਪਰ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵਾਲਿਆਂ ਨੇ ਡਿਟੇਨਰ ਲਾ ਦਿੱਤਾ ਹੈ ਅਤੇ ਮੰਨਿਆ ਜਾ ਰਿਹਾ ਹੈ ਕਿ ਦੋਹਾਂ ਨੂੰ ਅਦਾਲਤੀ ਕਾਰਵਾਈ ਤੋਂ ਪਹਿਲਾਂ ਹੀ ਡਿਪੋਰਟ ਕੀਤਾ ਜਾ ਸਕਦਾ ਹੈ। ਦੂਜੇ ਪਾਸੇ ਪੁਲਿਸ ਦਾ ਕਹਿਣਾ ਹੈ ਕਿ ਕਿਸੇ ਵੀ ਮਾਮਲੇ 'ਚ ਗ੍ਰਿਫ਼ਤਾਰ ਸ਼ੱਕੀਆਂ ਨੂੰ ਉਦੋਂ ਤੱਕ ਬੇਕਸੂਰ ਮੰਨਿਆ ਜਾਂਦਾ ਹੈ, ਜਦੋਂ ਤੱਕ ਅਦਾਲਤ ਵਿਚ ਦੋਸ਼ ਸਾਬਤ ਨਾ ਹੋ ਜਾਣ। ਉਧਰ ਇੰਡਿਆਨਾ ਦੇ ਗਵਰਨਰ ਮਾਈਕ ਬਰੌਨ ਨੇ ਸਟੇਟ ਪੁਲਿਸ ਦੇ ਅਫ਼ਸਰਾਂ ਦੀ ਪਿੱਠ ਥਾਪੜਦਿਆਂ ਕਿਹਾ ਕਿ ਸੂਬੇ ਵਿਚ ਨਸ਼ਾ ਤਸਕਰਾਂ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਂਦਾ। ਪੁਲਿਸ ਵੱਲੋਂ ਕੋਕੀਨ ਦੇ ਸਰੋਤ ਬਾਰੇ ਵੀ ਪੜਤਾਲ ਕੀਤੀ ਜਾ ਰਹੀ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਹੋਰ ਗ੍ਰਿਫ਼ਤਾਰੀਆਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

■ ਬਾਕੀ ਖਬਰ ਸਫਾ 16 'ਤੇ

## ਜਥੇ ਨਾਲ ਪਾਕਿਸਤਾਨ ਭੱਜੀ ਸਰਬਜੀਤ ਦੀ ਨਹੀਂ ਹੋਈ ਭਾਰਤ ਵਾਪਸੀ !




**ਚੰਡੀਗੜ੍ਹ, (ਪੰਜਾਬ ਮੇਲ)-** ਭਾਰਤ ਤੋਂ ਪਾਕਿਸਤਾਨ ਦੇ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਜਾਣ ਵਾਲੇ ਸ਼ਰਧਾਲੂਆਂ ਦੇ ਜਥੇ ਵਿਚ ਸ਼ਾਮਲ ਹੋ ਕੇ ਪਾਕਿਸਤਾਨ ਪੁੱਜੀ ਭਾਰਤੀ ਮਹਿਲਾ ਸਰਬਜੀਤ ਕੌਰ ਨੂੰ ਬੀਤੇ ਦਿਨੀਂ ਪਾਕਿਸਤਾਨ ਵਿਚ ਗ੍ਰਿਫਤਾਰ ਕਰ ਲਿਆ ਗਿਆ ਸੀ ਤੇ ਪਾਕਿਸਤਾਨ ਵਲੋਂ ਉਸ ਨੂੰ ਭਾਰਤ ਨੂੰ ਸੌਂਪਣ ਲਈ ਸਰਹੱਦ 'ਤੇ ਕਾਗਜ਼ੀ ਕਾਰਵਾਈ ਕੀਤੀ ਜਾ ਰਹੀ ਸੀ। ਉਸ ਨੂੰ ਅਟਾਰੀ ਵਾਹਗਾ ਸਰਹੱਦ ਰਸਤੇ ਰਾਹੀਂ ਭਾਰਤ ਲਿਆਂਦਾ ਜਾਣਾ ਸੀ। ਭਾਰਤੀ ਏਜੰਸੀਆਂ ਸਰਹੱਦ 'ਤੇ ਉਸ ਦੀ ਉਡੀਕ ਕਰ ਰਹੀਆਂ ਸਨ, ਪਰ ਪਾਕਿਸਤਾਨੀ ਗ੍ਰਹਿ ਮੰਤਰਾਲੇ ਦੀ ਰੋਕ ਕਾਰਨ ਹੁਣ ਅਗਲੀ ਤਰੀਕ ਦਾ ਇੰਤਜ਼ਾਰ ਕਰਨਾ ਪਵੇਗਾ।

ਦੱਸਣਯੋਗ ਹੈ ਕਿ ਕਪੂਰਥਲਾ ਦੀ ਰਹਿਣ ਵਾਲੀ 52 ਸਾਲਾ ਸਰਬਜੀਤ 4 ਨਵੰਬਰ ਨੂੰ 1,900 ਤੋਂ ਵੱਧ ਸਿੱਖ ਸ਼ਰਧਾਲੂਆਂ ਨਾਲ ਵਾਹਗਾ-ਅਟਾਰੀ ਸਰਹੱਦ ਪਾਰ ਕਰਕੇ ਪਾਕਿਸਤਾਨ ਗਈ ਸੀ। ਇਹ ਜਥਾ 10 ਦਿਨਾਂ ਦੇ ਦੌਰੇ ਤੋਂ ਬਾਅਦ 13 ਨਵੰਬਰ ਨੂੰ ਭਾਰਤ ਪਰਤਿਆ ਸੀ, ਪਰ ਸਰਬਜੀਤ ਕੌਰ ਉਨ੍ਹਾਂ ਦੇ ਨਾਲ ਵਾਪਸ ਨਹੀਂ ਆਈ।

ਇਸ ਤੋਂ ਬਾਅਦ ਸਰਬਜੀਤ ਕੌਰ ਨੇ ਪਾਕਿਸਤਾਨ ਵਿਚ ਇਕ ਵਿਅਕਤੀ ਨਾਸਿਰ ਹੁਸੈਨ ਨਾਲ ਨਿਕਾਹ ਕਰ ਲਿਆ ਸੀ। ਉਸ ਨੇ ਨਾਸਿਰ ਹੁਸੈਨ ਨਾਲ ਨਿਕਾਹ ਕਰਨ ਤੋਂ ਪਹਿਲਾਂ ਧਰਮ ਬਦਲ ਲਿਆ ਸੀ ਤੇ ਉਹ ਸਰਬਜੀਤ ਕੌਰ ਤੋਂ ਨੂਰ ਹੁਸੈਨ ਬਣ ਗਈ ਸੀ। ਵਾਇਰਲ ਹੋਏ ਇੱਕ ਉਰਦੂ ਨਿਕਾਹਨਾਮੇ ਵਿਚ ਕਿਹਾ ਗਿਆ ਹੈ ਕਿ ਉਸ ਨੇ ਇਸਲਾਮ ਕਬੂਲ ਕਰਨ ਤੋਂ ਬਾਅਦ ਲਾਹੌਰ ਤੋਂ ਲਗਪਗ 56 ਕਿਲੋਮੀਟਰ ਦੂਰ ਸ਼ੇਖੂਪੁਰਾ ਦੇ ਰਹਿਣ ਵਾਲੇ ਨਾਸਿਰ ਹੁਸੈਨ ਨਾਲ ਵਿਆਹ ਕਰਵਾ ਲਿਆ। ਜ਼ਿਕਰਯੋਗ ਹੈ ਕਿ ਪਹਿਲਾਂ ਪਾਕਿ ਸਰਕਾਰ ਵੱਲੋਂ ਕਿਹਾ ਗਿਆ ਸੀ ਕਿ ਸਰਬਜੀਤ ਕੌਰ ਨੂੰ ਡਿਪੋਰਟ ਕਰਕੇ ਭਾਰਤ ਭੇਜ ਦਿੱਤਾ ਜਾਵੇਗਾ। ਪਰ ਹਾਲੇ ਤੱਕ ਸਰਬਜੀਤ ਕੌਰ ਬਾਰੇ ਕੋਈ ਪੁਖਤਾ ਜਾਣਕਾਰੀ ਸਾਹਮਣੇ ਨਹੀਂ ਆਈ। ਸਰਬਜੀਤ ਨੂੰ ਪਾਕਿ ਗਏ ਜੱਥੇ ਨਾਲ ਭਾਰਤ ਵਾਪਸ ਭੇਜਿਆ ਜਾਣਾ ਸੀ।

## ਸਿੱਖ ਵਿਰੋਧੀ ਮਾਨਸਿਕਤਾ ਦੇ ਦੋਸ਼ ਹੇਠ ਭਗਵੰਤ ਮਾਨ ਅਕਾਲ ਤਖਤ ਸਕੱਤਰੇਤ 'ਤੇ ਤਲਬ

■ **15 ਜਨਵਰੀ ਨੂੰ ਸੱਦਿਆ; ਬਰਗਾੜੀ ਬੇਅਦਬੀ ਮਾਮਲੇ ਤੇ ਮੌੜ ਅੱਤਵਾਦੀ ਹਮਲੇ 'ਚ ਕਾਰਵਾਈ ਬਾਰੇ ਵੀ ਸਫਾਈ ਮੰਗੀ**

**ਅੰਮ੍ਰਿਤਸਰ, (ਪੰਜਾਬ ਮੇਲ)-** ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਕਰਨ ਦੇ ਦੋਸ਼ ਹੇਠ 15 ਜਨਵਰੀ ਨੂੰ ਅਕਾਲ ਤਖ਼ਤ ਸਕੱਤਰੇਤ 'ਚ ਤਲਬ ਕੀਤਾ ਹੈ। ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਨੇ ਇਸ ਸਬੰਧੀ ਮੁੱਖ ਮੰਤਰੀ ਦੇ ਨਾਮ ਪੱਤਰ ਭੇਜ ਦਿੱਤਾ ਹੈ। ਪੱਤਰ ਵਿਚ ਦੋਸ਼ ਲਾਇਆ ਗਿਆ ਹੈ ਕਿ ਉਨ੍ਹਾਂ ਅਕਾਲ ਤਖ਼ਤ ਦੀ ਸਰਵਉੱਚਤਾ, ਮਾਣ ਮਰਿਆਦਾ ਅਤੇ ਗੁਰੂ ਦੀ ਗੋਲਕ ਵਿਰੁੱਧ ਇਤਰਾਜ਼ਯੋਗ ਟਿੱਪਣੀਆਂ ਕਰ ਕੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਦੇ ਕੁਝ ਵੀਡੀਓ ਵੀ ਸਾਹਮਣੇ ਆਏ ਹਨ,



ਅੰਮ੍ਰਿਤਸਰ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਸੰਬੋਧਨ ਕਰਦੇ ਹੋਏ।

■ ਬਾਕੀ ਖਬਰ ਸਫਾ 16 'ਤੇ

### ਅਕਾਲ ਤਖ਼ਤ 'ਤੇ ਨਿਮਾਣੇ ਸਿੱਖ ਵਜੋਂ ਪੇਸ਼ ਹੋਵਾਂਗਾ: ਮੁੱਖ ਮੰਤਰੀ

**ਚੰਡੀਗੜ੍ਹ, (ਪੰਜਾਬ ਮੇਲ)-** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ 15 ਜਨਵਰੀ ਨੂੰ ਅਕਾਲ ਤਖ਼ਤ ਸਾਹਿਬ 'ਤੇ ਇੱਕ ਨਿਮਾਣੇ ਸਿੱਖ ਵਜੋਂ ਪੇਸ਼ ਹੋਣਗੇ। ਅਕਾਲ ਤਖ਼ਤ ਸਾਹਿਬ ਤੋਂ ਆਇਆ ਹਰ ਹੁਕਮ ਸਿਰ ਮੱਥੇ ਹੈ ਅਤੇ ਉਹ ਨੰਗੇ ਪੈਰ ਚੱਲ ਕੇ ਉਥੇ ਹਾਜ਼ਰ ਹੋਣਗੇ। ਉਨ੍ਹਾਂ 'ਐਕਸ' 'ਤੇ ਕਿਹਾ ਕਿ 15 ਜਨਵਰੀ ਨੂੰ ਰਾਸ਼ਟਰਪਤੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਸਾਹਿਬ ਵਿਖੇ ਕਾਨਫ਼ਰੰਸ 'ਚ ਹਿੱਸਾ ਲੈਣ ਲਈ ਆ ਰਹੇ ਹਨ ਪਰ ਉਨ੍ਹਾਂ ਲਈ ਅਕਾਲ ਤਖ਼ਤ ਸਾਹਿਬ ਸਰਬਉੱਚ ਹੈ ਅਤੇ ਉਹ ਉਥੇ ਹੀ ਜਾਣਗੇ।

# 328 ਪਾਵਨ ਸਰੂਪਾਂ ਦਾ ਮਾਮਲਾ: ਐੱਸ.ਜੀ.ਪੀ.ਸੀ. ਵੱਲੋਂ ਪੁਲਿਸ ਦਾ ਸਹਿਯੋਗ ਨਾ ਕਰਨ ਦਾ ਐਲਾਨ

**ਅੰਮ੍ਰਿਤਸਰ/ਜੈਤੋਂ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਪੱਸ਼ਟ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਪੁਲਿਸ ਪ੍ਰਸ਼ਾਸਨ ਨੂੰ ਕਿਸੇ ਤਰ੍ਹਾਂ ਦਾ ਸਹਿਯੋਗ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਕੋਈ ਰਿਕਾਰਡ ਮੁਹੱਈਆ ਕਰਵਾਇਆ ਜਾਵੇਗਾ। ਇੱਥੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਦੀ ਅਗਵਾਈ ਵਿਚ ਹੋਈ ਅਧਿਕਾਰੀਆਂ ਦੀ ਮੀਟਿੰਗ ਮਗਰੋਂ ਜਾਰੀ ਬਿਆਨ 'ਚ ਸਮੁੱਚੇ ਮਾਮਲੇ 'ਤੇ ਸਿੱਖ ਸੰਸਥਾ ਦਾ ਪੱਖ ਸਪੱਸ਼ਟ ਕਰਦਿਆਂ ਕਿਹਾ ਗਿਆ ਕਿ ਜਿਹੜੇ ਇਸ ਮਾਮਲੇ ਵਿਚ ਦੋਸ਼ੀ ਮੁਲਾਜ਼ਮ ਸਨ, ਉਨ੍ਹਾਂ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਾਂਚ ਰਿਪੋਰਟ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਕਾਰਵਾਈ ਮੁਕੰਮਲ ਕੀਤੀ ਜਾ ਚੁੱਕੀ ਹੈ। ਇਸ ਮਾਮਲੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਆਦੇਸ਼ ਸਿੱਖ ਸੰਸਥਾ ਲਈ ਅੰਤਮ ਹੈ, ਜਿਸ ਅਨੁਸਾਰ ਸਰਕਾਰ ਨੂੰ ਕੋਈ ਸਹਿਯੋਗ ਨਹੀਂ ਦਿੱਤਾ ਜਾ ਸਕਦਾ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਭੇਟਾ ਨਿੱਜੀ ਹਿੱਤਾਂ ਲਈ ਵਰਤਣ ਅਤੇ ਰਿਕਾਰਡ ਵਿਚ ਹੇਰ-ਫੇਰ ਕਰਨ ਵਾਲੇ ਸਿੱਧੇ ਤੌਰ 'ਤੇ ਤਿੰਨ ਮੁਲਾਜ਼ਮ ਕੰਵਲਜੀਤ ਸਿੰਘ, ਬਾਜ ਸਿੰਘ ਤੇ ਦਲਬੀਰ ਸਿੰਘ ਸਨ। ਇਨ੍ਹਾਂ ਨੇ



ਆਪਣੀ ਲਾਲਸਾ ਖ਼ਾਤਿਰ ਸ਼੍ਰੋਮਣੀ ਕਮੇਟੀ ਦੇ ਸਮੁੱਚੇ ਪ੍ਰਬੰਧ ਨੂੰ ਹੀ ਬਦਨਾਮ ਕੀਤਾ। ਸ਼੍ਰੋਮਣੀ ਕਮੇਟੀ ਦੇ ਵਿਧਾਨ ਅਨੁਸਾਰ ਜਦੋਂ ਸ਼ਰਧਾਲੂ ਜਾਂ ਗੁਰਦੁਆਰਾ ਕਮੇਟੀਆਂ ਪਾਵਨ ਸਰੂਪਾਂ ਦੀ ਮੰਗ ਕਰਦੇ ਹਨ, ਤਾਂ ਨਿਯਮਾਂ ਅਨੁਸਾਰ ਪ੍ਰਚਾਰਕ ਦੀ ਪੜਤਾਲ ਰਿਪੋਰਟ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸਿਫਾਰਸ਼ ਬਾਅਦ ਸਕੱਤਰ ਪੱਧਰ ਦੇ ਅਧਿਕਾਰੀ ਵੱਲੋਂ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸ ਬਾਅਦ ਪਾਵਨ ਸਰੂਪ ਦੇਣ ਸਮੇਂ ਭੇਟਾ ਜਮ੍ਹਾਂ ਕਰਕੇ ਰਸੀਦ ਕੱਟੀ ਜਾਂਦੀ ਹੈ ਅਤੇ ਉਸ ਨੂੰ ਰਿਕਾਰਡ ਵਿਚ ਦਰਜ ਕੀਤਾ ਜਾਂਦਾ ਹੈ। ਇਸ ਪ੍ਰਕਿਰਿਆ ਨੂੰ ਨਜ਼ਰਅੰਦਾਜ਼ ਕਰਕੇ ਇਹ ਜ਼ਿੰਮੇਵਾਰੀ ਪਬਲੀਕੇਸ਼ਨ ਵਿਭਾਗ ਵਿਖੇ ਤਾਇਨਾਤ ਤਤਕਾਲੀ ਮੁਲਾਜ਼ਮਾਂ ਨੇ ਨਹੀਂ ਨਿਭਾਈ। ਇਸ ਤਰ੍ਹਾਂ ਉਹ ਸਿੱਧੇ ਤੌਰ 'ਤੇ ਦੋਸ਼ੀ ਹੋਣ ਕਰਕੇ ਹੀ ਉਨ੍ਹਾਂ ਉੱਪਰ ਸਖ਼ਤ ਕਾਰਵਾਈ ਕੀਤੀ ਗਈ ਅਤੇ ਇਸ ਦੇ ਨਾਲ ਹੀ ਕਈ ਵੱਡੇ ਅਧਿਕਾਰੀਆਂ ਨੂੰ ਪ੍ਰਬੰਧਕੀ ਤੌਰ 'ਤੇ ਕਾਰਵਾਈ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਸਿੱਖ ਗੁਰਦੁਆਰਾ ਐਕਟ ਦੀ ਭਾਵਨਾ ਅਨੁਸਾਰ ਕਾਰਜ ਕਰਦੀ ਹੈ ਅਤੇ ਇਸ ਦੌਰਾਨ ਕੰਮ ਕਰਨ ਵਾਲੇ ਹਰ ਮੁਲਾਜ਼ਮ ਦੀ ਆਪਣੀ ਨਿਰਧਾਰਤ ਜ਼ਿੰਮੇਵਾਰੀ ਹੈ। ਜੇਕਰ ਉਸ ਵਿਚ ਕੋਈ ਅਵੱਗਿਆ ਕਰਦਾ ਹੈ, ਤਾਂ ਉਸ ਖਿਲਾਫ਼ ਸਰਵਿਸ ਨਿਯਮਾਂ ਅਨੁਸਾਰ ਵਿਭਾਗੀ ਕਾਰਵਾਈ ਕਰਨੀ ਸੰਸਥਾ ਦਾ ਆਪਣਾ ਅਧਿਕਾਰ ਹੈ।

ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਪੰਜਾਬ ਸਰਕਾਰ ਚਲਾ ਰਹੀ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਕੀਤੀ ਜਾ ਰਹੀ ਨਿਰਆਧਾਰ ਬਿਆਨਬਾਜ਼ੀ ਨੂੰ ਵੀ ਸਿੱਖ ਸੰਸਥਾ ਨੂੰ ਜਾਣਬੁੱਝ ਕੇ ਬਦਨਾਮ ਕਰਨ ਵਾਲੀ ਹਰਕਤ ਕਰਾਰ ਦਿੱਤਾ। ਪ੍ਰਤਾਪ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪੂਰੀ ਸਿੱਖ ਕੌਮ ਦੀ ਆਪਣੀ ਹੈ, ਜਿਸ ਪ੍ਰਤੀ ਝੂਠਾ ਪ੍ਰਾਪੇਗੰਡਾ ਸਿੱਖਾਂ ਦੀ ਇਕ ਮਾਣਮਤੀ ਸੰਸਥਾ ਨੂੰ ਸੱਟ ਮਾਰਨ ਵਾਲਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਆਗੂ ਸ਼੍ਰੀ ਬਲਤੇਜ ਪੰਨੂ ਵੱਲੋਂ ਮੀਡੀਆ ਨਾਲ ਗੱਲ ਕਰਦਿਆਂ ਇਹ ਖਿਆਲ ਨਹੀਂ ਰੱਖਿਆ ਜਾ ਰਿਹਾ ਕਿ ਉਨ੍ਹਾਂ ਦੇ ਸ਼ਬਦ ਕਿਸੇ ਵੀ ਤਰ੍ਹਾਂ ਤਰਕਸੰਗਤ ਨਹੀਂ ਹਨ। ਮਨਮਰਜ਼ੀ ਦੀ ਬਿਆਨਬਾਜ਼ੀ ਨਾਲ ਸਿੱਖ ਸੰਸਥਾ ਦੀਆਂ ਪ੍ਰੰਪਰਾਵਾਂ ਅਤੇ ਆਭਾ ਨੂੰ ਭਾਰੀ ਢਾਹ ਲਗਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸੰਗਤ ਨੂੰ ਨਿਰਧਾਰਤ ਨਿਯਮਾਂ ਅਨੁਸਾਰ ਦਿੱਤੇ ਜਾਂਦੇ ਹਨ। ਆਪ ਆਗੂ ਵੱਲੋਂ ਇਹ ਕਹਿਣਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਪਾਸ ਪਾਵਨ ਸਰੂਪਾਂ ਦੇ ਸਬੰਧ ਵਿਚ ਇਕ ਡਾਇਰੀ ਹੈ, ਜੋ ਸੰਗਤਾਂ ਵਿਚ ਭੁਲੇਖਾ ਪੈਦਾ ਕਰਨ ਵਾਲੀ ਗੱਲ ਹੈ। ਅਜਿਹਾ ਕੋਈ ਵੀ ਵਿਧਾਨ ਨਹੀਂ ਹੈ, ਜਿਸ ਤਰ੍ਹਾਂ ਡਾਇਰੀ ਆਦਿ ਬਾਰੇ ਪ੍ਰਚਾਰ ਕੀਤਾ ਜਾ ਰਿਹਾ ਹੈ।

ਵੱਖ-ਵੱਖ ਸਮੇਂ 'ਤੇ ਪਬਲੀਕੇਸ਼ਨ ਵਿਭਾਗ ਵਿਖੇ ਬਤੌਰ ਇੰਚਾਰਜ ਅਤੇ ਮੀਤ ਸਕੱਤਰ ਸੇਵਾ ਨਿਭਾਉਣ ਵਾਲੇ ਗੁਰਿੰਦਰ ਸਿੰਘ, ਸ. ਗੁਰਨਾਮ ਸਿੰਘ ਅਤੇ ਮਨਜੀਤ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਪਾਵਨ ਸਰੂਪ ਦੇਣ ਲਈ ਡਾਇਰੀ ਜਾਂ ਪਰਚੀ ਦੀ ਕੋਈ ਵੀ ਵਿਵਸਥਾ ਨਹੀਂ ਹੈ। ਪਾਵਨ ਸਰੂਪਾਂ ਦੀ ਲਿਖਾਪੜ੍ਹੀ ਵਿਭਾਗੀ ਲੈਜਰਾਂ ਵਿਚ ਹੀ ਕੀਤੀ ਜਾਂਦੀ ਹੈ ਅਤੇ ਭੇਟਾ ਦੀ ਰਸੀਦ ਕੱਟੀ ਜਾਂਦੀ ਹੈ।

ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਅਪੀਲ ਕੀਤੀ ਕਿ ਸ਼੍ਰੋਮਣੀ ਕਮੇਟੀ ਨੂੰ ਸਰਕਾਰ ਸਿੱਧੇ ਤੌਰ 'ਤੇ ਨਿਸ਼ਾਨੇ 'ਤੇ ਲੈਣ ਤੋਂ ਗੁਰੇਜ ਕਰੇ ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕਰਵਾਈ ਗਈ ਜਾਂਚ ਅਨੁਸਾਰ ਇਸ ਸੰਜੀਦਾ ਮਾਮਲੇ 'ਤੇ ਸਿੱਖ ਸੰਸਥਾ ਵੱਲੋਂ ਆਪਣੀ ਕਾਰਵਾਈ ਕਰਨ ਮੌਕੇ ਕੋਈ ਢਿੱਲ ਨਹੀਂ ਵਰਤੀ ਗਈ। ਉਨ੍ਹਾਂ ਇਕ ਵਾਰ ਫਿਰ ਸਪੱਸ਼ਟ ਕੀਤਾ ਕਿ ਇਸ ਮਾਮਲੇ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਕੋਈ ਸਹਿਯੋਗ ਨਹੀਂ ਦਿੱਤਾ ਜਾ ਸਕਦਾ, ਜਿਸ ਬਾਰੇ ਸਰਕਾਰ ਨੂੰ ਸਮਝਣਾ ਚਾਹੀਦਾ ਹੈ।

# ਡੇਰਾ ਸੱਚਾ ਸੌਦਾ ਮੁਖੀ 15ਵੀਂ ਵਾਰ ਜੇਲ੍ਹ 'ਚੋਂ ਆਇਆ ਬਾਹਰ

**ਰੋਹਤਕ, (ਪੰਜਾਬ ਮੇਲ)-** ਜਬਰ-ਜ਼ਨਾਹ ਤੇ ਕਤਲ ਮਾਮਲੇ ਵਿਚ ਜੇਲ੍ਹ ਵਿਚ ਬੰਦ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਪੈਰੋਲ ਮਿਲਣ ਤੋਂ ਬਾਅਦ ਸੋਮਵਾਰ ਨੂੰ ਸੁਨਾਰੀਆ ਜੇਲ੍ਹ ਵਿਚੋਂ ਬਾਹਰ ਆ ਗਿਆ। ਉਸ ਨੂੰ ਸਿਰਸਾ ਦੇ ਡੇਰਾ ਹੈੱਡਕੁਆਰਟਰ ਵਿਚ ਰਹਿਣ ਲਈ 40 ਦਿਨਾਂ ਦੀ ਪੈਰੋਲ ਦਿੱਤੀ ਗਈ ਹੈ। ਰਾਮ ਰਹੀਮ ਸਵੇਰੇ 11:45 ਵਜੇ ਜੇਲ੍ਹ ਦੇ ਬਾਹਰ ਸਖ਼ਤ ਪੁਲਿਸ ਸੁਰੱਖਿਆ ਪ੍ਰਬੰਧਾਂ ਹੇਠ ਇਕ ਐੱਸ. ਯੂ. ਵੀ. ਵਿਚ ਜੇਲ੍ਹ ਵਿਚੋਂ ਬਾਹਰ ਆਇਆ।

ਉਸ ਨੂੰ ਡੇਰੇ ਦੇ ਦੂਜੇ ਗੁਰੂ ਸਤਨਾਮ ਸਿੰਘ ਦੇ ਜਨਮ ਦਿਨ ਤੋਂ ਪਹਿਲਾਂ ਪੈਰੋਲ ਦਿੱਤੀ ਗਈ ਹੈ। ਇਸ ਮੌਕੇ ਹਰ ਸਾਲ 25 ਜਨਵਰੀ ਨੂੰ ਸਿਰਸਾ ਦੇ ਡੇਰਾ ਹੈੱਡਕੁਆਰਟਰ ਵਿਚ ਸਮਾਗਮ ਕਰਵਾਇਆ ਜਾਂਦਾ ਹੈ। ਇਹ ਪਤਾ ਲੱਗਿਆ ਹੈ ਕਿ ਉਸ ਦੇ ਦੁਪਹਿਰ ਤਿੰਨ ਵਜੇ ਸਿਰਸਾ ਪੁੱਜਣ ਦੀ ਸੰਭਾਵਨਾ ਹੈ।

2017 ਵਿਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਇਹ ਜੇਲ੍ਹ ਤੋਂ ਉਸ ਦੀ 15ਵੀਂ ਰਿਹਾਈ ਹੈ। ਉਸ ਨੂੰ ਪਹਿਲੀ ਵਾਰ ਅਕਤੂਬਰ 2020 ਵਿਚ 21 ਦਿਨ ਦੀ ਪੈਰੋਲ ਮਿਲੀ ਸੀ। ਇਸ ਮਗਰੋਂ ਮਈ 2021 ਵਿਚ ਪੈਰੋਲ, ਫਰਵਰੀ 2022 ਵਿਚ 21 ਦਿਨ ਦੀ ਪੈਰੋਲ, ਜੂਨ 2022 ਵਿਚ 30 ਦਿਨ ਦੀ ਪੈਰੋਲ ਅਤੇ ਅਕਤੂਬਰ 2022 ਵਿਚ 40 ਦਿਨ ਦੀ ਪੈਰੋਲ ਦਿੱਤੀ ਗਈ ਸੀ। ਦੂਜੇ ਪਾਸੇ ਡੇਰਾ ਸਿਰਸਾ ਮੁਖੀ ਨੂੰ ਇਕ ਵਾਰ ਫਿਰ 40 ਦਿਨਾਂ ਦੀ ਪੈਰੋਲ ਮਿਲਣ 'ਤੇ ਸ਼੍ਰੋਮਣੀ

■ 40 ਦਿਨਾਂ ਦੀ ਮਿਲੀ ਪੈਰੋਲ



ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਤਰਾਜ਼ ਕੀਤਾ। ਉਨ੍ਹਾਂ ਕਿਹਾ ਕਿ ਜਿਹੜਾ ਦੋਸ਼ੀ ਗੰਭੀਰ ਦੋਸ਼ਾਂ ਤਹਿਤ ਸਜ਼ਾ ਕੱਟ ਰਿਹਾ ਹੈ ਅਤੇ ਸਿੱਖ ਕੌਮ ਵਿਰੋਧੀ ਕਾਰਵਾਈਆਂ ਦਾ ਵੀ ਦੋਸ਼ੀ ਹੈ, ਉਸ ਪ੍ਰਤੀ ਸਰਕਾਰਾਂ ਦੀ ਇਹ ਦਰਿਆਦਿਲੀ ਨਾ ਸਿਰਫ ਹੈਰਾਨੀਜਨਕ ਹੈ, ਸਗੋਂ ਇਹ ਲੋਕਤੰਤਰ ਅਤੇ ਇਨਸਾਫ ਪ੍ਰਣਾਲੀ ਦਾ ਵੀ ਮਖੌਲ ਉਡਾਉਣ ਦੇ ਬਰਾਬਰ ਹੈ। ਅਜਿਹੇ ਕਿਰਦਾਰ ਵਾਲਿਆਂ ਨੂੰ ਸਰਕਾਰਾਂ ਵੱਲੋਂ ਵਾਰ-ਵਾਰ ਵਿਸ਼ੇਸ਼ ਰਿਆਇਤਾਂ ਦੇਣਾ ਪੀੜਤ ਧਿਰਾਂ ਨਾਲ ਅਨਿਆਂ ਹੈ। ਇਸ ਨਾਲ ਨਿਆਂ ਪ੍ਰਣਾਲੀ ਦੀ ਭਰੋਸੇਯੋਗਤਾ 'ਤੇ ਵੀ ਸਵਾਲ ਉਠਦੇ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਜੇ ਸਰਕਾਰਾਂ ਨੇ ਸਿਰਫ਼ ਸਿਆਸੀ ਲਾਭ ਖੱਟਣ ਲਈ ਦੋਸ਼ੀਆਂ ਨੂੰ ਰਾਹਤ ਦੇਣ ਦਾ ਇਹ ਰੁਝਾਨ ਜਾਰੀ ਰੱਖਿਆ ਤਾਂ ਆਮ ਲੋਕਾਂ ਦਾ ਕਾਨੂੰਨ ਅਤੇ ਇਨਸਾਫ਼ ਪ੍ਰਣਾਲੀ ਤੋਂ ਭਰੋਸਾ ਉੱਠ ਜਾਵੇਗਾ।

# ਗੈਂਗਸਟਰਾਂ ਦੇ ਸਤਾਏ ਵਪਾਰੀ ਨਿੱਜੀ ਸੁਰੱਖਿਆ ਗਾਰਡ ਰੱਖਣ ਲੱਗੇ

**ਤਰਨ ਤਾਰਨ, (ਪੰਜਾਬ ਮੇਲ)-** ਪੰਜਾਬ 'ਚ ਨਿੱਤ ਫਿਰੌਤੀ, ਲੁੱਟ-ਖੋਹ ਅਤੇ ਹੱਤਿਆਵਾਂ ਦੀਆਂ ਘਟਨਾਵਾਂ ਤੋਂ ਹੁਣ ਦੁਕਾਨਦਾਰ ਤੇ ਵਪਾਰੀ ਹੀ ਨਹੀਂ, ਸਗੋਂ ਆਮ ਲੋਕ ਵੀ ਪ੍ਰੇਸ਼ਾਨ ਹੋ ਚੁੱਕੇ ਹਨ। ਸਰਕਾਰ ਤੋਂ ਉਨ੍ਹਾਂ ਸੁਰੱਖਿਆ ਦੀ ਉਮੀਦ ਛੱਡ ਕੇ 'ਨਿੱਜੀ ਇੰਤਜ਼ਾਮ' ਕਰਨ ਨੂੰ ਤਰਜੀਹ ਦਿੱਤੀ ਹੈ। ਇਥੋਂ ਤੱਕ ਜੇ ਆਪਣੀ ਸੁਰੱਖਿਆ ਲਈ ਉਹ ਅਸਲਾ ਲਾਇਸੈਂਸ ਬਣਵਾਉਣ ਲਈ ਪ੍ਰਸ਼ਾਸਨ ਦੇ ਦਰ 'ਤੇ ਜਾਂਦੇ ਹਨ, ਤਾਂ ਸਿਵਾਏ 'ਪ੍ਰੇਸ਼ਾਨੀ' ਦੇ ਉਨ੍ਹਾਂ ਦੇ ਪੱਲੇ ਕੁਝ ਨਹੀਂ ਪੈਂਦਾ।

ਜ਼ਿਲ੍ਹੇ ਦੇ ਵਲਟੋਹਾ ਸੰਧੂਆਂ ਪਿੰਡ ਦੇ ਸਰਪੰਚ ਜਰਮਲ ਸਿੰਘ ਦੀ ਗੈਂਗਸਟਰਾਂ ਵਲੋਂ ਗੋਲੀਆਂ ਮਾਰ ਕੇ ਕੀਤੀ ਹੱਤਿਆ ਨੇ ਸਮੁੱਚੇ ਜ਼ਿਲ੍ਹੇ ਦੇ ਆਮ ਲੋਕਾਂ ਅਤੇ ਖਾਸ ਕਰਕੇ ਕਾਰੋਬਾਰੀਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ ਹੈ। ਜਰਮਲ ਸਿੰਘ ਨੂੰ ਗੈਂਗਸਟਰਾਂ ਵਲੋਂ ਲਗਾਤਾਰ ਧਮਕੀਆਂ ਮਿਲ ਰਹੀਆਂ ਸਨ, ਜਿਸ ਮਗਰੋਂ ਉਸ ਦੀ ਅੰਮ੍ਰਿਤਸਰ ਦੇ ਮੈਰੇਜ ਪੈਲੇਸ ਵਿਚ ਵਿਆਹ 'ਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਦੇ ਨਾਲ ਹੀ ਜ਼ਿਲ੍ਹੇ ਦਾ ਕੋਈ ਇਕ ਅੱਧਾ ਪਿੰਡ ਹੀ ਅਜਿਹਾ ਹੋਵੇਗਾ, ਜਿਸ ਦੇ ਸਰਦੇ-ਪੁੱਜਦੇ ਪਰਿਵਾਰਾਂ ਨੂੰ ਗੈਂਗਸਟਰਾਂ ਨੇ ਧਮਕੀ ਦੇ ਕੇ ਲੱਖਾਂ ਰੁਪਏ ਦੀ ਫ਼ਿਰੌਤੀ ਨਾ ਵਸੂਲੀ ਹੋਵੇ।

ਪੱਟੀ ਸ਼ਹਿਰ ਤੋਂ ਇਲਾਵਾ ਸਰਹੱਦੀ ਖੇਤਰ ਤੋਂ ਅਨੇਕਾਂ ਪਿੰਡਾਂ ਕਸਬਿਆਂ ਤੋਂ ਵੱਡੀ ਗਿਣਤੀ ਲੋਕ ਸੁਰੱਖਿਅਤ ਥਾਵਾਂ ਨੂੰ ਵੀ ਪਰਵਾਸ ਕਰ ਗਏ ਹਨ। ਤਿੰਨ ਸਾਲ ਪਹਿਲਾਂ ਚਿੱਟੇ ਦਿਨ ਕਸਬਾ ਚੋਹਲਾ ਸਾਹਿਬ ਦੇ ਦੁਕਾਨਦਾਰਾਂ 'ਤੇ ਗੋਲੀਆਂ ਚਲਾ ਦਿੱਤੀਆਂ ਗਈਆਂ ਸਨ ਅਤੇ ਇਸ ਘਟਨਾ ਤੋਂ ਬਾਅਦ ਲਗਾਤਾਰ ਕਸਬੇ ਦੇ ਕਾਰੋਬਾਰੀਆਂ ਤੋਂ ਫਿਰੌਤੀਆਂ ਦੇ ਨਾਂ 'ਤੇ ਲੱਖਾਂ ਰੁਪਏ ਦੀ ਮੰਗ ਕੀਤੀ ਜਾਣ ਲੱਗੀ। ਦੁਕਾਨਦਾਰਾਂ ਨੇ ਇਸ ਸਬੰਧੀ ਪੁਲਿਸ ਨੂੰ ਸੂਚਿਤ ਵੀ ਕੀਤਾ। ਚੋਹਲਾ ਸਾਹਿਬ ਕਸਬੇ ਅੰਦਰ ਤਾਂ ਲਖਬੀਰ ਸਿੰਘ ਲੰਡਾ ਸਮੇਤ ਹੋਰ ਗੈਂਗਸਟਰਾਂ ਵਲੋਂ ਇਲਾਕੇ ਅੰਦਰ ਸ਼ਰੇਆਮ ਵਾਰਦਾਤਾਂ ਕੀਤੀਆਂ ਜਾ ਰਹੀਆਂ ਹਨ। ਕਸਬੇ 'ਚ 400 ਦੇ ਕਰੀਬ ਦੁਕਾਨਦਾਰਾਂ ਨੇ ਪੁਲਿਸ ਤੋਂ ਕੋਈ ਉਮੀਦ ਛੱਡ ਕੇ ਬੀਤੇ ਕਈ ਸਾਲਾਂ ਤੋਂ ਆਪਣੀ ਸੁਰੱਖਿਆ ਲਈ ਗੰਨਮੈਨ ਰੱਖ ਲਏ ਹਨ, ਜਿਨ੍ਹਾਂ ਨੂੰ ਉਹ ਮਹੀਨੇ ਦਾ ਖੁਦ ਭੁਗਤਾਨ ਕਰਦੇ ਹਨ। ਕਸਬੇ ਦੇ ਦੁਕਾਨਦਾਰ ਲਖਵਿੰਦਰ ਪਾਲ, ਰਾਕੇਸ਼ ਕੁਮਾਰ ਸਮੇਤ ਹੋਰ ਕਈ ਦੁਕਾਨਦਾਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਗੈਂਗਸਟਰਾਂ ਵਲੋਂ ਫ਼ਿਰੌਤੀ ਲਈ ਧਮਕੀਆਂ ਮਿਲ ਚੁੱਕੀਆਂ ਹਨ।

ਉਨ੍ਹਾਂ ਪੁਲਿਸ ਨੂੰ ਜਾਣਕਾਰੀ ਵੀ ਦਿੱਤੀ ਹੈ। ਉਨ੍ਹਾਂ ਨੇ ਨਿਯਮਾਂ ਅਧੀਨ ਅਸਲੇ ਦੇ ਲਾਈਸੈਂਸ ਬਣਾਉਣ ਲਈ ਆਪਣੇ ਦਸਤਾਵੇਜ਼ ਲੋੜੀਂਦੀ ਕਾਰਵਾਈ ਕਰਨ ਉਪਰੰਤ ਫਾਈਲ 12 ਅਗਸਤ, 2024 ਦੀ ਡਿਪਟੀ ਕਮਿਸ਼ਨਰ ਦੇ ਦਫਤਰ ਜਮ੍ਹਾਂ ਕਾਰਵਾਈ ਹੋਈ ਹੈ। ਡਿਪਟੀ ਕਮਿਸ਼ਨਰ ਰਾਹੁਲ ਨੇ ਨਾ ਤਾਂ ਮੋਬਾਈਲ 'ਤੇ ਕਾਲ ਦਾ ਜਵਾਬ ਦਿੱਤਾ ਅਤੇ ਨਾ ਹੀ ਉਨ੍ਹਾਂ ਵੱਟਸਐਪ 'ਤੇ ਭੇਜੇ ਸੁਨੇਹੇ ਅਤੇ ਵਾਈਸ ਕਾਲ ਦਾ ਜਵਾਬ ਦਿੱਤਾ। ਇਹ ਵਰਤਾਰਾ ਇਕੱਲੇ ਚੋਹਲਾ ਸਾਹਿਬ ਦੇ ਹੀ ਦੁਕਾਨਦਾਰਾਂ ਦਾ ਨਹੀਂ, ਬਲਕਿ ਸਾਰੇ ਜ਼ਿਲ੍ਹੇ ਦੇ ਉਨ੍ਹਾਂ ਵਪਾਰੀਆਂ ਦਾ ਹੈ, ਜਿਹੜੇ ਆਪਣੀ ਸੁਰੱਖਿਆ ਲਈ ਅਸਲੇ ਦੇ ਲਾਇਸੈਂਸ ਬਣਾਉਣ ਲਈ ਸਾਲਾਂ ਤੋਂ ਚੱਕਰ ਮਾਰਦੇ ਆ ਰਹੇ ਹਨ।

# ਜ਼ਿਲ੍ਹਾ ਪ੍ਰੀਸ਼ਦ ਚੋਣ ਨਤੀਜਿਆਂ ਤੋਂ ਬਾਅਦ ਚੋਣ ਕਮਿਸ਼ਨ ਵੱਲੋਂ ਚੋਣਾਂ ਦੇ ਅੰਕੜੇ ਜਾਰੀ

## 'ਆਪ' ਨੂੰ 38 ਫ਼ੀਸਦੀ, ਕਾਂਗਰਸ ਨੂੰ 27.14 ਤੇ ਅਕਾਲੀ ਦਲ ਨੂੰ 22.52 ਫੀਸਦੀ ਵੋਟਾਂ ਪਈਆਂ

**ਚੰਡੀਗੜ੍ਹ, (ਪੰਜਾਬ ਮੇਲ)-** ਰਾਜ ਚੋਣ ਕਮਿਸ਼ਨ ਨੇ ਪੰਜਾਬ ਵਿਚ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਵੋਟ ਸ਼ੇਅਰ ਦੇ ਅੰਕੜੇ ਜਾਰੀ ਕੀਤੇ ਹਨ। ਇਨ੍ਹਾਂ ਅੰਕੜਿਆਂ ਮੁਤਾਬਕ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਨੇ 38.16 ਫੀਸਦੀ ਵੋਟਾਂ ਹਾਸਲ ਕਰ ਕੇ ਬਾਜ਼ੀ ਮਾਰੀ ਹੈ। ਦੂਜੇ ਪਾਸੇ ਕਾਂਗਰਸ ਨੂੰ 27.14 ਫੀਸਦੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ 22.52 ਫੀਸਦੀ ਵੋਟਾਂ ਮਿਲੀਆਂ ਹਨ।

ਚੋਣ ਕਮਿਸ਼ਨ ਵੱਲੋਂ ਪਹਿਲੀ ਜਨਵਰੀ ਨੂੰ ਜਾਰੀ ਵੇਰਵਿਆਂ ਮੁਤਾਬਕ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਕੁੱਲ 58.09 ਲੱਖ ਯੋਗ ਵੋਟਾਂ ਦੀ ਗਿਣਤੀ ਹੋਈ। ਇਨ੍ਹਾਂ 'ਚੋਂ 'ਆਪ' ਨੂੰ 22.17 ਲੱਖ ਅਤੇ ਕਾਂਗਰਸ ਨੂੰ 15.77 ਲੱਖ ਵੋਟਾਂ ਪ੍ਰਾਪਤ ਹੋਈਆਂ। ਭਾਜਪਾ ਨੂੰ 6.39 ਫੀਸਦੀ ਅਤੇ ਬਸਪਾ ਨੂੰ 1.46 ਫੀਸਦੀ ਵੋਟਾਂ ਮਿਲੀਆਂ। ਆਜ਼ਾਦ ਉਮੀਦਵਾਰਾਂ ਦੇ ਹਿੱਸੇ 3.68 ਫੀਸਦੀ ਵੋਟਾਂ ਆਈਆਂ; 0.62 ਫੀਸਦੀ ਵੋਟਰਾਂ ਨੇ 'ਨੋਟਾ' ਦਾ ਬਟਨ ਦਬਾਇਆ।

ਹਾਕਮ ਧਿਰ ਨੂੰ ਜਿੱਥੇ 38.16 ਫ਼ੀਸਦੀ ਵੋਟਾਂ ਮਿਲੀਆਂ, ਉਥੇ ਹੀ ਸਾਰੀਆਂ ਵਿਰੋਧੀ ਧਿਰਾਂ ਨੂੰ ਕੁੱਲ 61.19 ਫ਼ੀਸਦੀ ਵੋਟਾਂ ਪਈਆਂ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਵੋਟ ਪ੍ਰਤੀਸ਼ਤਤਾ ਇਕੱਠੀ ਕਰਕੇ ਦੇਖੀਏ, ਤਾਂ 28.91 ਫ਼ੀਸਦੀ ਬਣਦਾ ਹੈ, ਜੋ ਕਾਂਗਰਸ ਤੋਂ ਮਾਮੂਲੀ ਵੱਧ ਹੈ।

RESIDENTIAL, COMMERCIAL AND SOLAR FARMS
with Singhsloar High performance Bifacial Smart Panels
ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ


ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ
ਸਿਰਫ਼ ਇਕ ਕਾਲ - ਵੱਡੀ ਬੱਚਤ
510-706-1300
singhsolarusa@gmail.com

# ਟਰੰਪ ਪ੍ਰਸ਼ਾਸਨ ਵੱਲੋਂ ਕੈਲੀਫ਼ੋਰਨੀਆ ਦੇ 2 ਸ਼ਹਿਰਾਂ ਖਿਲਾਫ਼ ਮੁਕੱਦਮਾ ਦਰਜ



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਨੇ ਕੈਲੀਫ਼ੋਰਨੀਆ ਦੇ ਦੋ ਸ਼ਹਿਰਾਂ ਖ਼ਿਲਾਫ਼ ਮੁਕੱਦਮਾ ਦਰਜ ਕੀਤਾ। ਇਸ ਮੁਕੱਦਮੇ ਦਾ ਉਦੇਸ਼ ਉਨ੍ਹਾਂ ਸਥਾਨਕ ਕਾਨੂੰਨਾਂ ਨੂੰ ਰੋਕਣਾ ਹੈ, ਜੋ ਨਵੀਂ ਉਸਾਰੀ ਵਿਚ ਨੈਚੁਰਲ ਗੈਸ (ਕੁਦਰਤੀ ਗੈਸ) ਦੇ ਬੁਨਿਆਦੀ ਢਾਂਚੇ ਅਤੇ ਉਪਕਰਨਾਂ ਦੀ ਵਰਤੋਂ ਨੂੰ ਸੀਮਤ ਕਰਦੇ ਹਨ।

ਇਹ ਮੁਕੱਦਮਾ ਟਰੰਪ ਪ੍ਰਸ਼ਾਸਨ ਵੱਲੋਂ ਊਰਜਾ ਨੀਤੀਆਂ ਖ਼ਿਲਾਫ਼ ਤਾਜ਼ਾ ਹਮਲਾ ਹੈ, ਜੋ ਜਲਵਾਯੂ ਪਰਿਵਰਤਨ ਨਾਲ ਨਜਿੱਠਣ ਲਈ ਫਾਸਿਲ ਫਿਊਲ ਦੀ ਵਰਤੋਂ ਘਟਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਕੈਲੀਫ਼ੋਰਨੀਆ, ਜੋ ਡੈਮੋਕ੍ਰੈਟਿਕ ਪਾਰਟੀ ਦਾ ਗੜ੍ਹ ਮੰਨਿਆ ਜਾਂਦਾ ਹੈ, ਵਿਚ ਜਲਵਾਯੂ ਪਰਿਵਰਤਨ ਨੂੰ ਲੈ ਕੇ ਦੁਨੀਆਂ ਦੀਆਂ ਸਭ ਤੋਂ ਸਖ਼ਤ ਨੀਤੀਆਂ ਲਾਗੂ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਸਮੇਤ ਰਿਪਬਲਿਕਨ ਨੇਤਾ, ਕਈ ਸਾਲਾਂ ਤੋਂ ਡੈਮੋਕ੍ਰੈਟਿਕ ਪਾਰਟੀ ਵੱਲੋਂ ਚਲਾਏ ਜਾ ਰਹੇ ਉਨ੍ਹਾਂ ਸਥਾਨਕ ਯਤਨਾਂ ਦੀ ਆਲੋਚਨਾ ਕਰਦੇ ਆ ਰਹੇ ਹਨ, ਜੋ ਗੈਸ ਨਾਲ ਚੱਲਣ ਵਾਲੇ ਉਪਕਰਨਾਂ 'ਤੇ ਰੋਕ ਲਗਾਉਣ ਦੀ ਕੋਸ਼ਿਸ਼ ਕਰਦੇ ਹਨ।

ਅਮਰੀਕੀ ਨਿਆਂ ਵਿਭਾਗ ਦੇ ਵਕੀਲਾਂ ਨੇ ਕੈਲੀਫੋਰਨੀਆ ਦੇ ਉੱਤਰੀ ਜ਼ਿਲ੍ਹੇ ਦੀ ਅਦਾਲਤ ਵਿਚ ਸ਼ਿਕਾਇਤ ਦਰਜ ਕਰਵਾਈ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਮੋਰਗਨ ਹਿੱਲ ਅਤੇ ਪੇਟਾਲੁਮਾ ਸ਼ਹਿਰਾਂ ਦੁਆਰਾ 2019 ਤੋਂ ਬਾਅਦ ਪਾਸ ਕੀਤੇ ਗਏ ਆਰਡੀਨੈਂਸ 1975 ਦੇ ਇੱਕ ਸੰਘੀ ਕਾਨੂੰਨ ਦੀ ਉਲੰਘਣਾ ਕਰਦੇ ਹਨ। ਇਹ ਕਾਨੂੰਨ ਰਾਜਾਂ ਅਤੇ ਸ਼ਹਿਰਾਂ ਨੂੰ ਉਨ੍ਹਾਂ ਉਤਪਾਦਾਂ ਦੀ "ਊਰਜਾ ਵਰਤੋਂ" ਨੂੰ ਨਿਯੰਤਰਿਤ ਕਰਨ ਤੋਂ ਰੋਕਦਾ ਹੈ, ਜੋ ਸੰਘੀ ਮਾਪਦੰਡਾਂ ਦੇ ਅਧੀਨ ਆਉਂਦੇ ਹਨ।

ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ, "ਨੈਚੁਰਲ ਗੈਸ 'ਤੇ ਪਾਬੰਦੀ ਨਾ ਸਿਰਫ਼ ਕੈਲੀਫੋਰਨੀਆ ਦੇ ਨਿਵਾਸੀਆਂ 'ਤੇ ਭਾਰੀ ਆਰਥਿਕ ਬੋਝ ਪਾਉਂਦੀ ਹੈ, ਸਗੋਂ ਇਹ ਗੈਰ-ਕਾਨੂੰਨੀ ਵੀ ਹੈ।"

2019 ਤੋਂ ਲੈ ਕੇ ਹੁਣ ਤੱਕ ਅਮਰੀਕਾ ਦੀਆਂ ਦਰਜਨਾਂ ਨਗਰਪਾਲਿਕਾਵਾਂ ਨੇ ਨੈਚੂਰਲ ਗੈਸ ਦੇ ਕਨੈਕਸ਼ਨਾਂ ਨੂੰ ਰੋਕਣ ਵਾਲੇ ਕਾਨੂੰਨ ਬਣਾਏ ਹਨ। ਹਾਲਾਂਕਿ, 2023 ਵਿਚ ਇੱਕ ਸੰਘੀ ਅਪੀਲ ਅਦਾਲਤ ਨੇ ਫੈਸਲਾ ਸੁਣਾਇਆ ਸੀ ਕਿ ਕੈਲੀਫੋਰਨੀਆ ਦਾ ਬਰਕਲੇ ਸ਼ਹਿਰ ਆਪਣੀ 2019 ਦੀ ਗੈਸ ਪਾਬੰਦੀ ਨੂੰ ਲਾਗੂ ਨਹੀਂ ਕਰ ਸਕਦਾ।

## ਟਰੰਪ ਵੱਲੋਂ ਅਮਰੀਕਾ 'ਚ ਲਾਭ ਪ੍ਰਾਪਤ ਕਰਨ ਵਾਲੇ ਪ੍ਰਵਾਸੀਆਂ ਦੇ ਦੇਸ਼ਾਂ ਦੀ ਸੂਚੀ ਜਾਰੀ

**ਵਾਸ਼ਿੰਗਟਨ, (ਪੰਜਾਬ ਮੇਲ)-**ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਨੂੰ ਪਾਕਿਸਤਾਨ, ਭੂਟਾਨ, ਚੀਨ, ਬੰਗਲਾਦੇਸ਼ ਤੇ ਨੇਪਾਲ ਸਮੇਤ ਕਈ ਦੇਸ਼ਾਂ ਦੀ ਸੂਚੀ ਜਾਰੀ ਕੀਤੀ, ਜਿਸ 'ਚ ਇਨ੍ਹਾਂ ਦੇਸ਼ਾਂ ਦੇ ਪ੍ਰਵਾਸੀਆਂ ਵੱਲੋਂ ਪ੍ਰਾਪਤ ਭਲਾਈ ਤੇ ਸਹਾਇਤਾ ਦੀਆਂ ਦਰਾਂ ਨੂੰ ਉਜਾਗਰ ਕੀਤਾ ਗਿਆ ਹੈ। ਹਾਲਾਂਕਿ, ਭਾਰਤ ਇਸ ਸੂਚੀ 'ਚ ਸ਼ਾਮਲ ਨਹੀਂ ਹੈ। 'ਮੂਲ ਦੇਸ਼ ਵੱਲੋਂ ਪ੍ਰਵਾਸੀ ਭਲਾਈ ਪ੍ਰਾਪਤਕਰਤਾ ਦਰਾਂ' ਸਿਰਲੇਖ ਵਾਲੀ ਸੂਚੀ 'ਚ ਦੁਨੀਆਂ ਭਰ ਦੇ ਲਗਭਗ 120 ਦੇਸ਼ ਤੇ ਖੇਤਰ ਸ਼ਾਮਲ ਹਨ, ਜਿਨ੍ਹਾਂ ਦੇ ਪ੍ਰਵਾਸੀਆਂ ਨੂੰ ਅਮਰੀਕਾ 'ਚ ਸਹਾਇਤਾ ਮਿਲਦੀ ਹੈ। ਸੂਚੀ 'ਚ ਬੰਗਲਾਦੇਸ਼ ਵੀ ਸ਼ਾਮਲ ਹੈ, ਜਿੱਥੇ 54.8 ਫ਼ੀਸਦੀ ਪ੍ਰਵਾਸੀ ਪਰਿਵਾਰਾਂ ਨੂੰ ਸਹਾਇਤਾ ਮਿਲਦੀ ਹੈ। ਇਸ ਤੋਂ ਇਲਾਵਾ ਪਾਕਿਸਤਾਨ (40.2 ਫ਼ੀਸਦੀ), ਨੇਪਾਲ (34.8 ਫ਼ੀਸਦੀ), ਚੀਨ (32.9 ਫ਼ੀਸਦੀ) ਤੇ ਇਜ਼ਰਾਈਲ/ਫਲਸਤੀਨ (25.9 ਫ਼ੀਸਦੀ), ਯੂਕਰੇਨ (42.7 ਫ਼ੀਸਦੀ) ਅਤੇ ਏਸ਼ੀਆ (ਕਿਤੇ ਹੋਰ ਵਰਗੀਕ੍ਰਿਤ ਨਹੀਂ/ਨਿਰਧਾਰਿਤ ਨਹੀਂ) ਸ਼ਾਮਲ ਹਨ। ਅੰਕੜਿਆਂ ਤੋਂ ਪਤਾ ਚੱਲਿਆ ਹੈ ਕਿ ਅਮਰੀਕਾ ਦੇ ਪ੍ਰਮੁੱਖ ਨਸਲੀ ਸਮੂਹਾਂ 'ਚੋਂ ਭਾਰਤੀ-ਅਮਰੀਕੀਆਂ ਦੀ ਔਸਤ ਘਰੇਲੂ ਆਮਦਨ ਸਭ ਤੋਂ ਵੱਧ ਹੈ।

# ਮੈਰੀਲੈਂਡ 'ਚ ਸੜਕ ਹਾਦਸੇ ਦੌਰਾਨ ਭਾਰਤੀ ਮੂਲ ਦੇ ਜੋੜੇ ਦੀ ਮੌਤ

**■ 2 ਬੱਚੇ ਗੰਭੀਰ ਜ਼ਖਮੀ**



**ਮੈਰੀਲੈਂਡ, (ਪੰਜਾਬ ਮੇਲ)-** ਅਮਰੀਕਾ ਦੇ ਮੈਰੀਲੈਂਡ ਰਾਜ ਵਿਚ ਇੱਕ ਸੜਕ ਹਾਦਸੇ ਵਿਚ ਭਾਰਤੀ ਮੂਲ ਦੇ ਇੱਕ ਜੋੜੇ ਦੀ ਮੌਤ ਹੋ ਗਈ, ਜਦੋਂ ਕਿ ਉਨ੍ਹਾਂ ਦੇ ਦੋ ਬੱਚੇ ਗੰਭੀਰ ਜ਼ਖਮੀ ਹੋ ਗਏ। ਇਹ ਹਾਦਸਾ 5 ਜਨਵਰੀ ਦੀ ਸਵੇਰ ਨੂੰ ਵਾਪਰਿਆ, ਜਦੋਂ ਇੱਕ ਸ਼ਰਾਬੀ ਟਰੱਕ ਡਰਾਈਵਰ, ਗਲਤ ਦਿਸ਼ਾ ਵਿਚ ਗੱਡੀ ਚਲਾ ਰਿਹਾ ਸੀ ਅਤੇ ਉਹ ਉਨ੍ਹਾਂ ਦੀ ਕਾਰ ਨਾਲ ਟਕਰਾ ਗਿਆ।

ਮ੍ਰਿਤਕ ਜੋੜੇ ਦੀ ਪਛਾਣ ਕੋਟਿਕਲਾਪੁਡੀ ਕ੍ਰਿਸ਼ਨਾ ਕਿਸ਼ੋਰ (45) ਅਤੇ ਉਨ੍ਹਾਂ ਦੀ ਪਤਨੀ ਆਸ਼ਾ ਕੰਨ (40) ਵਜੋਂ ਹੋਈ ਹੈ। ਇਹ ਦੋਵੇਂ ਆਂਧਰਾ ਪ੍ਰਦੇਸ਼ ਦੇ ਪੱਛਮੀ ਗੋਦਾਵਰੀ ਜ਼ਿਲ੍ਹੇ ਦੇ ਪਲਕੋਲੂ ਕਸਬੇ ਦੇ ਰਹਿਣ ਵਾਲੇ ਸਨ ਅਤੇ ਲੰਬੇ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਸਨ। ਕ੍ਰਿਸ਼ਨਾ ਕਿਸ਼ੋਰ ਪਿਛਲੇ ਦਸ ਸਾਲਾਂ ਤੋਂ ਅਮਰੀਕਾ ਵਿਚ ਇੱਕ ਸਾਫਟਵੇਅਰ ਇੰਜੀਨੀਅਰ ਵਜੋਂ ਕੰਮ ਕਰ ਰਿਹਾ ਸੀ।

ਉਸ ਦਾ ਪੁੱਤਰ ਸੁਚਾਈ ਅਤੇ ਧੀ ਸ਼ਿਵਾਨੀ ਇਸ ਹਾਦਸੇ ਵਿਚ ਗੰਭੀਰ ਜ਼ਖਮੀ ਹੋ ਗਏ ਸਨ। ਦੋਵੇਂ ਬੱਚੇ ਮੈਰੀਲੈਂਡ ਦੇ ਇੱਕ ਹਸਪਤਾਲ ਵਿਚ ਇਲਾਜ ਅਧੀਨ ਹਨ ਅਤੇ ਡਾਕਟਰਾਂ ਦਾ ਕਹਿਣਾ ਹੈ ਕਿ ਉਹ ਹੁਣ ਖ਼ਤਰੇ ਤੋਂ ਬਾਹਰ ਹਨ।

ਕ੍ਰਿਸ਼ਨਾ ਕਿਸ਼ੋਰ ਅਤੇ ਉਨ੍ਹਾਂ ਦਾ ਪੂਰਾ ਪਰਿਵਾਰ ਸਿਰਫ਼ 10 ਦਿਨ ਪਹਿਲਾਂ ਹੀ ਭਾਰਤ ਆਇਆ ਸੀ। ਇਸ ਤੋਂ ਬਾਅਦ, ਪਰਿਵਾਰ ਨੇ ਦੁਬਈ ਵਿਚ ਨਵਾਂ ਸਾਲ ਮਨਾਇਆ ਅਤੇ ਅਮਰੀਕਾ ਵਾਪਸ ਆ ਰਿਹਾ ਸੀ, ਜਦੋਂ ਇਹ ਦੁਖਦਾਈ ਹਾਦਸਾ ਵਾਪਰਿਆ। ਰਿਪੋਰਟਾਂ ਅਨੁਸਾਰ, ਤੇਲਗੂ ਐਸੋਸੀਏਸ਼ਨ ਆਫ ਨੌਰਥ ਅਮਰੀਕਾ (ਟੀ.ਏ.ਐੱਨ.ਏ.) ਅਤੇ ਸਥਾਨਕ ਭਾਰਤੀ ਭਾਈਚਾਰੇ ਦੇ ਵਲੰਟੀਅਰ ਜ਼ਖਮੀ ਬੱਚਿਆਂ ਦੀ ਮਦਦ ਲਈ ਫੰਡ ਇਕੱਠਾ ਕਰ ਰਹੇ ਹਨ। ਇਸ ਤੋਂ ਇਲਾਵਾ, ਜੋੜੇ ਦੀਆਂ ਲਾਸ਼ਾਂ ਨੂੰ ਭਾਰਤ ਭੇਜਣ ਦੇ ਪ੍ਰਬੰਧਾਂ ਵਿਚ ਵੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ।

# ਗ੍ਰੀਨਲੈਂਡ ਨੂੰ ਅਮਰੀਕਾ 'ਚ ਸ਼ਾਮਲ ਕਰਨ ਦੀ ਟਰੰਪ ਦੀ ਟਿੱਪਣੀ ਨਾਲ ਅੰਤਰਰਾਸ਼ਟਰੀ ਸਿਆਸਤ 'ਚ ਭੁਚਾਲ

**■ ਯੂਰਪੀ ਦੇਸ਼ਾਂ ਨੇ ਅਮਰੀਕਾ ਨੂੰ ਦਿੱਤੀ ਨਸੀਹਤ**



**ਕੋਪਨਹੇਗਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਗ੍ਰੀਨਲੈਂਡ ਨੂੰ ਅਮਰੀਕਾ ਵਿਚ ਸ਼ਾਮਲ ਕਰਨ ਦੀ ਟਿੱਪਣੀ ਨੇ ਅੰਤਰਰਾਸ਼ਟਰੀ ਸਿਆਸਤ 'ਚ ਭੂਚਾਲ ਲਿਆ ਦਿੱਤਾ ਹੈ। ਇਸ ਬਿਆਨ ਤੋਂ ਬਾਅਦ ਯੂਰਪ ਦੇ ਕਈ ਵੱਡੇ ਦੇਸ਼ਾਂ ਨੇ ਅਮਰੀਕਾ ਦੇ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ। ਫਰਾਂਸ, ਜਰਮਨੀ, ਇਟਲੀ, ਪੋਲੈਂਡ, ਸਪੇਨ ਤੇ ਬ੍ਰਿਟੇਨ ਵਰਗੇ ਦੇਸ਼ਾਂ ਨੇ ਡੈਨਮਾਰਕ ਦੀ ਪ੍ਰਧਾਨ ਮੰਤਰੀ ਮੇਟੇ ਫ੍ਰੇਡਰਿਕਸਨ ਦਾ ਸਮਰਥਨ ਕਰਦਿਆਂ ਗ੍ਰੀਨਲੈਂਡ ਦੀ ਪ੍ਰਭੂਸੱਤਾ ਨੂੰ ਬਰਕਰਾਰ ਰੱਖਣ ਦੀ ਗੱਲ ਕਹੀ ਹੈ। ਸਰੋਤਾਂ ਅਨੁਸਾਰ, ਯੂਰਪੀ ਨੇਤਾਵਾਂ ਨੇ ਇੱਕ ਸਾਂਝਾ ਬਿਆਨ ਜਾਰੀ ਕਰਕੇ ਸਪੱਸ਼ਟ ਕੀਤਾ ਹੈ ਕਿ ਆਰਕਟਿਕ ਟਾਪੂ ਗ੍ਰੀਨਲੈਂਡ, ਜੋ ਕਿ ਰਣਨੀਤਕ ਅਤੇ ਖਣਿਜ ਸਰੋਤਾਂ ਨਾਲ ਮਾਲਾਮਾਲ ਹੈ, ਉੱਥੋਂ ਦੇ ਲੋਕਾਂ ਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਬਾਹਰੀ ਦੇਸ਼ ਦਾ ਇਸ 'ਤੇ ਦਾਅਵਾ ਸਵੀਕਾਰ ਨਹੀਂ ਕੀਤਾ ਜਾ ਸਕਦਾ। ਦੱਸਣਯੋਗ ਹੈ ਕਿ ਗ੍ਰੀਨਲੈਂਡ, ਡੈਨਮਾਰਕ ਸਾਮਰਾਜ ਦਾ ਇੱਕ ਖੁਦਮੁਖਤਿਆਰ ਖੇਤਰ ਹੈ।

ਡੈਨਮਾਰਕ ਦੀ ਪ੍ਰਧਾਨ ਮੰਤਰੀ ਮੇਟੇ ਫ੍ਰੇਡਰਿਕਸਨ ਨੇ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਗ੍ਰੀਨਲੈਂਡ 'ਤੇ ਅਮਰੀਕੀ ਕਬਜ਼ੇ ਦੀ ਗੱਲ ਕਰਨਾ ਨਾਟੋ ਸੈਨਿਕ ਗਠਜੋੜ ਦੇ ਅੰਤ ਵਰਗਾ ਹੋਵੇਗਾ। ਦੂਜੇ ਪਾਸੇ, ਵ੍ਹਾਈਟ ਹਾਊਸ ਦੇ ਡਿਪਟੀ ਚੀਫ ਆਫ ਸਟਾਫ ਸਟੀਫਨ ਮਿਲਰ ਨੇ ਟਰੰਪ ਦਾ ਪੱਖ ਪੂਰਦਿਆਂ ਕਿਹਾ ਕਿ ਰਾਸ਼ਟਰਪਤੀ ਪਿਛਲੇ ਕਈ ਮਹੀਨਿਆਂ ਤੋਂ ਸਪੱਸ਼ਟ ਹਨ ਕਿ ਅਮਰੀਕਾ ਨੂੰ ਗ੍ਰੀਨਲੈਂਡ ਨੂੰ ਆਪਣੀ ਸੁਰੱਖਿਆ ਪ੍ਰਣਾਲੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ।

ਯੂਰਪੀ ਦੇਸ਼ਾਂ ਦਾ ਮੰਨਣਾ ਹੈ ਕਿ ਅਮਰੀਕਾ ਦਾ ਇਹ ਰੁਖ ਅੰਤਰਰਾਸ਼ਟਰੀ ਕਾਨੂੰਨਾਂ ਦੇ ਖਿਲਾਫ ਹੈ ਅਤੇ ਇਸ ਨਾਲ ਯੂਰਪ-ਅਮਰੀਕਾ ਸਬੰਧਾਂ ਵਿਚ ਵੱਡੀ ਦਰਾਰ ਆ ਸਕਦੀ ਹੈ। ਇਹ ਵਿਵਾਦ ਅਜਿਹੇ ਸਮੇਂ ਵਧਿਆ ਹੈ, ਜਦੋਂ ਅਮਰੀਕਾ ਨੇ ਹਾਲ ਹੀ ਵਿਚ ਵੈਨੇਜ਼ੁਏਲਾ 'ਚ ਸੈਨਿਕ ਕਾਰਵਾਈ ਕੀਤੀ ਹੈ, ਜਿਸ ਕਾਰਨ ਦੁਨੀਆਂ ਭਰ ਵਿਚ ਅਮਰੀਕਾ ਦੇ ਹਮਲਾਵਰ ਰੁਖ ਨੂੰ ਲੈ ਕੇ ਚਿੰਤਾ ਜਤਾਈ ਜਾ ਰਹੀ ਹੈ। ਵਿਸ਼ਲੇਸ਼ਕਾਂ ਮੁਤਾਬਕ ਆਰਕਟਿਕ ਖੇਤਰ ਦੇ ਸਰੋਤਾਂ ਅਤੇ ਸਾਮਰਿਕ ਮਹੱਤਵ ਨੂੰ ਲੈ ਕੇ ਹੁਣ ਅਮਰੀਕਾ ਅਤੇ ਯੂਰਪ ਦੇ ਮਤਭੇਦ ਖੁੱਲ੍ਹ ਕੇ ਸਾਹਮਣੇ ਆ ਗਏ ਹਨ।

# ਦੰਦਾਂ ਦੇ ਪ੍ਰਸਿੱਧ ਡਾਕਟਰ ਤੇ ਉਸ ਦੀ ਪਤਨੀ ਦੀ ਗੋਲੀਆਂ ਮਾਰ ਕੇ ਹੱਤਿਆ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਓਹਾਈਓ ਵਿਚ ਇੱਕ ਪ੍ਰਸਿੱਧ ਡੈਂਟਿਸਟ ਸਪੈਨਸਰ ਟੇਪੇ (37) ਤੇ ਉਸ ਦੀ ਪਤਨੀ ਮੋਨੀਕ ਟੇਪੇ (39) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਕੋਲੰਬਸ ਪੁਲਿਸ ਅਨੁਸਾਰ ਪਤੀ-ਪਤਨੀ ਦੀ ਹੱਤਿਆ ਉਨ੍ਹਾਂ ਦੇ ਘਰ ਵਿਚ ਕੀਤੀ ਗਈ ਤੇ ਘਰ ਵਿਚੋਂ ਉਨ੍ਹਾਂ ਦੇ ਦੋ ਛੋਟੇ ਬੱਚੇ ਵੀ ਮਿਲੇ ਹਨ, ਜਿਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਮੌਕੇ ਤੋਂ ਕੋਈ ਹਥਿਆਰ ਨਹੀਂ ਮਿਲਿਆ ਹੈ ਤੇ ਇਹ ਖੁਦਕੁਸ਼ੀ ਦਾ ਮਾਮਲਾ ਨਹੀਂ ਹੈ, ਬਲਕਿ ਦੋਹਰੇ ਕਤਲ ਦਾ ਮਾਮਲਾ ਹੈ। ਪੁਲਿਸ ਹਤਿਆਰੇ ਦੀ ਭਾਲ ਵਿਚ ਹੈ। ਪੁਲਿਸ ਨੇ ਸੰਭਾਵੀ ਸ਼ੱਕੀ ਬਾਰੇ ਕੋਈ ਵੇਰਵਾ ਜਾਰੀ ਨਹੀਂ ਕੀਤਾ ਹੈ ਤੇ ਆਮ ਲੋਕਾਂ ਨੂੰ ਕਾਤਲ ਨੂੰ ਗ੍ਰਿਫਤਾਰ ਕਰਨ ਵਿਚ ਮਦਦ ਦੀ ਅਪੀਲ ਕੀਤੀ ਹੈ।

# ਬਰਤਾਨੀਆ ਸਰਕਾਰ 'ਤੇ ਜੱਗੀ ਜੌਹਲ ਦੀ ਰਿਹਾਈ ਤੇ ਵਾਪਸੀ ਲਈ ਪਾਇਆ ਜਾ ਰਿਹਾ ਦਬਾਅ



**ਲੰਡਨ, (ਪੰਜਾਬ ਮੇਲ)-** ਬਰਤਾਨੀਆ ਦੇ 400 ਤੋਂ ਵੱਧ ਵੱਖ-ਵੱਖ ਸੰਸਦ ਮੈਂਬਰਾਂ ਤੇ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਪਿਛਲੇ ਕੁਝ ਹਫ਼ਤਿਆਂ 'ਚ ਹਲਕੇ ਦੇ ਲੋਕਾਂ ਵੱਲੋਂ ਸੈਂਕੜੇ ਪੱਤਰ ਭੇਜੇ ਗਏ ਹਨ, ਜਿਨ੍ਹਾਂ 'ਚ ਉਨ੍ਹਾਂ ਨੇ ਜਗਤਾਰ ਸਿੰਘ ਜੌਹਲ ਦੀ ਰਿਹਾਈ ਤੇ ਵਤਨ ਵਾਪਸੀ ਨੂੰ ਯਕੀਨੀ ਬਣਾਉਣ ਲਈ ਭਾਰਤ 'ਤੇ ਕੂਟਨੀਤਿਕ ਦਬਾਅ ਵਧਾਉਣ ਲਈ ਪ੍ਰਧਾਨ ਮੰਤਰੀ ਤੇ ਵਿਦੇਸ਼ ਸਕੱਤਰ 'ਤੇ ਦਬਾਅ ਪਾਉਣ ਦੀ ਅਪੀਲ ਕੀਤੀ ਗਈ ਹੈ।

ਬਰਤਾਨਵੀ ਸਰਕਾਰ ਨੇ ਸਵੀਕਾਰ ਕੀਤਾ ਹੈ ਕਿ ਜੱਗੀ ਜੌਹਲ ਨੂੰ ਮਨਮਾਨੇ ਢੰਗ ਨਾਲ ਨਜ਼ਰਬੰਦ ਰੱਖਿਆ ਗਿਆ ਹੈ। ਦੂਜੇ ਪਾਸੇ 4 ਮਾਰਚ 2025 ਨੂੰ ਜੱਗੀ ਜੌਹਲ ਦੇ ਇਕ ਮਾਮਲੇ ਵਿਚੋਂ ਬਰੀ ਹੋਣ ਤੋਂ ਬਾਅਦ ਉਮੀਦ ਕੀਤੀ ਜਾਂਦੀ ਹੈ ਕਿ ਬਾਕੀ ਕੇਸ ਵੀ ਨਹੀਂ ਟਿਕਣਗੇ ਕਿਉਂਕਿ ਉਸ ਵਿਰੁੱਧ ਖ਼ਤਮ ਹੋਏ ਕੇਸ ਆਧਾਰਿਤ ਹੀ ਹੋਰ 8 ਕੇਸ ਹਨ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਪਿਛਲੇ ਸਾਲ ਜੁਲਾਈ 'ਚ ਯੂ.ਕੇ. 'ਚ ਆਪਣੇ ਭਾਰਤੀ ਹਮਰੁਤਬਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਜੱਗੀ ਜੌਹਲ ਦਾ ਮਾਮਲਾ ਉਠਾਇਆ ਸੀ, ਜਦੋਂ ਦੋਵਾਂ ਦੇਸ਼ਾਂ ਨੇ ਇਕ ਵਪਾਰ ਸਮਝੌਤੇ 'ਤੇ ਦਸਤਖਤ ਕੀਤੇ ਸਨ ਤੇ ਫਿਰ ਅਕਤੂਬਰ 'ਚ ਭਾਰਤ ਦੌਰੇ ਮੌਕੇ ਵੀ ਕੀਰ ਸਟਾਰਮਰ ਨੇ ਜੱਗੀ ਦਾ ਮਾਮਲਾ ਉਠਾਇਆ ਸੀ। 1 ਦਸੰਬਰ ਨੂੰ ਯਵੇਟ ਕੂਪਰ ਤੇ ਜੱਗੀ ਜੌਹਲ ਦੇ ਭਰਾ ਗੁਰਪ੍ਰੀਤ ਸਿੰਘ ਜੌਹਲ ਨੇ ਮੁਲਾਕਾਤ ਕੀਤੀ।

ਸਿੱਖ ਫੈੱਡਰੇਸ਼ਨ (ਯੂ.ਕੇ.) ਦੇ ਦਬਿੰਦਰਜੀਤ ਸਿੰਘ ਓ.ਬੀ.ਈ. ਨੇ ਕਿਹਾ ਕਿ ਕੀਰ ਸਟਾਰਮਰ ਤੇ ਯਵੇਟ ਕੂਪਰ ਜਾਣਦੇ ਹਨ ਕਿ ਭਾਰਤੀ ਅਧਿਕਾਰੀਆਂ ਨੇ 4 ਮਾਰਚ ਨੂੰ ਜਗਤਾਰ ਦੀ ਬਰੀ ਹੋਣ ਵਿਰੁੱਧ ਅਪੀਲ ਨਹੀਂ ਕੀਤੀ। ਹਾਈ ਕੋਰਟ ਤੇ ਸੁਪਰੀਮ ਕੋਰਟ ਨੂੰ ਹੋਰ 8 ਮਾਮਲਿਆਂ ਦੀ ਸੁਣਵਾਈ ਤੇਜ਼ ਕਰਨ ਲਈ ਵੀ ਬੇਨਤੀ ਕੀਤੀ ਗਈ ਹੈ ਪਰ ਅੱਜ ਤੱਕ ਜੱਗੀ ਜੌਹਲ ਵਿਰੁੱਧ ਇਸਤਗਾਸਾ ਪੱਖ ਵੱਲੋਂ ਇਕ ਵੀ ਗਵਾਹ ਨੂੰ ਬੁਲਾਇਆ ਨਹੀਂ ਗਿਆ ਹੈ। ਉਨ੍ਹਾਂ ਕਿਹਾ ਕਿ 4 ਮਾਰਚ 2025 ਤੋਂ ਲੈ ਕੇ ਹੁਣ ਤੱਕ 15 ਸੁਣਵਾਈਆਂ ਹੋ ਚੁੱਕੀਆਂ ਹਨ ਪਰ ਬਰਤਾਨਵੀ ਸਰਕਾਰ ਦੀ ਢਿੱਲ-ਮੱਠ ਕਾਰਨ ਭਾਰਤ ਗੰਭੀਰਤਾ ਨਾਲ ਨਹੀਂ ਲੈ ਰਿਹਾ।

# ਭਾਰਤ ਵੱਲੋਂ ਨਾਗਰਿਕਾਂ ਨੂੰ ਈਰਾਨ ਦੀ ਗੈਰ-ਜ਼ਰੂਰੀ ਯਾਤਰਾ ਤੋਂ ਬਚਣ ਦੀ ਅਪੀਲ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਸਰਕਾਰ ਨੇ ਆਪਣੇ ਨਾਗਰਿਕਾਂ ਨੂੰ ਈਰਾਨ ਦੀ ਗ਼ੈਰ-ਜ਼ਰੂਰੀ ਯਾਤਰਾ ਤੋਂ ਬਚਣ ਦੀ ਸਲਾਹ ਦਿੱਤੀ ਹੈ। ਇਹ ਫੈਸਲਾ ਈਰਾਨ ਵਿਚ ਵੱਧਦੀ ਮਹਿੰਗਾਈ ਅਤੇ ਕਰੰਸੀ ਦੀ ਕੀਮਤ ਵਿਚ ਆਈ ਭਾਰੀ ਗਿਰਾਵਟ ਕਾਰਨ ਹੋ ਰਹੇ ਦੇਸ਼-ਵਿਆਪੀ ਪ੍ਰਦਰਸ਼ਨਾਂ ਦੇ ਮੱਦੇਨਜ਼ਰ ਲਿਆ ਗਿਆ ਹੈ।


ਵਿਦੇਸ਼ ਮੰਤਰਾਲੇ ਨੇ ਇਕ ਅਧਿਕਾਰਤ ਬਿਆਨ ਜਾਰੀ ਕਰਦਿਆਂ ਕਿਹਾ ਕਿ ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਭਾਰਤੀ ਨਾਗਰਿਕ ਅਗਲੇ ਹੁਕਮਾਂ ਤੱਕ ਈਰਾਨ ਜਾਣ ਤੋਂ ਗੁਰੇਜ਼ ਕਰਨ। ਇਸ ਦੇ ਨਾਲ ਹੀ ਈਰਾਨ ਵਿਚ ਰਹਿ ਰਹੇ ਭਾਰਤੀਆਂ ਨੂੰ ਪ੍ਰਦਰਸ਼ਨ ਵਾਲੀਆਂ ਥਾਵਾਂ ਤੋਂ ਦੂਰ ਰਹਿਣ ਅਤੇ ਸਥਾਨਕ ਭਾਰਤੀ ਦੂਤਾਵਾਸ ਦੇ ਸੰਪਰਕ ਵਿਚ ਰਹਿਣ ਲਈ ਕਿਹਾ ਗਿਆ ਹੈ।

ਰਿਪੋਰਟਾਂ ਅਨੁਸਾਰ ਈਰਾਨ ਦੇ 31 ਵਿਚੋਂ 25 ਸੂਬਿਆਂ ਵਿਚ ਆਰਥਿਕ ਮੰਦਹਾਲੀ ਵਿਰੁੱਧ ਹਿੰਸਕ ਪ੍ਰਦਰਸ਼ਨ ਹੋ ਰਹੇ ਹਨ, ਜਿਨ੍ਹਾਂ ਵਿਚ ਹੁਣ ਤੱਕ 10 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਈਰਾਨੀ ਕਰੰਸੀ 'ਰਿਆਲ' ਦੀ ਕੀਮਤ ਅਮਰੀਕੀ ਡਾਲਰ ਦੇ ਮੁਕਾਬਲੇ ਇਤਿਹਾਸਕ ਪੱਧਰ 'ਤੇ ਡਿੱਗ ਗਈ ਹੈ, ਜਿਸ ਕਾਰਨ ਲੋਕ ਸੜਕਾਂ 'ਤੇ ਉਤਰ ਆਏ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੀ ਇਸ ਸਥਿਤੀ 'ਤੇ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੇਕਰ ਪ੍ਰਦਰਸ਼ਨਕਾਰੀਆਂ 'ਤੇ ਤਸ਼ੱਦਦ ਨਾ ਰੁਕਿਆ, ਤਾਂ ਈਰਾਨ ਨੂੰ ਇਸ ਦੇ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ। ਭਾਰਤ ਨੇ ਰਿਹਾਇਸ਼ੀ ਵੀਜ਼ੇ 'ਤੇ ਰਹਿ ਰਹੇ ਆਪਣੇ ਨਾਗਰਿਕਾਂ ਨੂੰ ਤੁਰੰਤ ਦੂਤਾਵਾਸ ਵਿਚ ਰਜਿਸਟ੍ਰੇਸ਼ਨ ਕਰਵਾਉਣ ਦੀ ਹਦਾਇਤ ਵੀ ਕੀਤੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

# ਅਮਰੀਕੀ ਉਪ-ਰਾਸ਼ਟਰਪਤੀ ਜੇਡੀ ਵੈਂਸ ਦੇ ਓਹਾਇਓ ਸਥਿਤ ਨਿਵਾਸ ’ਤੇ ਹਮਲਾ; ਸ਼ੱਕੀ ਵਿਅਕਤੀ ਗ੍ਰਿਫ਼ਤਾਰ

ਓਹਾਇਓ, (ਪੰਜਾਬ ਮੇਲ)- ਅਮਰੀਕਾ ਦੇ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਦੇ ਘਰ ’ਤੇ ਹਮਲਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇਸ ਹਮਲੇ ਦੌਰਾਨ ਪੱਥਰਾਂ ਨਾਲ ਉਨ੍ਹਾਂ ਦੇ ਘਰ ਦੀਆਂ ਖਿੜਕੀਆਂ ਨੂੰ ਨੁਕਸਾਨ ਪਹੁੰਚਾਇਆ ਗਿਆ। ਦੱਸਿਆ ਜਾ ਰਿਹਾ ਹੈ ਕਿ ਘਟਨਾ ਤੋਂ ਬਾਅਦ ਇੱਕ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਗਿਆ ਹੈ।



ਇਹ ਘਟਨਾ ਸਿਨਸਿਨਾਟੀ ਦੇ ਈਸਟ ਵਾਲਨਟ ਹਿਲਜ਼ ਇਲਾਕੇ ਵਿਚ ਸਥਿਤ ਜੇ.ਡੀ. ਵੈਂਸ ਦੇ ਨਿਵਾਸ ’ਤੇ ਵਾਪਰੀ, ਜੋ ਵਿਲੀਅਮ ਹਾਵਰਡ ਟਾਫ਼ਟ ਡਰਾਈਵ ’ਤੇ ਹੈ। ਸਥਾਨਕ ਸਮੇਂ ਮੁਤਾਬਕ, ਰਾਤ ਕਰੀਬ 12:15 ਵਜੇ ਯੂ.ਐੱਸ. ਸੀਕ੍ਰੇਟ ਸਰਵਿਸ ਨੇ ਹਮਲੇ ਸੰਬੰਧੀ ਪੁਲਿਸ ਨੂੰ ਸੂਚਨਾ ਦਿੱਤੀ। ਸਿਨਸਿਨਾਟੀ ਪੁਲਿਸ ਡਿਸਪੈਚਰ ਨੇ ਦੱਸਿਆ ਕਿ ਸੀਕ੍ਰੇਟ ਸਰਵਿਸ ਨੇ ਇੱਕ ਵਿਅਕਤੀ ਨੂੰ "ਪੂਰਬੀ ਦਿਸ਼ਾ ਵੱਲ ਭੱਜਦਾ ਹੋਇਆ" ਦੇਖਿਆ ਸੀ, ਜਿਸ ਤੋਂ ਬਾਅਦ ਪੁਲਿਸ ਨੂੰ ਬੁਲਾਇਆ ਗਿਆ। ਪੁਲਿਸ ਨੇ ਪੁਸ਼ਟੀ ਕੀਤੀ ਹੈ ਕਿ ਸ਼ੱਕੀ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮਾਮਲੇ ਦੀ ਜਾਂਚ ਜਾਰੀ ਹੈ। ਹਾਲਾਂਕਿ, ਘਟਨਾ ਦੇ ਸਮੇਂ ਉਪ-ਰਾਸ਼ਟਰਪਤੀ ਵੈਂਸ ਅਤੇ ਉਨ੍ਹਾਂ ਦਾ ਪਰਿਵਾਰ ਘਰ ਵਿਚ ਮੌਜੂਦ ਨਹੀਂ ਸੀ। ਅਧਿਕਾਰੀਆਂ ਦੀ ਸ਼ੁਰੂਆਤੀ ਜਾਂਚ ਮੁਤਾਬਕ ਕੋਈ ਵੀ ਵਿਅਕਤੀ ਘਰ ਦੇ ਅੰਦਰ ਦਾਖਲ ਹੋਣ ਵਿਚ ਸਫਲ ਨਹੀਂ ਹੋ ਸਕਿਆ।

ਇਸ ਹਮਲੇ ’ਤੇ ਉਪ ਰਾਸ਼ਟਰਪਤੀ ਜੇਡੀ ਵੈਂਸ ਦਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਐਕਸ ’ਤੇ ਲਿਖਿਆ "ਸਾਡੇ ਘਰ ’ਤੇ ਹੋਏ ਹਮਲੇ ਬਾਰੇ ਸਾਰਿਆ ਦੀਆਂ ਅਰਦਾਸਾਂ ਲਈ ਮੈਂ ਧੰਨਵਾਦੀ ਹਾਂ। ਜਿੱਥੋਂ ਤੱਕ ਮੈਨੂੰ ਪਤਾ ਲੱਗਿਆ ਹੈ, ਇੱਕ ਸਿਰਫਿਰੇ ਵਿਅਕਤੀ ਨੇ ਹਥੌੜੇ ਨਾਲ ਖਿੜਕੀਆਂ ਭੰਨ ਕੇ ਅੰਦਰ ਵੜਨ ਦੀ ਕੋਸ਼ਿਸ਼ ਕੀਤੀ ਸੀ। ਮੈਂ ਸੀਕ੍ਰੇਟ ਸਰਵਿਸ ਅਤੇ ਸਿਨਸਿਨਾਟੀ ਪੁਲਿਸ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਤੁਰੰਤ ਕਾਰਵਾਈ ਕੀਤੀ। ਅਸੀਂ ਘਰ ਨਹੀਂ ਸੀ ਕਿਉਂਕਿ ਅਸੀਂ ਪਹਿਲਾਂ ਹੀ ਵਾਸ਼ਿੰਗਟਨ ਡੀ.ਸੀ. ਵਾਪਸ ਆ ਚੁੱਕੇ ਸੀ।"

ਨਾਲ ਹੀ ਉਨ੍ਹਾਂ ਲਿਖਿਆ, "ਮੀਡੀਆ ਨੂੰ ਇੱਕ ਬੇਨਤੀ ਹੈ: ਅਸੀਂ ਆਪਣੇ ਬੱਚਿਆਂ ਨੂੰ ਜਨਤਕ ਸੇਵਾ ਦੇ ਇਸ ਜੀਵਨ ਦੀਆਂ ਹਕੀਕਤਾਂ ਤੋਂ ਜਿੰਨਾ ਹੋ ਸਕੇ, ਦੂਰ ਰੱਖਣ ਦੀ ਕੋਸ਼ਿਸ਼ ਕਰਦੇ ਹਾਂ। ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ, ਮੈਨੂੰ ਸਾਡੇ ਘਰ ਦੀਆਂ ਟੁੱਟੀਆਂ ਹੋਈਆਂ ਖਿੜਕੀਆਂ ਦੀਆਂ ਤਸਵੀਰਾਂ ਨੂੰ ਵਾਰ-ਵਾਰ ਦਿਖਾਉਣ ਵਿਚ ਕੋਈ ਖਾਸ ਖ਼ਬਰ ਜਾਂ ਮਹੱਤਵ ਨਜ਼ਰ ਨਹੀਂ ਆਉਂਦਾ।"

ਇਹ ਘਟਨਾ ਅਜਿਹੇ ਸਮੇਂ ਵਾਪਰੀ ਹੈ, ਜਦੋਂ ਪਹਿਲਾਂ ਹੀ ਨਵੇਂ ਸਾਲ ਦੇ ਮੌਕੇ ’ਤੇ ਇਲਾਕੇ ਵਿਚ ਸੁਰੱਖਿਆ ਵਧਾਈ ਗਈ ਸੀ ਅਤੇ ਵੈਂਸ ਦੇ ਘਰ ਦੇ ਆਲੇ-ਦੁਆਲੇ ਦੀਆਂ ਸੜਕਾਂ ’ਤੇ ਚੈੱਕ ਪੁਆਇੰਟ ਬਣਾਏ ਗਏ ਸਨ ਪਰ ਸਖ਼ਤ ਸੁਰੱਖਿਆ ਦੇ ਬਾਵਜੂਦ ਇਹ ਘਟਨਾ ਪ੍ਰਸ਼ਾਸਨ ਦੇ ਸਕਿਓਰਿਟੀ ਸਿਸਟਮ ’ਤੇ ਵੱਡੇ ਸਵਾਲ ਖੜ੍ਹੇ ਕਰਦੇ ਹਨ।

# ਅਮਰੀਕਾ ’ਚ ਮਹਿਲਾ ਦਾ ਕਤਲ ਕਰਕੇ ਭੱਜਿਆ ਭਾਰਤੀ ਤਿਲੰਗਾਨਾ ਤੋਂ ਗ੍ਰਿਫ਼ਤਾਰ

ਮੈਰੀਲੈਂਡ/ਨਵੀਂ ਦਿੱਲੀ, (ਪੰਜਾਬ ਮੇਲ)- ਮੈਰੀਲੈਂਡ ਦੇ ਕੋਲੰਬੀਆ ਵਿਚ ਬੀਤੀ 3 ਜਨਵਰੀ ਨੂੰ ਇੱਕ ਅਪਾਰਟਮੈਂਟ ਵਿਚ 27 ਸਾਲਾ ਭਾਰਤੀ ਨਾਗਰਿਕ ਨਿਕਿਤਾ ਗੋਡਿਸ਼ਾਲਾ ਦੀ ਲਾਸ਼ ਬਰਾਮਦ ਹੋਈ ਸੀ। ਅਮਰੀਕੀ ਅਧਿਕਾਰੀਆਂ ਅਨੁਸਾਰ ਇਹ ਅਪਾਰਟਮੈਂਟ ਪੀੜ੍ਹਤਾ ਦੇ ਸਾਥੀ ਅਰਜੁਨ ਸ਼ਰਮਾ ਦਾ ਹੈ, ਜਿਸ ’ਤੇ ਕਤਲ ਦੇ ਦੋਸ਼ ਲਾਏ ਗਏ ਹਨ। ਜਾਂਚਕਰਤਾਵਾਂ ਦੇ ਅਨੁਮਾਨ ਮੁਤਾਬਕ ਨਿਕਿਤਾ ਦਾ ਕਤਲ 31 ਦਸੰਬਰ ਸ਼ਾਮ ਕਰੀਬ 7 ਵਜੇ ਕੀਤਾ ਗਿਆ ਸੀ ਅਤੇ ਉਸਦੀ ਦੇਹ 3 ਜਨਵਰੀ ਨੂੰ ਪੁਲਿਸ ਤਲਾਸ਼ੀ ਦੌਰਾਨ ਉਸੇ ਅਪਾਰਟਮੈਂਟ ਵਿਚੋਂ ਬਰਾਮਦ ਹੋਈ ਸੀ।

**■ ਭਾਰਤੀ ਵਿਅਕਤੀ ਨੇ ਖੁਦ 911 ’ਤੇ ਕਾਲ ਕਰਕੇ ਗਰਲਫ੍ਰੈਂਡ ਦੇ ਲਾਪਤਾ ਹੋਣ ਦੀ ਦਿੱਤੀ ਸੀ ਰਿਪੋਰਟ**



ਵੇਰਵਿਆਂ ਅਨੁਸਾਰ 26 ਸਾਲਾ ਅਰਜੁਨ ਸ਼ਰਮਾ ਨੇ 2 ਜਨਵਰੀ ਨੂੰ ਅਧਿਕਾਰੀਆਂ ਨੂੰ ਨਿਕਿਤਾ ਦੇ ਲਾਪਤਾ ਹੋਣ ਦੀ ਸੂਚਨਾ ਦਿੱਤੀ ਸੀ ਅਤੇ ਦੱਸਿਆ ਸੀ ਕਿ ਉਸ ਨੇ ਨਿਕਿਤਾ ਨੂੰ ਆਖਰੀ ਵਾਰ ਨਵੇਂ ਸਾਲ ਤੋਂ ਪਹਿਲਾਂ ਦੀ ਸ਼ਾਮ ਨੂੰ ਦੇਖਿਆ ਸੀ। ਹਾਲਾਂਕਿ ਬਾਅਦ ਵਿਚ ਜਾਂਚਕਰਤਾਵਾਂ ਨੇ ਪਾਇਆ ਕਿ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਵਾਉਣ ਤੋਂ ਤੁਰੰਤ ਬਾਅਦ ਉਹ ਡੈਲਸ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਭਾਰਤ ਲਈ ਫਲਾਈਟ ਫੜ ਕੇ ਫਰਾਰ ਹੋ ਗਿਆ ਸੀ, ਜਿਸ ਨਾਲ ਉਸ ’ਤੇ ਸ਼ੱਕ ਪੈਦਾ ਹੋ ਗਿਆ।

5 ਜਨਵਰੀ ਨੂੰ ਇੰਟਰਪੋਲ, ਅਮਰੀਕੀ ਸੰਘੀ ਏਜੰਸੀਆਂ ਅਤੇ ਭਾਰਤੀ ਅਧਿਕਾਰੀਆਂ ਦੁਆਰਾ ਤਾਲਮੇਲ ਨਾਲ ਚਲਾਈ ਗਈ ਮੁਹਿੰਮ ਤੋਂ ਬਾਅਦ ਅਰਜੁਨ ਸ਼ਰਮਾ ਨੂੰ ਤਾਮਿਲਨਾਡੂ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਹਾਵਰਡ ਕਾਉਂਟੀ ਦੇ ਜਾਸੂਸਾਂ ਨੇ ਉਸ ’ਤੇ ਫਸਟ-ਡਿਗਰੀ ਅਤੇ ਸੈਕਿੰਡ-ਡਿਗਰੀ ਕਤਲ ਦੇ ਦੋਸ਼ ਲਗਾਉਂਦੇ ਹੋਏ ਉਸਨੂੰ ਅਮਰੀਕਾ ਵਾਪਸ ਲਿਜਾਣ ਲਈ ਹਵਾਲਗੀ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

ਨਿਕਿਤਾ ਦੀ ਭੈਣ ਸਰਸਵਤੀ ਨੇ ਦੋਸ਼ ਲਾਇਆ ਹੈ ਕਿ ਸ਼ਰਮਾ ਨੇ ਅਮਰੀਕਾ ਤੋਂ ਭੱਜਣ ਤੋਂ ਪਹਿਲਾਂ ਨਿਕਿਤਾ ਦੇ ਬੈਂਕ ਖਾਤੇ ਵਿਚੋਂ ਲਗਭਗ 3,500 ਅਮਰੀਕੀ ਡਾਲਰਾਂ ਦਾ ਅਣਅਧਿਕਾਰਤ ਲੈਣ-ਦੇਣ ਕੀਤਾ ਸੀ ਅਤੇ ਉਹ ਪਿਛਲੇ ਕੁਝ ਦਿਨਾਂ ਤੋਂ ਦੋਵਾਂ ਭੈਣਾਂ ਤੋਂ ਪੈਸਿਆਂ ਦੀ ਮੰਗ ਕਰ ਰਿਹਾ ਸੀ; ਸ਼ਿਕਾਇਤ ਅਨੁਸਾਰ ਉਸ ਨੇ ਪਰਿਵਾਰ ਤੋਂ 4,500 ਡਾਲਰ ਉਧਾਰ ਲਏ ਸਨ ਪਰ ਸਿਰਫ 3,500 ਹੀ ਮੋੜੇ ਸਨ।

ਹਾਲਾਂਕਿ ਅਮਰੀਕੀ ਅਧਿਕਾਰੀਆਂ ਨੇ ਸ਼ਰਮਾ ਨੂੰ ਨਿਕਿਤਾ ਦਾ ਸਾਬਕਾ ਪ੍ਰੇਮੀ ਦੱਸਿਆ ਹੈ, ਪਰ ਉਸਦੇ ਪਿਤਾ ਆਨੰਦ ਗੋਡਿਸ਼ਾਲਾ ਨੇ ਇਸ ਦਾ ਖੰਡਨ ਕਰਦਿਆਂ ਕਿਹਾ ਕਿ ਉਹ ਸਿਰਫ ਉਸਦਾ ਸਾਬਕਾ ਰੂਮਮੇਟ ਸੀ ਅਤੇ ਉਨ੍ਹਾਂ ਨੇ ਦੋਸ਼ੀ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਹੈ। ਨਿਕਿਤਾ ਗੋਡਿਸ਼ਾਲਾ ਮੈਰੀਲੈਂਡ ਵਿਚ 'ਵੇਡਾ ਹੈਲਥ' ਵਿਚ ਇੱਕ ਡੇਟਾ ਐਨਾਲਿਸਟ ਵਜੋਂ ਕੰਮ ਕਰਦੀ ਸੀ ਅਤੇ ਉਸ ਦੇ ਪਰਿਵਾਰ ਨੇ ਉਸਦੀ ਮ੍ਰਿਤਕ ਦੇਹ ਨੂੰ ਵਾਪਸ ਲਿਆਉਣ ਲਈ ਭਾਰਤ ਸਰਕਾਰ ਅਤੇ ਤੇਲੰਗਾਨਾ ਰਾਜ ਸਰਕਾਰ ਤੋਂ ਮਦਦ ਦੀ ਗੁਹਾਰ ਲਗਾਈ ਹੈ।



# ਅਮਰੀਕਾ 'ਚ ਵਿਆਹ ਹੁਣ ਗ੍ਰੀਨ ਕਾਰਡ ਦੀ ਗਾਰੰਟੀ ਨਹੀਂ ਰਿਹਾ

■ **ਬਦਲੀ ਹੋਈ ਇਮੀਗ੍ਰੇਸ਼ਨ ਪਾਲਿਸੀ 'ਚ ਗ੍ਰੀਨ ਕਾਰਡ ਅਰਜ਼ੀਆਂ ਸਖ਼ਤ ਜਾਂਚ ਦੇ ਘੇਰੇ 'ਚ**




**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਨਾਗਰਿਕ ਨਾਲ ਵਿਆਹ ਨੂੰ ਲੰਬੇ ਸਮੇਂ ਤੋਂ ਗ੍ਰੀਨ ਕਾਰਡ ਪ੍ਰਾਪਤ ਕਰਨ ਦਾ ਸਭ ਤੋਂ ਸੁਰੱਖਿਅਤ ਅਤੇ ਸਿੱਧਾ ਰਸਤਾ ਮੰਨਿਆ ਜਾਂਦਾ ਰਿਹਾ ਹੈ ਅਤੇ ਆਮ ਧਾਰਨਾ ਇਹ ਸੀ ਕਿ ਵਿਆਹ ਤੋਂ ਬਾਅਦ ਸਥਾਈ ਨਿਵਾਸ ਲਗਪਗ ਤੈਅ ਹੋ ਜਾਂਦਾ ਹੈ, ਪਰ ਅਮਰੀਕਾ ਦੀ ਇਮੀਗ੍ਰੇਸ਼ਨ ਨੀਤੀ ਵਿਚ ਆਏ ਹਾਲੀਆ ਬਦਲਾਅ ਤੋਂ ਬਾਅਦ ਇਹ ਧਾਰਨਾ ਟੁੱਟ ਚੁੱਕੀ ਹੈ।

ਹੁਣ ਵਿਆਹ ਆਪਣੇ ਆਪ ਵਿਚ ਗ੍ਰੀਨ ਕਾਰਡ ਦੀ ਗਾਰੰਟੀ ਨਹੀਂ ਰਿਹਾ। ਅਮਰੀਕੀ ਇਮੀਗ੍ਰੇਸ਼ਨ ਅਧਿਕਾਰੀ ਹੁਣ ਸਿਰਫ਼ ਇਹ ਨਹੀਂ ਦੇਖਦੇ ਕਿ ਵਿਆਹ ਕਾਨੂੰਨੀ ਤੌਰ 'ਤੇ ਹੋਇਆ ਹੈ ਜਾਂ ਨਹੀਂ, ਸਗੋਂ ਇਹ ਵੀ ਜਾਂਚਦੇ ਹਨ ਕਿ ਇਹ ਰਿਸ਼ਤਾ ਅਸਲੀ ਹੈ ਜਾਂ ਸਿਰਫ਼ ਇਮੀਗ੍ਰੇਸ਼ਨ ਲਾਭ ਹਾਸਲ ਕਰਨ ਦੇ ਉਦੇਸ਼ ਨਾਲ ਕੀਤਾ ਗਿਆ ਹੈ ਅਤੇ ਇਸੇ ਬਦਲੇ ਹੋਏ ਨਜ਼ਰੀਏ ਕਾਰਨ ਹਜ਼ਾਰਾਂ ਵਿਆਹ ਆਧਾਰਿਤ ਗ੍ਰੀਨ ਕਾਰਡ ਅਰਜ਼ੀਆਂ ਹੁਣ ਸਖ਼ਤ ਜਾਂਚ ਦੇ ਘੇਰੇ ਵਿਚ ਹਨ।

ਹਾਲਾਂਕਿ ਅਮਰੀਕੀ ਨਾਗਰਿਕਾਂ ਦੇ ਜੀਵਨ ਸਾਥੀ ਅਜੇ ਵੀ 'ਇਮੀਡੀਏਟ ਰਿਲੇਟਿਵ' ਦੀ ਸ਼੍ਰੇਣੀ 'ਚ ਆਉਂਦੇ ਹਨ, ਜਿਸਦਾ ਮਤਲਬ ਹੈ ਕਿ ਉਹ ਬਿਨਾਂ ਕਿਸੇ ਲੰਬੀ ਉਡੀਕ ਦੇ ਅਪਲਾਈ ਕਰ ਸਕਦੇ ਹਨ, ਪਰ ਪਾਤਰਤਾ ਅਤੇ ਮਨਜ਼ੂਰੀ ਦੇ ਵਿਚਕਾਰ ਦਾ ਅੰਤਰ ਹੁਣ ਬਹੁਤ ਵਧ ਗਿਆ ਹੈ; ਇਮੀਗ੍ਰੇਸ਼ਨ ਮਾਹਿਰਾਂ ਅਤੇ ਮਸ਼ਹੂਰ ਵਕੀਲ ਬ੍ਰੈਡ ਬਰਨਸਟਾਈਨ ਅਨੁਸਾਰ ਹੁਣ ਵਿਆਹ ਨਹੀਂ, ਸਗੋਂ ਵਿਆਹ ਦੇ ਪਿੱਛੇ ਦੀ ਮਨਸ਼ਾ ਸਭ ਤੋਂ ਅਹਿਮ ਹੋ ਗਈ ਹੈ।

ਯੂ.ਐੱਸ.ਸੀ.ਆਈ.ਐੱਸ. ਨੇ ਜਾਂਚ ਦਾ ਦਾਇਰਾ ਵਧਾਉਂਦੇ ਹੋਏ ਹੁਣ ਇਹ ਦੇਖਣਾ ਸ਼ੁਰੂ ਕਰ ਦਿੱਤਾ ਹੈ ਕਿ ਕੀ ਜੋੜਾ ਅਸਲ ਵਿਚ ਪਤੀ-ਪਤਨੀ ਵਾਂਗ ਇਕੱਠੇ ਰਹਿ ਰਿਹਾ ਹੈ, ਕੀ ਰਿਸ਼ਤਾ ਸਮੇਂ ਦੇ ਨਾਲ ਵਿਕਸਿਤ ਹੋਇਆ ਹੈ ਅਤੇ ਕੀ ਇੰਟਰਵਿਊ ਦੌਰਾਨ ਦਿੱਤੇ ਬਿਆਨ ਦਸਤਾਵੇਜ਼ਾਂ ਨਾਲ ਮੇਲ ਖਾਂਦੇ ਹਨ, ਜਿਸ ਨੂੰ 'ਟੋਟੈਲਿਟੀ ਆਫ ਦਿ ਰਿਲੇਸ਼ਨਸ਼ਿਪ' ਕਿਹਾ ਜਾਂਦਾ ਹੈ। ਨਵੀਂ ਸਖ਼ਤੀ ਵਿਚ 'ਸਹਿ-ਨਿਵਾਸ' ਯਾਨੀ ਇਕੱਠੇ ਰਹਿਣਾ ਸਭ ਤੋਂ ਵੱਡੀ ਕਸੌਟੀ ਬਣ ਗਿਆ ਹੈ ਅਤੇ ਜੇਕਰ ਕੋਈ ਜੋੜਾ ਨੌਕਰੀ ਜਾਂ ਪੜ੍ਹਾਈ ਕਾਰਨ ਵੱਖ-ਵੱਖ ਸ਼ਹਿਰਾਂ ਵਿਚ ਰਹਿੰਦਾ ਹੈ, ਤਾਂ ਉਹ ਸਿੱਧਾ ਸ਼ੱਕ ਦੇ ਘੇਰੇ ਵਿਚ ਆ ਜਾਂਦਾ ਹੈ ਕਿਉਂਕਿ ਅਧਿਕਾਰੀਆਂ ਦਾ ਮੰਨਣਾ ਹੈ ਕਿ ਅਸਲੀ ਵਿਆਹ ਵਿਚ ਜੋੜਾ ਰੋਜ਼ਾਨਾ ਜੀਵਨ ਸਾਂਝਾ ਕਰਦਾ ਹੈ। ਇੰਨਾ ਹੀ ਨਹੀਂ, ਅਧਿਕਾਰੀ ਹੁਣ ਅਚਾਨਕ ਘਰਾਂ ਵਿਚ ਜਾ ਕੇ ਬੈੱਡਰੂਮ, ਅਲਮਾਰੀਆਂ ਅਤੇ ਸਾਂਝੀਆਂ ਵਸਤੂਆਂ ਦੀ ਜਾਂਚ ਕਰ ਰਹੇ ਹਨ ਅਤੇ ਗੁਆਂਢੀਆਂ ਤੋਂ ਵੀ ਪੁੱਛਗਿੱਛ ਕਰਦੇ ਹਨ, ਜੋ ਕਿ ਸਿਰਫ ਦਸਤਾਵੇਜ਼ਾਂ 'ਤੇ ਭਰੋਸਾ ਕਰਨ ਵਾਲੇ ਬਿਨੈਕਾਰਾਂ ਲਈ ਹੈਰਾਨ ਕਰਨ ਵਾਲਾ ਹੈ।

ਪਹਿਲਾਂ ਸਿਰਫ਼ ਵਿਆਹ ਦਾ ਸਰਟੀਫਿਕੇਟ ਅਤੇ ਕੁਝ ਤਸਵੀਰਾਂ ਕਾਫ਼ੀ ਹੁੰਦੀਆਂ ਸਨ, ਪਰ ਹੁਣ ਸਾਂਝੇ ਬੈਂਕ ਖਾਤੇ, ਸਾਂਝੇ ਖਰਚੇ, ਟੈਕਸ ਰਿਟਰਨ ਅਤੇ ਪਰਿਵਾਰਕ ਪ੍ਰੋਗਰਾਮਾਂ ਦੇ ਠੋਸ ਸਬੂਤਾਂ ਦੀ ਲੋੜ ਹੁੰਦੀ ਹੈ ਅਤੇ ਜੇ ਅਧਿਕਾਰੀਆਂ ਨੂੰ ਲੱਗੇ ਕਿ ਵਿਆਹ ਦਾ ਮੁੱਖ ਉਦੇਸ਼ ਸਿਰਫ਼ ਗ੍ਰੀਨ ਕਾਰਡ ਲੈਣਾ ਸੀ, ਤਾਂ ਪੂਰੀ ਤਰ੍ਹਾਂ ਵੈਧ ਅਤੇ ਰਜਿਸਟਰਡ ਵਿਆਹ ਨੂੰ ਵੀ ਖਾਰਜ ਕੀਤਾ ਜਾ ਸਕਦਾ ਹੈ। ਇਹ ਸਖ਼ਤੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਕਾਰਜਕਾਲ ਦੌਰਾਨ ਵਿਆਪਕ ਇਮੀਗ੍ਰੇਸ਼ਨ ਨੀਤੀ ਨੂੰ ਸਖ਼ਤ ਬਣਾਉਣ ਦੀ ਮੁਹਿੰਮ ਦਾ ਹਿੱਸਾ ਹੈ, ਤਾਂ ਜੋ ਫਰਜ਼ੀ ਵਿਆਹਾਂ ਅਤੇ ਏਜੰਟਾਂ ਦੇ ਨੈੱਟਵਰਕ ਨੂੰ ਰੋਕਿਆ ਜਾ ਸਕੇ, ਜਿਸ ਦੀ ਪੁਸ਼ਟੀ ਹੋਮਲੈਂਡ ਸਕਿਉਰਿਟੀ ਸਕੱਤਰ ਕ੍ਰਿਸਟੀ ਨੋਏਮ ਨੇ ਵੀ ਕੀਤੀ ਹੈ।

ਇਸ ਦਾ ਸਭ ਤੋਂ ਵੱਧ ਅਸਰ ਉਨ੍ਹਾਂ ਲੋਕਾਂ 'ਤੇ ਪੈ ਰਿਹਾ ਹੈ, ਜੋ ਵਿਆਹ ਤੋਂ ਬਾਅਦ ਵੱਖ ਰਹਿੰਦੇ ਹਨ ਜਾਂ ਜਿਨ੍ਹਾਂ ਦਾ ਵਿਆਹ ਬਹੁਤ ਜਲਦੀ ਤੈਅ ਹੋਇਆ ਸੀ, ਇਸ ਲਈ ਮਾਹਿਰਾਂ ਦੀ ਸਲਾਹ ਹੈ ਕਿ ਬਿਨੈਕਾਰਾਂ ਨੂੰ ਹੁਣ ਕਾਨੂੰਨੀ ਸਲਾਹ ਲੈਣ, ਸਾਂਝੇ ਜੀਵਨ ਦੇ ਸਬੂਤ ਸੰਭਾਲ ਕੇ ਰੱਖਣ ਅਤੇ ਇੰਟਰਵਿਊ ਵਿਚ ਸਪੱਸ਼ਟ ਜਵਾਬ ਦੇਣ ਵਰਗੀ ਸਾਵਧਾਨੀ ਵਰਤਣੀ ਚਾਹੀਦੀ ਹੈ।

## ਭਾਰਤੀ-ਅਮਰੀਕੀ ਪੁਲਕਿਤ ਦੇਸਾਈ ਨੇ ਨਿਊਜਰਸੀ ਸ਼ਹਿਰ ਦੇ ਮੇਅਰ ਵਜੋਂ ਚੁੱਕੀ ਸਹੁੰ



**ਨਿਊ ਜਰਸੀ, (ਪੰਜਾਬ ਮੇਲ)-** ਅਮਰੀਕੀ ਜਲ ਸੈਨਾ ਦੇ ਤਜ਼ਰਬੇਕਾਰ ਅਤੇ ਤਕਨਾਲੋਜੀ ਪੇਸ਼ੇਵਰ ਪੁਲਕਿਤ ਦੇਸਾਈ ਨੇ ਨਿਊਜਰਸੀ ਦੇ ਪਾਰਸਿਪਨੀ ਦੇ ਮੇਅਰ ਵਜੋਂ ਸਹੁੰ ਚੁੱਕੀ ਹੈ, ਜੋ ਕਿ ਇੱਕ ਕਰੀਬੀ ਮੁਕਾਬਲੇ ਵਾਲੀ ਚੋਣ ਜਿੱਤਣ ਤੋਂ ਬਾਅਦ ਟਾਊਨਸ਼ਿਪ ਦੇ ਪਹਿਲੇ ਭਾਰਤੀ ਅਮਰੀਕੀ ਮੇਅਰ ਬਣ ਗਏ ਹਨ।

ਡੈਮੋਕ੍ਰੇਟ ਪੁਲਕਿਤ ਦੇਸਾਈ ਨੇ ਮੇਅਰ ਦੀ ਦੌੜ ਜਿੱਤ ਲਈ, ਜਦੋਂ ਆਰਜ਼ੀ ਅਤੇ ਮੇਲ-ਇਨ ਵੋਟਾਂ ਨੇ ਰਿਪਬਲਿਕਨ ਮੌਜੂਦਾ ਮੇਅਰ ਜੇਮਜ਼ ਬਾਰਬੇਰੀਓ ਦੀ ਸ਼ੁਰੂਆਤੀ ਲੀਡ ਨੂੰ ਉਲਟਾ ਦਿੱਤਾ। ਦੇਸਾਈ ਨੇ ਅੰਤਿਮ ਵੋਟਾਂ ਦੀ ਗਿਣਤੀ ਵਿਚ ਥੋੜ੍ਹੀ ਜਿਹੀ ਲੀਡ ਹਾਸਲ ਕੀਤੀ, ਜਦੋਂਕਿ ਡੈਮੋਕ੍ਰੇਟਸ ਨੇ ਦੋ ਕੌਂਸਲ ਸੀਟਾਂ ਵੀ ਜਿੱਤੀਆਂ ਅਤੇ ਟਾਊਨਸ਼ਿਪ ਕੌਂਸਲ ਦਾ ਕੰਟਰੋਲ ਆਪਣੇ ਹੱਥ ਵਿਚ ਲੈ ਲਿਆ। ਸਹੁੰ ਚੁੱਕ ਸਮਾਗਮ 3 ਜਨਵਰੀ ਨੂੰ ਹੋਇਆ।

# ਨਿਊਯਾਰਕ ਸਿਟੀ ਗੁਰਦੁਆਰੇ ਦੀਆਂ ਕੰਧਾਂ 'ਤੇ ਨਫ਼ਰਤ ਭਰੀਆਂ ਗਰੈਫਿਟੀ ਪੇਂਟ ਕੀਤੀਆਂ



**ਨਿਊਯਾਰਕ, (ਪੰਜਾਬ ਮੇਲ)-** ਅਣਪਛਾਤੇ ਵਿਅਕਤੀਆਂ ਨੇ ਨਿਊਯਾਰਕ ਦੇ ਕਵੀਨਜ਼ ਦੇ ਰਿਚਮੰਡ ਹਿਲਜ਼ ਖੇਤਰ ਵਿਚ ਸਥਿਤ ਇੱਕ ਸਿੱਖ ਸੱਭਿਆਚਾਰਕ ਕੇਂਦਰ ਅਤੇ ਗੁਰਦੁਆਰੇ ਦੀਆਂ ਕੰਧਾਂ 'ਤੇ ਨਫ਼ਰਤ ਭਰੀਆਂ ਗ੍ਰੈਫਿਟੀ ਬਣਾਈਆਂ। ਭਾਈਚਾਰੇ ਦੇ ਮੈਂਬਰਾਂ ਨੇ ਇਸਨੂੰ ਨਫ਼ਰਤ ਅਪਰਾਧ ਕਿਹਾ ਅਤੇ ਸੁਰੱਖਿਆ ਚਿੰਤਾਵਾਂ ਜ਼ਾਹਰ ਕੀਤੀਆਂ। ਗੁਰਦੁਆਰਾ ਕਮੇਟੀ ਨੇ ਸਥਾਨਕ ਪੁਲਿਸ ਸਟੇਸ਼ਨ ਵਿਚ ਸ਼ਿਕਾਇਤ ਦਰਜ ਕਰਵਾਈ ਅਤੇ ਨਿਊਯਾਰਕ ਪੁਲਿਸ ਵਿਭਾਗ ਇਸ ਘਟਨਾ ਦੀ ਜਾਂਚ ਕਰ ਰਿਹਾ ਹੈ।

ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ, ਜਿਸ ਵਿਚ ਇੱਕ ਗੁਰਦੁਆਰਾ ਵੀ ਹੈ, ਪੰਜਾਬ ਐਵੇਨਿਊ 'ਤੇ ਸਥਿਤ ਹੈ, ਜੋ ਕਿ ਨਿਊਯਾਰਕ ਦੇ "ਛੋਟੇ ਪੰਜਾਬ" ਵਜੋਂ ਜਾਣੇ ਜਾਂਦੇ ਖੇਤਰ ਵਿਚ ਹੈ। ਸੈਂਟਰ ਦੀਆਂ ਕੰਧਾਂ 'ਤੇ "ਈ ਡਬਲਯੂ" ਅਤੇ "ਐੱਸ. ਐੱਮ. ਡੀ." ਸ਼ਬਦ ਸਪਰੇਅ-ਪੇਂਟ ਕੀਤੇ ਗਏ ਸਨ। ਇਹ ਸਪੱਸ਼ਟ ਨਹੀਂ ਹੈ ਕਿ ਇਹ ਘਟਨਾ ਕਦੋਂ ਵਾਪਰੀ। ਫੋਟੋਆਂ ਗ੍ਰੈਫਿਟੀ ਕੇਂਦਰ ਦੀਆਂ ਕੰਧਾਂ 'ਤੇ ਪੇਂਟ ਕੀਤੀਆਂ ਗਈਆਂ ਹਨ।

ਪੁਲਿਸ ਰਿਪੋਰਟ ਦਰਜ ਕਰਨ ਤੋਂ ਇਲਾਵਾ, ਸ਼ਹਿਰ ਦੇ ਨਵੇਂ ਮੇਅਰ, ਜ਼ੋਹਰਾਨ ਮਮਦਾਨੀ ਦੇ ਦਫ਼ਤਰ ਨੂੰ ਇਸ ਘਟਨਾ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਨਿਊਯਾਰਕ ਦੀ ਗਵਰਨਰ ਕੈਥੀ ਹੋਚੁਲ ਦੇ ਦਫ਼ਤਰ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਹੈ।

1999 ਵਿਚ ਗੁਰਦੁਆਰੇ ਦੇ ਨਿਰਮਾਣ ਤੋਂ ਬਾਅਦ ਇਹ ਪਹਿਲੀ ਵਾਰ ਹੋਇਆ ਹੈ, ਜਦੋਂ ਇਸ ਵਿਚ ਅਜਿਹੀ ਘਟਨਾ ਵਾਪਰੀ ਹੈ। ਸਾਰੇ ਮੈਂਬਰ ਬਹੁਤ ਚਿੰਤਤ ਹਨ ਅਤੇ ਇਸ ਘਟਨਾ ਸੰਬੰਧੀ ਵਾਧੂ ਸਾਵਧਾਨੀਆਂ ਵਰਤ ਰਹੇ ਹਨ।

ਕੇਂਦਰ ਦੇ ਉਸ ਪਾਸੇ ਕੋਈ ਸੀ.ਸੀ.ਟੀ.ਵੀ. ਕੈਮਰੇ ਨਹੀਂ ਸਨ, ਇਸ ਲਈ ਵਿਅਕਤੀਆਂ ਦੀ ਪਛਾਣ ਨਹੀਂ ਕਰ ਸਕੇ। ਕਮੇਟੀ ਨੇ ਪੁਲਿਸ ਵਿਭਾਗ ਨੂੰ ਬੇਨਤੀ ਕੀਤੀ ਹੈ ਕਿ ਉਹ ਘਟਨਾ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਦੀ ਪਛਾਣ ਕਰਨ ਲਈ ਨੇੜੇ ਰਹਿਣ ਵਾਲੇ ਸਥਾਨਕ ਨਿਵਾਸੀਆਂ ਦੇ ਸੀ.ਸੀ.ਟੀ.ਵੀ. ਫੁਟੇਜ ਦੀ ਜਾਂਚ ਕਰੇ।

ਇਹ ਕੇਂਦਰ ਇੱਕ ਅਜਿਹੇ ਖੇਤਰ ਵਿਚ ਇੱਕ ਪ੍ਰਮੁੱਖ ਸਥਾਨ 'ਤੇ ਹੈ, ਜਿੱਥੇ ਬਹੁਤ ਸਾਰੇ ਪੰਜਾਬੀ ਕਾਰੋਬਾਰੀ ਅਤੇ ਸਿੱਖ ਨਿਵਾਸੀ ਰਹਿੰਦੇ ਹਨ।


Global Allianz

ਕਾਨੂੰਨੀ ਸਲਾਹਾਂ

LAW FIRM LLP

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ



Atul Kapoor
C.E.O

Asylum & Deportation Defense



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਨਿਊਯਾਰਕ ਅਦਾਲਤ 'ਚ ਮਾਦੂਰੋ ਤੇ ਪਤਨੀ ਸਿਲੀਆ ਨੇ ਖੁਦ ਨੂੰ ਦੱਸਿਆ ਬੇਕਸੂਰ

- **ਮੈਂ ਆਪਣੇ ਦੇਸ਼ ਦਾ ਰਾਸ਼ਟਰਪਤੀ ਹਾਂ : ਮਾਦੂਰੋ**
- **ਗ੍ਰਿਫ਼ਤਾਰੀ ਵੇਲੇ ਗੰਭੀਰ ਸੱਟਾਂ ਲੱਗਣ ਦਾ ਦਾਅਵਾ**





**ਨਿਊਯਾਰਕ, (ਪੰਜਾਬ ਮੇਲ)**- ਅਮਰੀਕਾ ਵੱਲੋਂ ਹਿਰਾਸਤ ਵਿਚ ਲਏ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੇ ਮੈਨਹਟਨ ਦੀ ਫੈਡਰਲ ਅਦਾਲਤ ਵਿਚ ਪੇਸ਼ੀ ਦੌਰਾਨ ਖ਼ੁਦ ਨੂੰ ਬੇਕਸੂਰ ਦੱਸਿਆ। ਉਨ੍ਹਾਂ ਨਸ਼ਾ ਤਸਕਰੀ ਦੇ ਦੋਸ਼ ਨਕਾਰਦਿਆਂ ਕਿਹਾ, "ਮੈਂ ਬੇਕਸੂਰ ਹਾਂ, ਮੈਂ ਨੇਕ ਇਨਸਾਨ ਹਾਂ ਤੇ ਆਪਣੇ ਦੇਸ਼ ਦਾ ਰਾਸ਼ਟਰਪਤੀ ਹਾਂ।" ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ ਨੂੰ ਘਰੋਂ ਅਗਵਾ ਕੀਤਾ ਗਿਆ ਹੈ ਅਤੇ ਉਹ ਜੰਗੀ ਕੈਦੀ ਹਨ। ਮਾਦੂਰੋ ਨਾਲ ਉਨ੍ਹਾਂ ਦੀ ਪਤਨੀ ਸਿਲੀਆ ਫਲੋਰਸ ਵੀ ਅਦਾਲਤ ਵਿਚ ਪੇਸ਼ ਹੋਈ, ਜਿਸ ਨੇ ਵੀ ਦੋਸ਼ ਨਕਾਰ ਦਿੱਤੇ। ਸਿਲੀਆ ਦੇ ਮੱਥੇ ਅਤੇ ਸਿਰ 'ਤੇ ਪੱਟੀਆਂ ਬੱਝੀਆਂ ਹੋਈਆਂ ਸਨ। ਉਨ੍ਹਾਂ ਮਾਦੂਰੋ ਅਤੇ ਉਨ੍ਹਾਂ ਦੀ ਪਤਨੀ ਦੀ ਗ੍ਰਿਫ਼ਤਾਰੀ ਨੂੰ ਗ਼ੈਰ-ਕਾਨੂੰਨੀ ਦੱਸਿਆ। ਦੋਵਾਂ ਨੂੰ ਭਾਰੀ ਸੁਰੱਖਿਆ ਹੇਠ ਬਰੁਕਲਿਨ ਜੇਲ੍ਹ ਤੋਂ ਅਦਾਲਤ ਲਿਆਂਦਾ ਗਿਆ ਸੀ। ਮਾਦੂਰੋ ਦੇ ਵਕੀਲ ਬੈਰੀ ਪੋਲੈਕ ਨੇ ਦਲੀਲ ਦਿੱਤੀ ਕਿ ਮਾਦੂਰੋ ਆਪਣੇ ਦੇਸ਼ ਦੇ ਮੁਖੀ ਹਨ, ਇਸ ਲਈ ਉਨ੍ਹਾਂ ਨੂੰ ਕਾਨੂੰਨੀ ਛੋਟ ਮਿਲਣੀ ਚਾਹੀਦੀ ਹੈ। ਦੂਜੇ ਪਾਸੇ, ਅਮਰੀਕਾ ਮਾਦੂਰੋ ਨੂੰ ਜਾਇਜ਼ ਰਾਸ਼ਟਰਪਤੀ ਨਹੀਂ ਮੰਨਦਾ। ਅਦਾਲਤੀ ਦਸਤਾਵੇਜ਼ਾਂ ਵਿਚ ਮਾਦੂਰੋ ਅਤੇ ਹੋਰਾਂ 'ਤੇ ਨਸ਼ਾ ਤਸਕਰੀ ਰਾਹੀਂ ਅਮਰੀਕਾ ਵਿਚ ਕੋਕੀਨ ਭੇਜਣ ਅਤੇ ਹੱਤਿਆਵਾਂ ਦੇ ਗੰਭੀਰ ਦੋਸ਼ ਲਾਏ ਗਏ ਹਨ। ਮਾਦੂਰੋ ਦੇ ਪੁੱਤਰ ਨਿਕੋਲਸ ਮਾਦੂਰੋ ਗੁਏਰਾ ਨੇ ਕਿਹਾ ਕਿ ਕਿਸੇ ਰਾਸ਼ਟਰਪਤੀ ਨੂੰ

## ਡੈਲਸੀ ਨੇ ਅੰਤਰਿਮ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਿਆ



**ਕਰਾਕਸ, (ਪੰਜਾਬ ਮੇਲ)**- ਵੈਨੇਜ਼ੁਏਲਾ ਵਿਚ ਚੱਲ ਰਹੀ ਸਿਆਸੀ ਉਥਲ-ਪੁਥਲ ਦੌਰਾਨ ਡੈਲਸੀ ਰੌਡਰਿਗਜ਼ ਨੇ ਮੁਲਕ ਦੀ ਅੰਤਰਿਮ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲ ਲਿਆ। ਇਸ ਤੋਂ ਪਹਿਲਾਂ ਉਹ ਨਿਕੋਲਸ ਮਾਦੂਰੋ ਦੇ ਕਾਰਜਕਾਲ ਦੌਰਾਨ ਉਪ ਰਾਸ਼ਟਰਪਤੀ ਵਜੋਂ ਸੇਵਾਵਾਂ ਨਿਭਾਅ ਰਹੀ ਸੀ। ਦੇਸ਼ ਦੇ ਸੰਸਦ ਭਵਨ ਵਿਚ ਸਹੁੰ ਚੁਕਾਉਣ ਦੀ ਰਸਮ ਉਨ੍ਹਾਂ ਦੇ ਭਰਾ ਅਤੇ ਨੈਸ਼ਨਲ ਅਸੈਂਬਲੀ ਦੇ ਆਗੂ ਜੌਰਜ ਰੋਡਰਿਗਜ਼ ਨੇ ਨਿਭਾਈ। ਉਨ੍ਹਾਂ ਅਮਰੀਕਾ ਦੇ ਟਰੰਪ ਪ੍ਰਸ਼ਾਸਨ ਨਾਲ ਮਿਲ ਕੇ ਕੰਮ ਕਰਨ ਦਾ ਅਹਿਦ ਲਿਆ ਹੈ।






# ਅਮਰੀਕਾ ਆਉਣ-ਜਾਣ ਵਾਲੇ ਕੈਨੇਡੀਅਨਾਂ ਲਈ ਨਵੇਂ ਸਰਹੱਦੀ ਨਿਯਮ ਲਾਗੂ

**ਹੁਣ ਕੈਨੇਡੀਅਨ ਨਾਗਰਿਕਾਂ ਸਮੇਤ ਗੈਰ ਅਮਰੀਕੀ ਨਾਗਰਿਕਾਂ ਦੀ ਹੋਵੇਗੀ ਫੋਟੋਗ੍ਰਾਫੀ**



**ਓਟਵਾ, (ਪੰਜਾਬ ਮੇਲ)-** ਅਮਰੀਕਾ ਜਾਣ ਵਾਲੇ ਜਾਂ ਉੱਥੋਂ ਵਾਪਸ ਆਉਣ ਵਾਲੇ ਕੈਨੇਡੀਅਨ ਯਾਤਰੀਆਂ ਲਈ ਨਵੇਂ ਸਰਹੱਦੀ ਨਿਯਮ ਲਾਗੂ ਹੋ ਗਏ ਹਨ। ਅਮਰੀਕੀ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ.) ਦੇ ਤਾਜ਼ਾ ਹੁਕਮਾਂ ਅਨੁਸਾਰ ਹੁਣ ਸਾਰੇ ਗੈਰ-ਅਮਰੀਕੀ ਨਾਗਰਿਕਾਂ, ਜਿਨ੍ਹਾਂ ਵਿਚ ਕੈਨੇਡੀਅਨ ਵੀ ਸ਼ਾਮਲ ਹਨ, ਦੀ ਅਮਰੀਕਾ ਵਿਚ ਦਾਖ਼ਲੇ ਅਤੇ ਨਿਕਾਸ ਸਮੇਂ ਫੋਟੋ ਖਿੱਚੀ ਜਾਵੇਗੀ। ਇਹ ਨਿਯਮ ਹਵਾਈ, ਥੱਲ ਅਤੇ ਸਮੁੰਦਰੀ ਸਾਰੇ ਬਾਰਡਰ ਪੋਰਟਾਂ 'ਤੇ ਲਾਗੂ ਹੋਣਗੇ।

ਇਸ ਨੀਤੀ ਹੇਠ ਸੀ.ਬੀ.ਪੀ. ਦੇ ਬਾਇਓਮੈਟ੍ਰਿਕ ਸਿਸਟਮ ਨੂੰ ਵੀ ਵਧਾਇਆ ਗਿਆ ਹੈ, ਜਿਸ ਰਾਹੀਂ ਯਾਤਰੀਆਂ ਦੀ ਆਵਾਜਾਈ ਨੂੰ ਟਰੈਕ ਕੀਤਾ ਜਾਵੇਗਾ। ਬਾਇਓਮੈਟ੍ਰਿਕਸ 'ਚ ਚਿਹਰੇ ਦੀ ਬਣਤਰ ਅਤੇ ਉਂਗਲਾਂ ਦੇ ਨਿਸ਼ਾਨ ਵਰਗੀਆਂ ਵਿਲੱਖਣ ਸਰੀਰਕ ਪਛਾਣਾਂ ਸ਼ਾਮਲ ਹੁੰਦੀਆਂ ਹਨ। ਅਮਰੀਕੀ ਹੋਮਲੈਂਡ ਸਿਕਿਓਰਿਟੀ ਵਿਭਾਗ ਮੁਤਾਬਕ ਕੁਝ ਮਾਮਲਿਆਂ ਵਿਚ ਯਾਤਰੀਆਂ ਦੇ ਫਿੰਗਰਪ੍ਰਿੰਟ ਵੀ ਇਕੱਠੇ ਕੀਤੇ ਜਾ ਸਕਦੇ ਹਨ ਅਤੇ ਇਹ ਡਾਟਾ 75 ਸਾਲ ਤੱਕ ਸੰਭਾਲਿਆ ਜਾ ਸਕਦਾ ਹੈ।

ਸੀ.ਬੀ.ਪੀ. ਨੇ ਸਪੱਸ਼ਟ ਕੀਤਾ ਹੈ ਕਿ ਇਹ ਪ੍ਰਕਿਰਿਆ ਨਿਗਰਾਨੀ (ਸਰਵੇਲਾਂਸ) ਕਾਰਜਕ੍ਰਮ ਨਹੀਂ ਹੈ, ਸਗੋਂ ਖੁੱਲ੍ਹੇ ਤੌਰ 'ਤੇ ਕੀਤੀ ਜਾਣ ਵਾਲੀ ਪਛਾਣ ਪੁਸ਼ਟੀ ਪ੍ਰਣਾਲੀ ਹੈ, ਜਿਸ ਬਾਰੇ ਯਾਤਰੀਆਂ ਨੂੰ ਸਪੱਸ਼ਟ ਸੂਚਨਾ ਦਿੱਤੀ ਜਾਂਦੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਨਾਲ ਸੁਰੱਖਿਆ ਮਜ਼ਬੂਤ ਹੋਵੇਗੀ ਅਤੇ ਯਾਤਰਾ ਪ੍ਰਕਿਰਿਆ ਤੇਜ਼ ਹੋਵੇਗੀ। ਇਸ ਦਰਮਿਆਨ, ਸਟੈਟਿਸਟਿਕਸ ਕੈਨੇਡਾ ਅਨੁਸਾਰ ਅਕਤੂਬਰ ਮਹੀਨੇ ਅਮਰੀਕਾ ਤੋਂ ਕਾਰ ਰਾਹੀਂ ਵਾਪਸੀ ਕਰਨ ਵਾਲੇ ਕੈਨੇਡੀਅਨਾਂ ਦੀ ਗਿਣਤੀ ਵਿਚ 30 ਫੀਸਦੀ ਤੋਂ ਵੱਧ ਕਮੀ ਦਰਜ ਕੀਤੀ ਗਈ ਹੈ। ਨਵੇਂ ਨਿਯਮਾਂ ਨਾਲ ਇਹ ਵੇਖਣਾ ਦਿਲਚਸਪ ਹੋਵੇਗਾ ਕਿ ਇਸ ਦਾ ਕੀ ਅਸਰ ਪੈਂਦਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com


**ਅਮਰੀਕੀ ਥਿੰਕ ਟੈਂਕ ਵੱਲੋਂ ਚਿਤਾਵਨੀ :**

## 2026 'ਚ ਹਥਿਆਰਬੰਦ ਝੜਪਾਂ 'ਚ ਬਦਲ ਸਕਦੈ ਪਾਕਿ ਦਾ ਭਾਰਤ ਤੇ ਅਫ਼ਗਾਨਿਸਤਾਨ ਨਾਲ ਟਕਰਾਅ

**ਵਾਸ਼ਿੰਗਟਨ, (ਪੰਜਾਬ ਮੇਲ)-** ਇਕ ਅਮਰੀਕੀ ਥਿੰਕ ਟੈਂਕ ਨੇ ਚਿਤਾਵਨੀ ਦਿੱਤੀ ਹੈ ਕਿ ਭਾਰਤ ਅਤੇ ਅਫ਼ਗਾਨਿਸਤਾਨ ਨਾਲ ਪਾਕਿਸਤਾਨ ਦਾ ਵਧਦਾ ਟਕਰਾਅ ਸਾਲ 2026 'ਚ ਇਕ ਵਾਰ ਫਿਰ ਹਥਿਆਰਬੰਦ ਝੜਪਾਂ 'ਚ ਬਦਲ ਸਕਦਾ ਹੈ, ਜਿਸ ਨਾਲ ਦੱਖਣੀ ਏਸ਼ੀਆ ਦੁਨੀਆਂ ਦੇ ਸਭ ਤੋਂ ਖ਼ਤਰਨਾਕ ਟਕਰਾਅ ਬਿੰਦੂਆਂ 'ਚ ਸ਼ਾਮਲ ਹੋ ਸਕਦਾ ਹੈ। ਇਹ ਚਿਤਾਵਨੀ ਕੌਂਸਲ ਆਨ ਫਾਰੇਨ ਰਿਲੇਸ਼ਨਜ਼ (ਸੀ.ਐੱਫ.ਆਰ.) ਨੇ ਆਪਣੇ ਸੈਂਟਰ ਫ਼ਾਰ ਪ੍ਰੀਵੈਂਟਿਵ ਐਕਸ਼ਨ ਦੁਆਰਾ ਪ੍ਰਕਾਸ਼ਿਤ 'ਕਾਨਫ਼ਲਿਕਟਸ ਟੂ ਵਾਚ ਇਨ 2026' ਸਿਰਲੇਖ ਵਾਲੀ ਆਪਣੀ ਤਾਜ਼ਾ ਰਿਪੋਰਟ 'ਚ ਜਾਰੀ ਕੀਤੀ ਹੈ।

ਰਿਪੋਰਟ ਅਨੁਸਾਰ ਪਾਕਿ ਅਤੇ ਭਾਰਤ ਵਿਚਕਾਰ ਨਵੇਂ ਸਿਰਿਓਂ ਸ਼ੁਰੂ ਹੋਣ ਵਾਲੇ ਹਥਿਆਰਬੰਦ ਟਕਰਾਅ ਦਾ ਭਾਰਤੀ ਜੰਮੂ-ਕਸ਼ਮੀਰ ਅਤੇ ਪੀ.ਓ.ਕੇ. (ਪਾਕਿਸਤਾਨੀ ਕਬਜ਼ੇ ਵਾਲਾ ਕਸ਼ਮੀਰ) 'ਤੇ ਵਧੇਰੇ ਪ੍ਰਭਾਵ ਪੈਣ ਦੀ ਸੰਭਾਵਨਾ ਹੈ, ਜੋ ਦੋਵਾਂ ਪ੍ਰਮਾਣੂ ਹਥਿਆਰਬੰਦ ਗੁਆਂਢੀਆਂ ਨੂੰ ਫ਼ੌਜੀ ਟਕਰਾਅ ਵੱਲ ਵਾਪਸ ਧੱਕ ਸਕਦਾ ਹੈ। ਰਿਪੋਰਟ 'ਚ ਚਿਤਾਵਨੀ ਦਿੱਤੀ ਗਈ ਹੈ ਕਿ ਪਾਕਿਸਤਾਨੀ ਫ਼ੌਜ ਦੀ ਸਰਪ੍ਰਸਤੀ ਹੇਠ ਅੱਤਵਾਦੀਆਂ ਦੀਆਂ ਕਸ਼ਮੀਰ 'ਚ ਵਧਦੀਆਂ ਸਰਗਰਮੀਆਂ ਅਤੇ ਪਾਕਿ 'ਚ ਅੱਤਵਾਦੀ ਸਮੂਹਾਂ ਵੱਲੋਂ ਬਣਾਏ ਜਾ ਰਹੇ ਸਿਖਲਾਈ ਕੇਂਦਰ ਇਕ ਵਾਰ ਫਿਰ ਇਸਲਾਮਾਬਾਦ ਅਤੇ ਨਵੀਂ ਦਿੱਲੀ ਵਿਚਕਾਰ ਸਿੱਧੀਆਂ ਫ਼ੌਜੀ ਝੜਪਾਂ ਦਾ ਕਾਰਨ ਬਣ ਸਕਦੇ ਹਨ, ਜਿਸ ਨਾਲ ਖੇਤਰੀ ਸਥਿਰਤਾ ਲਈ ਗੰਭੀਰ ਜੋਖ਼ਮ ਪੈਦਾ ਹੋ ਸਕਦੇ ਹਨ।

# ਅਮਰੀਕਾ ਤੋਂ ਕੈਨੇਡਾ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੇ 19 ਪ੍ਰਵਾਸੀ ਕਾਬੂ



**ਕਿਊਬਿਕ, (ਪੰਜਾਬ ਮੇਲ)-** ਕੈਨੇਡਾ 'ਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੇ 19 ਪ੍ਰਵਾਸੀਆਂ ਨੂੰ ਆਰ.ਸੀ.ਐੱਮ.ਪੀ. ਨੇ ਕਿਊਬਕ ਦੇ ਮੌਂਟੇਰੇਜ਼ੀ ਇਲਾਕੇ ਵਿਚ ਕਾਬੂ ਕਰ ਲਿਆ। ਇਹ ਪ੍ਰਵਾਸੀ ਅਮਰੀਕਾ ਵਿਚ ਟਰੰਪ ਸਰਕਾਰ ਦੇ ਸਖ਼ਤ ਇਮੀਗ੍ਰੇਸ਼ਨ ਛਾਪਿਆਂ ਤੋਂ ਬਚਣ ਲਈ ਬਰਫ਼ੀਲੇ ਮੌਸਮ ਦਾ ਫਾਇਦਾ ਚੁੱਕ ਕੇ ਰਾਤ ਦੇ ਹਨੇਰੇ 'ਚ ਇੰਟਰਨੈਸ਼ਨਲ ਬਾਰਡਰ ਪਾਰ ਕਰ ਰਹੇ ਸਨ। ਅਮਰੀਕੀ ਬਾਰਡਰ ਪੈਟਰੋਲ ਦੀ ਸੂਚਨਾ 'ਤੇ ਆਰ.ਸੀ.ਐੱਮ.ਪੀ. ਨੇ ਕਾਰਵਾਈ ਕੀਤੀ। ਗਰੁੱਪ ਵਿਚ ਦੋ ਬੱਚੇ ਅਤੇ ਇੱਕ ਲਗਭਗ 60 ਸਾਲ ਦਾ ਵਿਅਕਤੀ ਵੀ ਸ਼ਾਮਲ ਸੀ। ਭਿਆਨਕ ਠੰਡ ਕਾਰਨ 6 ਲੋਕ ਫਰੌਸਟ ਬਾਈਟ ਦਾ ਸ਼ਿਕਾਰ ਹੋਏ, ਜਿਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ। ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਅੰਤਾਂ ਦੀ ਸਰਦੀ 'ਚ ਗੈਰਕਾਨੂੰਨੀ ਤਰੀਕੇ ਨਾਲ ਬਾਰਡਰ ਪਾਰ ਕਰਨਾ ਜਾਨਲੇਵਾ ਸਾਬਤ ਹੋ ਸਕਦਾ ਹੈ। ਸੀ-12 ਕਾਨੂੰਨ ਤੋਂ ਬਾਅਦ ਅਜਿਹੇ ਮਾਮਲਿਆਂ 'ਚ ਡਿਪੋਰਟੇਸ਼ਨ ਦਾ ਖ਼ਤਰਾ ਹੋਰ ਵੱਧ ਗਿਆ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

Designed By Punjab Mail USA

# ਕੈਲੀਫੋਰਨੀਆ ਦੀ ਖੁੱਲ੍ਹੇਆਮ ਹਥਿਆਰ ਰੱਖਣ ’ਤੇ ਪਾਬੰਦੀ ਗੈਰ-ਸੰਵਿਧਾਨਕ : ਅਮਰੀਕੀ ਅਦਾਲਤ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਇੱਕ ਅਮਰੀਕੀ ਅਪੀਲ ਅਦਾਲਤ ਨੇ 2 ਜਨਵਰੀ ਨੂੰ ਫੈਸਲਾ ਸੁਣਾਇਆ ਕਿ ਕੈਲੀਫੋਰਨੀਆ ਵਿਚ ਖੁੱਲ੍ਹੇਆਮ ਹੈਂਡਗਨ ਲੈ ਕੇ ਜਾਣ ’ਤੇ ਪਾਬੰਦੀ ਗੈਰ-ਸੰਵਿਧਾਨਕ ਹੈ। ਸਾਨ ਫਰਾਂਸਿਸਕੋ ਸਥਿਤ 9ਵੀਂ ਅਮਰੀਕੀ ਸਰਕਟ ਕੋਰਟ ਆਫ਼ ਅਪੀਲਜ਼ ਨੇ 2-1 ਦੇ ਬਹੁਮਤ ਨਾਲ ਇਹ ਫੈਸਲਾ ਸੁਣਾਇਆ। ਅਦਾਲਤ ਨੇ ਕਿਹਾ ਕਿ 200,000 ਤੋਂ ਵੱਧ ਆਬਾਦੀ ਵਾਲੀਆਂ ਕਾਉਂਟੀਆਂ ਵਿਚ ਖੁੱਲ੍ਹੇਆਮ ਹਥਿਆਰ ਲੈ ਕੇ ਜਾਣ ’ਤੇ ਪਾਬੰਦੀ ਅਮਰੀਕੀ ਸੰਵਿਧਾਨ ਦੇ ਦੂਜੇ ਸੋਧ ਦੀ ਉਲੰਘਣਾ ਕਰਦੀ ਹੈ।



ਕੈਲੀਫੋਰਨੀਆ ਦੀ ਲਗਭਗ 95 ਪ੍ਰਤੀਸ਼ਤ ਆਬਾਦੀ ਇੰਨੀਆਂ ਵੱਡੀਆਂ ਕਾਉਂਟੀਆਂ ਵਿਚ ਰਹਿੰਦੀ ਹੈ। ਰਾਜ ਵਿਚ ਪਹਿਲਾਂ ਹੀ ਦੇਸ਼ ਦੇ ਕੁਝ ਸਭ ਤੋਂ ਸਖ਼ਤ ਬੰਦੂਕ ਕੰਟਰੋਲ ਕਾਨੂੰਨ ਹਨ। ਇਹ ਕੇਸ ਮਾਰਕ ਬੇਅਰਡ, ਇੱਕ ਬੰਦੂਕ ਮਾਲਕ ਦੁਆਰਾ ਦਾਇਰ ਕੀਤਾ ਗਿਆ ਸੀ, ਜਿਸਦੇ ਹੱਕ ਵਿਚ ਅਦਾਲਤ ਨੇ ਅੰਸ਼ਕ ਤੌਰ ’ਤੇ ਫੈਸਲਾ ਸੁਣਾਇਆ।

ਇਸ ਫੈਸਲੇ ਵਿਚ, ਜੱਜ ਲਾਰੈਂਸ ਵੈਨਡਾਈਕ ਨੇ ਕਿਹਾ ਕਿ ਇਹ ਕੈਲੀਫੋਰਨੀਆ ਕਾਨੂੰਨ 2022 ਵਿਚ ਸੁਪਰੀਮ ਕੋਰਟ ਦੇ ਇਤਿਹਾਸਕ ਫੈਸਲੇ ਤੋਂ ਬਾਅਦ ਨਹੀਂ ਰਹਿ ਸਕਦਾ। 2022 ਵਿਚ, ਸੁਪਰੀਮ ਕੋਰਟ ਨੇ ਨਿਊਯਾਰਕ ਸਟੇਟ ਰਾਈਫਲ ਐਂਡ ਪਿਸਟਲ ਐਸੋਸੀਏਸ਼ਨ ਬਨਾਮ ਬਰੂਏਨ ਵਿਚ ਫੈਸਲਾ ਸੁਣਾਇਆ ਕਿ ਹਥਿਆਰਾਂ ਦੇ ਕਾਨੂੰਨ ਤਾਂ ਹੀ ਵੈਧ ਹਨ ਜੇਕਰ ਉਹ ਅਮਰੀਕਾ ਦੀਆਂ ਇਤਿਹਾਸਕ ਪ੍ਰੰਪਰਾਵਾਂ ਦੇ ਅਨੁਕੂਲ ਹੋਣ।

ਜੱਜ ਵੈਨਡਾਈਕ ਨੇ ਕਿਹਾ ਕਿ ਖੁੱਲ੍ਹੇਆਮ ਹਥਿਆਰ ਰੱਖਣਾ ਅਮਰੀਕੀ ਇਤਿਹਾਸ ਦਾ ਹਿੱਸਾ ਰਿਹਾ ਹੈ, ਜੋ ਕਿ 1791 ਵਿਚ ਬਿੱਲ ਆਫ਼ ਰਾਈਟਸ ਲਾਗੂ ਹੋਣ ਤੋਂ ਪਹਿਲਾਂ ਦਾ ਹੈ। ਉਸਨੇ ਇਹ ਵੀ ਦੱਸਿਆ ਕਿ ਅੱਜ ਵੀ, ਅਮਰੀਕਾ ਦੇ 30 ਤੋਂ ਵੱਧ ਰਾਜਾਂ ਵਿਚ ਖੁੱਲ੍ਹੇ ਵਿਚ ਹਥਿਆਰ ਲਿਜਾਣ ਦੀ ਇਜਾਜ਼ਤ ਹੈ ਅਤੇ ਕੈਲੀਫੋਰਨੀਆ ਵਿਚ ਹੀ, 2012 ਤੱਕ ਖੁੱਲ੍ਹੇ ਵਿਚ ਹਥਿਆਰ ਲਿਜਾਣ ਦੀ ਇਜਾਜ਼ਤ ਸੀ। ਹਾਲਾਂਕਿ, ਅਦਾਲਤ ਨੇ ਬੇਅਰਡ ਦੀ ਛੋਟੀ ਆਬਾਦੀ ਵਾਲੀਆਂ ਕਾਉਂਟੀਆਂ ਵਿਚ ਲਾਇਸੈਂਸ ਨਿਯਮਾਂ ਪ੍ਰਤੀ ਚੁਣੌਤੀ ਨੂੰ ਰੱਦ ਕਰ ਦਿੱਤਾ, ਜਿੱਥੇ ਪਰਮਿਟ ਦੁਆਰਾ ਖੁੱਲ੍ਹੇ ਕੈਰੀ ਦੀ ਅਜੇ ਵੀ ਆਗਿਆ ਦਿੱਤੀ ਜਾ ਸਕਦੀ ਹੈ।

ਇੱਕ ਜੱਜ ਨੇ ਫੈਸਲੇ ਤੋਂ ਅਸਹਿਮਤੀ ਪ੍ਰਗਟ ਕਰਦੇ ਹੋਏ ਕਿਹਾ ਕਿ ਕੈਲੀਫੋਰਨੀਆ ਦੇ ਸਾਰੇ ਬੰਦੂਕ ਕਾਨੂੰਨ ਸੁਪਰੀਮ ਕੋਰਟ ਦੇ ਫੈਸਲੇ ਦੇ ਅਨੁਕੂਲ ਹਨ। ਇਸ ਦੌਰਾਨ, ਕੈਲੀਫੋਰਨੀਆ ਦੇ ਅਟਾਰਨੀ ਜਨਰਲ ਰੌਬ ਬੋਂਟਾ ਦੇ ਦਫ਼ਤਰ ਨੇ ਕਿਹਾ ਕਿ ਉਹ ਹੋਰ ਕਾਨੂੰਨੀ ਵਿਕਲਪਾਂ ’ਤੇ ਵਿਚਾਰ ਕਰ ਰਿਹਾ ਹੈ ਅਤੇ ਰਾਜ ਆਪਣੇ ਬੰਦੂਕ ਕਾਨੂੰਨਾਂ ਦਾ ਬਚਾਅ ਕਰਨਾ ਜਾਰੀ ਰੱਖੇਗਾ।

2022 ਦੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ, ਸੰਯੁਕਤ ਰਾਜ ਅਮਰੀਕਾ ਵਿਚ ਆਧੁਨਿਕ ਬੰਦੂਕ ਕਾਨੂੰਨਾਂ ਲਈ ਕਈ ਕਾਨੂੰਨੀ ਚੁਣੌਤੀਆਂ ਸਾਹਮਣੇ ਆਈਆਂ ਹਨ। ਇਸੇ ਤਰ੍ਹਾਂ, ਸਤੰਬਰ 2024 ਵਿਚ, ਇਸੇ ਅਦਾਲਤ ਨੇ ਕੈਲੀਫੋਰਨੀਆ ਦੇ ਇੱਕ ਕਾਨੂੰਨ ਨੂੰ ਬਰਕਰਾਰ ਰੱਖਿਆ, ਜਿਸ ਵਿਚ ਬਾਰ, ਪਾਰਕ, ਸਟੇਡੀਅਮ ਅਤੇ ਅਜਾਇਬ ਘਰ ਵਰਗੀਆਂ ਸੰਵੇਦਨਸ਼ੀਲ ਥਾਵਾਂ ’ਤੇ ਹਥਿਆਰ ਲੈ ਕੇ ਜਾਣ ’ਤੇ ਪਾਬੰਦੀ ਲਗਾਈ ਗਈ ਸੀ।


## ਮਮਦਾਨੀ ਵੱਲੋਂ ਇਜ਼ਰਾਈਲ ਸਮੇਤ ਸਾਬਕਾ ਮੇਅਰ ਦੁਆਰਾ ਜਾਰੀ ਹੋਰ ਕਈ ਆਦੇਸ਼ ਰੱਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਨਿਊਯਾਰਕ ਸ਼ਹਿਰ ਦੇ ਮੇਅਰ ਜੋਹਰਨ ਮਮਦਾਨੀ ਨੇ ਅਹੁਦਾ ਸੰਭਾਲਣ ਉਪਰੰਤ ਪਹਿਲੇ ਦਿਨ ਉਨ੍ਹਾਂ ਸਾਰੇ ਆਦੇਸ਼ਾਂ ਉਪਰ ਲਕੀਰ ਫੇਰ ਦਿੱਤੀ, ਜੋ ਸਾਬਕਾ ਮੇਅਰ ਏਰਿਕ ਐਡਮਜ਼ ਨੇ 26 ਸਤੰਬਰ 2024 ਵਿਚ ਆਪਣੇ ਉਪਰ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਬਾਅਦ ਜਾਰੀ ਕੀਤੇ ਸਨ। ਇਨ੍ਹਾਂ ਵਿਚ ਦੋ ਆਦੇਸ਼ ਇਜ਼ਰਾਈਲ ਨਾਲ ਸਬੰਧਤ ਹਨ, ਜਿਨ੍ਹਾਂ ਨੂੰ ਮਮਦਾਨੀ ਨੇ ਰੱਦ ਕਰ ਦਿੱਤਾ। ਮਮਦਾਨੀ ਨੇ ਸਾਬਕਾ ਮੇਅਰ ਐਡਮਜ਼ ਵੱਲੋਂ ਜਾਰੀ ਉਹ ਆਦੇਸ਼ ਰੱਦ ਕਰ ਦਿੱਤਾ, ਜਿਸ ਤਹਿਤ ਸ਼ਹਿਰ ਦੀਆਂ ਏਜੰਸੀਆਂ ਉਪਰ ਇਜ਼ਰਾਈਲ ਦਾ ਬਾਈਕਾਟ ਕਰਨ ਉਪਰ ਰੋਕ ਲਾਈ ਗਈ ਸੀ। ਮਮਦਾਨੀ ਨੇ ਇੰਟਰਨੈਸ਼ਨਲ ਹੋਲੋਕਾਸਟ ਰਿਮੈਂਬਰੈਂਸ ਅਲਾਇੰਸ ਦੀ ਯਹੂਦੀਆਂ ਵਿਰੋਧੀ ਪ੍ਰੀਭਾਸ਼ਾ ਅਪਣਾਉਣ ਬਾਰੇ ਜਾਰੀ ਆਦੇਸ਼ ਵੀ ਰੱਦ ਕਰ ਦਿੱਤਾ। ਹਾਲਾਂਕਿ ਮਮਦਾਨੀ ਨੇ ਐਡਮਜ਼ ਵੱਲੋਂ ਯਹੂਦੀ ਵਿਰੋਧੀਆਂ ਨਾਲ ਮੁਕਾਬਲੇ ਲਈ ਮਈ ਵਿਚ ਸ਼ੁਰੂ ਕੀਤੇ ਨਵੇਂ ਦਫਤਰ ਨੂੰ ਕਾਇਮ ਰੱਖਿਆ ਹੈ। ਡੈਮੋਕ੍ਰੈਟਿਕ ਸੋਸ਼ਲਿਸਟ ਆਗੂ ਮਮਦਾਨੀ ਜੋ ਮੇਅਰ ਦੀ ਚੋਣ ਜਿੱਤ ਕੇ ਨਿਊਯਾਰਕ ਸ਼ਹਿਰ ਦੇ ਪਹਿਲੇ ਮੁਸਲਮਾਨ ਮੇਅਰ ਬਣੇ ਹਨ, ਫਲਸਤੀਨੀ ਹੱਕਾਂ ਦੇ ਅਲੰਬਰਦਾਰ ਹਨ। ਮਮਦਾਨੀ ਪਹਿਲਾਂ ਹੀ ਬਾਈਕਾਟ, ਡਿਵੈਸਟਮੈਂਟ, ਸੈਂਕਸ਼ਨਜ (ਬੀ.ਡੀ.ਐੱਸ.) ਮੂਵਮੈਂਟ ਦਾ ਸਮਰਥਨ ਕਰ ਚੁੱਕੇ ਹਨ, ਜਿਸ ਦਾ ਮਕਸਦ ਫਲਸਤੀਨੀਆਂ ਦੇ ਮੁੱਦੇ ’ਤੇ ਇਜ਼ਰਾਈਲ ਨੂੰ ਮਿਲਦੇ ਕੌਮਾਂਤਰੀ ਸਮਰਥਨ ਨੂੰ ਰੋਕਣਾ ਹੈ। ਮੂਵਮੈਂਟ ਵੱਲੋਂ ਇਜ਼ਰਾਈਲ ਉਪਰ ਕੌਮਾਂਤਰੀ ਆਰਥਿਕ ਪਾਬੰਦੀਆਂ ਲਾਉਣ ਦੀ ਮੰਗ ਕੀਤੀ ਜਾ ਰਹੀ ਹੈ।



# ਟਰੰਪ ਵੱਲੋਂ ਇਕ ਵਾਰ ਫਿਰ ਭਾਰਤ ’ਤੇ ਟੈਰਿਫ ਵਧਾਉਣ ਦੀ ਚਿਤਾਵਨੀ

**ਵਾਸ਼ਿੰਗਟਨ, (ਪੰਜਾਬ ਮੇਲ)-** ਬੀਤੇ ਦਿਨੀਂ ਵੈਨੇਜ਼ੁਏਲਾ ’ਤੇ ਕੀਤੀ ਏਅਰਸਟ੍ਰਾਈਕ ਮਗਰੋਂ ਜਿੱਥੇ ਅਮਰੀਕਾ ਦੀ ਕਈ ਦੇਸ਼ਾਂ ਵੱਲੋਂ ਨਿਖੇਧੀ ਕੀਤੀ ਜਾ ਰਹੀ ਹੈ, ਉੱਥੇ ਹੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਭਾਰਤ ਨੂੰ ਟੈਰਿਫ਼ ਵਧਾਉਣ ਦੀ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਭਾਰਤ ਨੇ ਰੂਸ ਤੋਂ ਤੇਲ ਖਰੀਦਣ ਦੇ ਮੁੱਦੇ ’ਤੇ ਅਮਰੀਕਾ ਦਾ ਸਹਿਯੋਗ ਨਾ ਦਿੱਤਾ, ਤਾਂ ਉਹ ਭਾਰਤ ’ਤੇ ਟੈਰਿਫ ਹੋਰ ਵਧਾ ਸਕਦੇ ਹਨ। ਵ੍ਹਾਈਟ ਹਾਊਸ ਦੁਆਰਾ ਜਾਰੀ ਇੱਕ ਆਡੀਓ ਵਿਚ ਟਰੰਪ ਨੇ ਕਿਹਾ ਕਿ ਉਹ ਭਾਰਤ ’ਤੇ ਬਹੁਤ ਜਲਦੀ ਨਵੇਂ ਟੈਰਿਫ ਲਗਾ ਸਕਦੇ ਹਨ।



ਆਪਣੀ ਇਸ ਚਿਤਾਵਨੀ ਦੇ ਬਾਵਜੂਦ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਰੀਫ਼ ਕਰਦਿਆਂ ਉਨ੍ਹਾਂ ਨੂੰ ਇੱਕ ਬਹੁਤ ਚੰਗਾ ਇਨਸਾਨ ਦੱਸਿਆ। ਟਰੰਪ ਨੇ ਦਾਅਵਾ ਕੀਤਾ ਕਿ ਮੋਦੀ ਜਾਣਦੇ ਸਨ ਕਿ ਮੈਂ ਭਾਰਤ ਦੁਆਰਾ ਰੂਸ ਤੋਂ ਤੇਲ ਖਰੀਦਣ ਕਾਰਨ ਖੁਸ਼ ਨਹੀਂ ਸੀ, ਅਤੇ ਉਹ ਮੈਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਅਮਰੀਕਾ ਨੇ ਰੂਸ ਤੋਂ ਕੱਚਾ ਤੇਲ ਖਰੀਦਣ ਕਾਰਨ ਭਾਰਤ ’ਤੇ ਪਹਿਲਾਂ ਹੀ 50 ਫ਼ੀਸਦੀ ਟੈਰਿਫ ਲਗਾਇਆ ਹੋਇਆ ਹੈ, ਜਿਸ ਵਿਚ 25 ਫ਼ੀਸਦੀ ਟੈਰਿਫ ਪੇਨਾਲਟੀ ਵਜੋਂ ਲਾਇਆ ਗਿਆ ਹੈ। ਇਹ ਟੈਰਿਫ ਪਿਛਲੇ ਸਾਲਾਂ ਵਿਚ 10 ਫ਼ੀਸਦੀ ਤੋਂ ਵਧ ਕੇ 50 ਫ਼ੀਸਦੀ ਤੱਕ ਪਹੁੰਚ ਗਿਆ ਹੈ।

ਅਮਰੀਕਾ ਵੱਲੋਂ ਲਗਾਈਆਂ ਗਈਆਂ ਵਪਾਰਕ ਪਾਬੰਦੀਆਂ ਅਤੇ ਟੈਰਿਫ ਕਾਰਨ ਭਾਰਤ ਦੇ ਨਿਰਯਾਤ ਵਿਚ ਵੱਡੀ ਕਮੀ ਆਈ ਹੈ। ਮਈ ਤੋਂ ਸਤੰਬਰ 2025 ਦੇ ਵਿਚਕਾਰ ਭਾਰਤ ਦਾ ਅਮਰੀਕਾ ਨੂੰ ਨਿਰਯਾਤ 37.5 ਫ਼ੀਸਦੀ ਘੱਟ ਕੇ 8.8 ਅਰਬ ਡਾਲਰ ਤੋਂ 5.5 ਅਰਬ ਡਾਲਰ ਰਹਿ ਗਿਆ ਹੈ। ਅਮਰੀਕੀ ਸੈਨੇਟਰ ਲਿੰਡਸੇ ਗ੍ਰਾਹਮ ਅਨੁਸਾਰ, ਅਜਿਹਾ ਕਾਨੂੰਨ ਲਿਆਂਦਾ ਜਾ ਰਿਹਾ ਹੈ, ਜੋ ਰਾਸ਼ਟਰਪਤੀ ਨੂੰ ਰੂਸੀ ਤੇਲ ਖਰੀਦਣ ਵਾਲੇ ਦੇਸ਼ਾਂ ’ਤੇ 500 ਫ਼ੀਸਦੀ ਤੱਕ ਟੈਰਿਫ ਲਗਾਉਣ ਦਾ ਅਧਿਕਾਰ ਦੇਵੇਗਾ। ਗ੍ਰਾਹਮ ਨੇ ਦਾਅਵਾ ਕੀਤਾ ਕਿ ਅਮਰੀਕੀ ਦਬਾਅ ਕਾਰਨ ਹੁਣ ਭਾਰਤ ਨੇ ਰੂਸ ਤੋਂ ਤੇਲ ਦੀ ਖਰੀਦ ਕਾਫੀ ਘਟਾ ਦਿੱਤੀ ਹੈ।

ਟਰੰਪ ਨੇ ਪਿਛਲੀ ਬਾਇਡਨ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਜਿੱਥੇ ਪਹਿਲਾਂ ਅਮਰੀਕਾ ਪੈਸੇ ਦੇ ਰਿਹਾ ਸੀ, ਹੁਣ ਉਨ੍ਹਾਂ ਦੀਆਂ ਨੀਤੀਆਂ ਕਾਰਨ ਅਮਰੀਕਾ ਨੂੰ ਪੈਸਾ ਮਿਲ ਰਿਹਾ ਹੈ। ਭਾਰਤ ਅਤੇ ਅਮਰੀਕਾ ਇਸ ਵੇਲੇ ਇੱਕ ਵਿਆਪਕ ਦੁਵੱਲੇ ਵਪਾਰ ਸਮਝੌਤੇ (ਬੀ.ਟੀ.ਏ.) ’ਤੇ ਵੀ ਕੰਮ ਕਰ ਰਹੇ ਹਨ, ਜਿਸ ਦਾ ਪਹਿਲਾ ਪੜਾਅ ਜਲਦੀ ਪੂਰਾ ਹੋਣ ਦੀ ਉਮੀਦ ਹੈ।




# 2025 ਦੌਰਾਨ ਪ੍ਰਵਾਸੀਆਂ ਦੇ ਹੱਕਾਂ ਨੂੰ ਲੈ ਕੇ ਜੂਝਦਾ ਰਿਹਾ ਕੈਲੀਫੋਰਨੀਆ

**ਇਮੀਗ੍ਰੇਸ਼ਨ ਇਨਫੋਰਸਮੈਂਟ ਨੂੰ ਰਾਜ ਤੋਂ ਦੂਰ ਰੱਖਣ ਲਈ ਬਣਾਏ ਕਈ ਕਾਨੂੰਨ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਪ੍ਰਵਾਸੀਆਂ ਦੇ ਮੁੱਦੇ ’ਤੇ ਪਿਛਲਾ ਸਾਲ ਕੈਲੀਫੋਰਨੀਆ ਲਈ ਸੁਖਾਵਾਂ ਨਹੀਂ ਰਿਹਾ ਤੇ ਉਸ ਨੂੰ ਇਮੀਗ੍ਰੇਸ਼ਨ ਇਨਫੋਰਸਮੈਂਟ ਅਧਿਕਾਰੀਆਂ ਨਾਲ ਟਕਰਾਅ ਵਰਗੇ ਹਾਲਾਤ ਵਿਚੋਂ ਗੁਜ਼ਰਨਾ ਪਿਆ। ਕੈਲੀਫੋਰਨੀਆ ਅਸੈਂਬਲੀ ਨੇ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਰਾਜ ਤੋਂ ਦੂਰ ਰੱਖਣ ਲਈ ਕਈ ਬਿੱਲ ਪਾਸ ਕੀਤੇ, ਜਿਨ੍ਹਾਂ ਵਿਚ ਸੰਘੀ ਅਫਸਰਾਂ ਨੂੰ ਰਾਜ ਵਿਚ ਕਾਰਵਾਈ ਕਰਨ ਤੋਂ ਪਹਿਲਾਂ ਆਪਣੀ ਪਛਾਣ ਦੱਸਣਾ ਜ਼ਰੂਰੀ ਕਰ ਦਿੱਤਾ ਗਿਆ ਤੇ ਕਿਸੇ ਵੀ ਅਦਾਰੇ ਜਾਂ ਖੇਤਰ ਵਿਚ ਦਾਖਲ ਹੋਣ ਲਈ ਹੱਦਾਂ ਤੈਅ ਕੀਤੀਆਂ ਗਈਆਂ।

ਪਿਛਲੇ ਪੂਰੇ ਸਾਲ ਦੌਰਾਨ ਟਰੰਪ ਪ੍ਰਸ਼ਾਸਨ ਦੱਖਣੀ ਕੈਲੀਫੋਰਨੀਆ ਵਿਚ ਗੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਖਾਸ ਤੌਰ ’ਤੇ ਸਰਗਰਮ ਰਿਹਾ। ਇਮੀਗ੍ਰੇਸ਼ਨ ਦੇ ਛਾਪਿਆਂ ਵਿਰੁੱਧ ਲਾਸ ਏਂਜਲਸ ਵਿਚ ਵੱਡੀ ਪੱਧਰ ’ਤੇ ਵਿਰੋਧ ਪ੍ਰਦਰਸ਼ਨ ਹੋਏ, ਜਿਸ ਉਪਰੰਤ ਰਾਸ਼ਟਰਪਤੀ ਡੋਨਲਡ ਟਰੰਪ ਨੇ ਗਵਰਨਰ ਗੈਵਿਨ ਨਿਊਸਮ ਦੇ ਜ਼ਬਰਦਸਤ ਵਿਰੋਧ ਦੇ ਬਾਵਜੂਦ ਰਾਜ ਵਿਚ ਨੈਸ਼ਨਲ ਗਾਰਡ ਤਾਇਨਾਤ ਕਰ ਦਿੱਤੇ। ਇਮੀਗ੍ਰੇਸ਼ਨ ਅਧਿਕਾਰੀਆਂ ਦੇ ਛਾਪਿਆਂ ਕਾਰਨ ਕੋਚੇਲਾ ਵਾਦੀ ਵਿਚ ਪ੍ਰਵਾਸੀਆਂ ਵੱਲੋਂ ਵਿਆਹਾਂ ਸਮੇਤ ਕਈ ਸਮਾਗਮ ਰੱਦ ਕਰ ਦਿੱਤੇ ਗਏ। ਜੁਲਾਈ ਵਿਚ ਉੱਤਰ ਪੱਛਮ ਵਿਚ ਕੈਮਾਰੀਲੋ ਨੇੜੇ ਇਕ ਗਲਾਸ ਹਾਊਸ ’ਤੇ ਛਾਪੇ ਦੌਰਾਨ ਇੱਕ ਵਰਕਰ ਦੀ ਮੌਤ ਹੋ ਗਈ ਸੀ ਤੇ ਸੈਂਕੜੇ ਵਰਕਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਪੈਦਾ ਹੋਏ ਹਾਲਾਤ ਨੂੰ ਵੇਖਦਿਆਂ ਰਾਜ ਨੇ ਖਪਤਕਾਰ ਸੁਰੱਖਿਆ ਸਮੇਤ ਕਈ ਕਾਨੂੰਨ ਪਾਸ ਕੀਤੇ, ਤਾਂ ਜੋ ਸੰਘੀ ਅਫਸਰਾਂ ਨੂੰ ਆਪ ਹੁਦਰੀਆਂ ਕਰਨ ਤੋਂ ਰੋਕਿਆ ਜਾ ਸਕੇ। ਪਾਸ ਕੀਤੇ ਐੱਸ ਬੀ 81 ਤਹਿਤ ਕੁਝ ਛੋਟਾਂ ਸਮੇਤ ਸਿਹਤ ਸੰਭਾਲ ਅਦਾਰਿਆਂ ਨੂੰ ਮਰੀਜ਼ਾਂ ਦੀ ਜਾਣਕਾਰੀ ਸਾਂਝੀ ਕਰਨ ਤੋਂ ਮਨਾਂ ਕਰ ਦਿੱਤਾ ਗਿਆ। ਕੈਲੀਫੋਰਨੀਆ ਅਟਾਰਨੀ ਜਨਰਲ ਦੇ ਦਫਤਰ ਅਨੁਸਾਰ ਇਸ ਬਿੱਲ ਵਿਚ ਨਿਸ਼ਚਿਤ ਕੀਤਾ ਗਿਆ ਕਿ ਸਿਹਤ ਸੰਭਾਲ ਸੰਸਥਾਵਾਂ ਹਰ ਇੱਕ ਨੂੰ ਅੰਦਰ ਆਉਣ ਦੀ ਇਜਾਜ਼ਤ ਨਹੀਂ ਦੇਣਗੀਆਂ। ਖਾਸ ਤੌਰ ’ਤੇ ਇਮੀਗ੍ਰੇਸ਼ਨ ਇਨਫੋਰਸਮੈਂਟ ਮੰਤਵਾਂ ਲਈ ਹਰ ਕੋਈ ਅੰਦਰ ਦਾਖਲ ਨਹੀਂ ਹੋ ਸਕੇਗਾ। ਇਸ ਤੋਂ ਇਲਾਵਾ ਮਾਪਿਆਂ ਨੂੰ ਬੱਚਿਆਂ ਤੋਂ ਵੱਖ ਕਰਨ ਦੇ ਯਤਨਾਂ ਨੂੰ ਰੋਕਣ ਲਈ ‘ਫੈਮਿਲੀ ਪ੍ਰੀਪੇਅਰਡਨੈੱਸ ਪਲੈਨ ਐਕਟ 2025’ ਬਣਾਇਆ ਗਿਆ। ਏ ਬੀ

## ਟਰੰਪ ਵੱਲੋਂ ਈਰਾਨ ਨੂੰ ਸਿੱਧੀ ਧਮਕੀ

### ਕਿਹਾ; ਜੇ ਗੋਲੀ ਚਲਾਈ ਤਾਂ ਅਸੀਂ ਵੀ ਜਵਾਬ ਦੇਣ ਲਈ ਪੂਰੀ ਤਰ੍ਹਾਂ ਤਿਆਰ...’

**ਵਾਸ਼ਿੰਗਟਨ/ਤੇਹਰਾਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁੱਕਰਵਾਰ ਨੂੰ ਈਰਾਨੀ ਅਧਿਕਾਰੀਆਂ ਨੂੰ ਬੇਹੱਦ ਸਖ਼ਤ ਸ਼ਬਦਾਂ ਵਿਚ ਚਿਤਾਵਨੀ ਦਿੱਤੀ ਹੈ। ਟਰੰਪ ਨੇ ਕਿਹਾ ਹੈ ਕਿ ਜੇਕਰ ਈਰਾਨੀ ਪ੍ਰਸ਼ਾਸਨ ਨੇ ਆਪਣੀਆਂ ਆਰਥਿਕ ਹਾਲਤਾਂ ਵਿਰੁੱਧ ਪ੍ਰਦਰਸ਼ਨ ਕਰ ਰਹੇ ਸ਼ਾਂਤਮਈ ਨਾਗਰਿਕਾਂ ਵਿਰੁੱਧ ਹਿੰਸਾ ਦੀ ਵਰਤੋਂ ਕੀਤੀ, ਤਾਂ ਅਮਰੀਕਾ ਇਸ ਦਾ ਜਵਾਬ ਦੇਣ ਲਈ ਪੂਰੀ ਤਰ੍ਹਾਂ ਤਿਆਰ ਹੈ। ਆਪਣੀ ਇੱਕ ‘ਟਰੂਥ ਸੋਸ਼ਲ’ ਪੋਸਟ ’ਚ ਰਾਸ਼ਟਰਪਤੀ ਟਰੰਪ ਨੇ ਲਿਖਿਆ, “ਜੇਕਰ ਈਰਾਨ ਸ਼ਾਂਤਮਈ ਪ੍ਰਦਰਸ਼ਨਕਾਰੀਆਂ ਨੂੰ ਗੋਲੀ ਮਾਰਦਾ ਹੈ ਜਾਂ ਹਿੰਸਕ ਤਰੀਕੇ ਨਾਲ ਮਾਰਦਾ ਹੈ, ਜੋ ਕਿ ਉਨ੍ਹਾਂ ਦਾ ਦਸਤੂਰ ਰਿਹਾ ਹੈ, ਤਾਂ ਸੰਯੁਕਤ ਰਾਜ ਅਮਰੀਕਾ ਉਨ੍ਹਾਂ ਦੀ ਮਦਦ ਲਈ ਅੱਗੇ ਆਵੇਗਾ। ਅਸੀਂ ਪੂਰੀ ਤਰ੍ਹਾਂ ਤਿਆਰ ਹਾਂ।” ਸਰੋਤਾਂ ਅਨੁਸਾਰ, ਈਰਾਨ ਦੇ ਕਈ ਸੂਬਿਆਂ ਵਿਚ ਲੋਕ ਵਧਦੀਆਂ ਕੀਮਤਾਂ ਅਤੇ ਮਾੜੀ ਆਰਥਿਕ ਸਥਿਤੀ ਦੇ ਵਿਰੋਧ ਵਿਚ ਸੜਕਾਂ ’ਤੇ ਉਤਰੇ ਹੋਏ ਹਨ। ਇਹ ਪ੍ਰਦਰਸ਼ਨ ਹੌਲੀ-ਹੌਲੀ ਹਿੰਸਕ ਰੂਪ ਧਾਰਨ ਕਰ ਰਹੇ ਹਨ। ਲਾਰਡਗਨ ਕਾਊਂਟੀ ਵਿਚ ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਾਲੇ ਹੋਈਆਂ ਝੜਪਾਂ ’ਚ ਘੱਟੋ-ਘੱਟ ਦੋ ਲੋਕਾਂ ਦੀ ਮੌਤ ਹੋ ਗਈ ਹੈ। ਕੁਹਦਸ਼ਤ ਸ਼ਹਿਰ ਵਿਚ ਇੱਕ ਬਾਸੀਜ਼ ਅਰਧ ਸੈਨਿਕ ਬਲ ਦਾ ਜਵਾਨ ਮਾਰਿਆ ਗਿਆ ਅਤੇ 13 ਹੋਰ ਜ਼ਖਮੀ ਹੋ ਗਏ।

## ਕੈਲੀਫੋਰਨੀਆ ’ਚ 17,000 ਟਰੱਕ ਡਰਾਈਵਰਾਂ ਦੇ ਲਾਇਸੈਂਸ ਰੱਦ ਕਰਨ ਦਾ ਫੈਸਲਾ ਟਲਿਆ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਸੂਬੇ ਕੈਲੀਫੋਰਨੀਆ ਤੋਂ ਟਰੱਕਿੰਗ ਇੰਡਸਟਰੀ ਨਾਲ ਜੁੜੇ ਪ੍ਰਵਾਸੀਆਂ ਲਈ ਇੱਕ ਵੱਡੀ ਅਤੇ ਰਾਹਤ ਭਰੀ ਖ਼ਬਰ ਸਾਹਮਣੇ ਆਈ ਹੈ। ਕੈਲੀਫੋਰਨੀਆ ਸਰਕਾਰ ਨੇ 17,000 ਕਮਰਸ਼ੀਅਲ ਡਰਾਈਵਰ ਲਾਇਸੈਂਸਾਂ (ਸੀ.ਡੀ.ਐੱਲ.) ਨੂੰ ਰੱਦ ਕਰਨ ਦੀ ਪ੍ਰਕਿਰਿਆ ਨੂੰ ਮਾਰਚ ਤੱਕ ਮੁਲਤਵੀ ਕਰ ਦਿੱਤਾ ਹੈ। ਇਹ ਫੈਸਲਾ ਸਿੱਖ ਜਥੇਬੰਦੀਆਂ ਅਤੇ ਹੋਰ ਪ੍ਰਵਾਸੀ ਸਮੂਹਾਂ ਵੱਲੋਂ ਅਦਾਲਤ ਵਿਚ ਦਾਇਰ ਕੀਤੀ ਗਈ ਪਟੀਸ਼ਨ ਤੋਂ ਇੱਕ ਹਫ਼ਤਾ ਬਾਅਦ ਲਿਆ ਗਿਆ ਹੈ, ਜਿਸ ਵਿਚ ਦੋਸ਼ ਲਾਇਆ ਗਿਆ ਸੀ ਕਿ ਪ੍ਰਵਾਸੀ ਡਰਾਈਵਰਾਂ ਨੂੰ ਬਿਨਾਂ ਵਜ੍ਹਾ ਅਤੇ ਗਲਤ ਤਰੀਕੇ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਸਰੋਤਾਂ ਅਨੁਸਾਰ, ਅਮਰੀਕੀ ਟ੍ਰਾਂਸਪੋਰਟੇਸ਼ਨ ਸੈਕਟਰੀ ਸ਼ਾਨ ਡੱਫੀ ਨੇ ਕੈਲੀਫੋਰਨੀਆ ਸਰਕਾਰ ’ਤੇ ਦਬਾਅ ਬਣਾਇਆ ਸੀ ਕਿ ਉਹ ਉਨ੍ਹਾਂ ਪ੍ਰਵਾਸੀਆਂ ਦੇ ਲਾਇਸੈਂਸ ਰੱਦ ਕਰੇ, ਜੋ ਦੇਸ਼ ਵਿਚ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ ਹਨ। ਡੱਫੀ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ 5 ਜਨਵਰੀ ਦੀ ਡੈੱਡਲਾਈਨ ਤੱਕ ਇਹ ਕਾਰਵਾਈ ਨਾ ਕੀਤੀ ਗਈ, ਤਾਂ ਰਾਜ ਦਾ 160 ਮਿਲੀਅਨ ਡਾਲਰ ਦਾ ਫੈਡਰਲ ਫੰਡ ਰੋਕਿਆ ਜਾ ਸਕਦਾ ਹੈ। ਹਾਲਾਂਕਿ, ਰਾਜ ਵੱਲੋਂ ਕਾਰਵਾਈ ਦੀ ਸਹਿਮਤੀ ਜਤਾਉਣ ਤੋਂ ਬਾਅਦ ਉਨ੍ਹਾਂ ਨੇ ਇਹ ਧਮਕੀ ਵਾਪਸ ਲੈ ਲਈ ਹੈ।

ਇਸ ਸਖ਼ਤੀ ਪਿੱਛੇ ਅਗਸਤ 2025 ’ਚ ਫਲੋਰੀਡਾ ਵਿਚ ਹੋਇਆ ਇੱਕ ਭਿਆਨਕ ਹਾਦਸਾ ਸੀ, ਜਿੱਥੇ ਇੱਕ ਅਣਅਧਿਕਾਰਤ ਸਿੱਖ ਡਰਾਈਵਰ ਹਰਜਿੰਦਰ ਸਿੰਘ ਵੱਲੋਂ ਗਲਤ ਯੂ-ਟਰਨ ਲੈਣ ਕਾਰਨ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ। ਇਸ ਤੋਂ ਇਲਾਵਾ ਅਕਤੂਬਰ ਵਿਚ ਕੈਲੀਫੋਰਨੀਆ ਵਿਚ ਵੀ ਇੱਕ ਅਜਿਹਾ ਹੀ ਹਾਦਸਾ ਵਾਪਰਿਆ ਸੀ। ਜਾਂਚ ਦੌਰਾਨ ਪਤਾ ਲੱਗਾ ਕਿ ਕਈ ਡਰਾਈਵਰਾਂ ਦੇ ਲਾਇਸੈਂਸ ਉਨ੍ਹਾਂ ਦੇ ਵਰਕ ਪਰਮਿਟ ਖ਼ਤਮ ਹੋਣ ਤੋਂ ਬਾਅਦ ਵੀ ਚੱਲ ਰਹੇ ਸਨ।

ਸਿੱਖ ਕੋਲੀਸ਼ਨ ਅਤੇ ‘ਏਸ਼ੀਅਨ ਲਾਅ ਕਾਜ਼’ ਵਰਗੀਆਂ ਸੰਸਥਾਵਾਂ ਨੇ ਡਰਾਈਵਰਾਂ ਦੇ ਹੱਕ ਵਿਚ ਆਵਾਜ਼ ਉਠਾਉਂਦਿਆਂ ਕਿਹਾ ਕਿ ਪ੍ਰਵਾਸੀ ਡਰਾਈਵਰ ਅਮਰੀਕੀ ਸਪਲਾਈ ਚੇਨ ਦਾ ਅਹਿਮ ਹਿੱਸਾ ਹਨ। ਸਿੱਖ ਕੋਲੀਸ਼ਨ ਦੀ ਕਾਨੂੰਨੀ ਨਿਰਦੇਸ਼ਕ ਮੁਮੀਥ ਕੌਰ ਨੇ ਕਿਹਾ ਕਿ ਇਹ ਦੇਰੀ ਉਨ੍ਹਾਂ ਡਰਾਈਵਰਾਂ ਦੀ ਰੋਜ਼ੀ-ਰੋਟੀ ਬਚਾਉਣ ਲਈ ਇੱਕ ਮਹੱਤਵਪੂਰਨ ਕਦਮ ਹੈ, ਜੋ ਕਾਨੂੰਨੀ ਤੌਰ ’ਤੇ ਕੰਮ ਕਰਨ ਦੇ ਯੋਗ ਹਨ। ਹੁਣ ਡਰਾਈਵਰਾਂ ਕੋਲ ਮਾਰਚ ਤੱਕ ਦਾ ਸਮਾਂ ਹੈ ਕਿ ਉਹ ਆਪਣੇ ਦਸਤਾਵੇਜ਼ ਦਰੁਸਤ ਕਰ ਸਕਣ।

## ਟਰੰਪ ਪ੍ਰਸ਼ਾਸਨ ਵੱਲੋਂ ਮਿਨੀਸੋਟਾ ਨੂੰ ਬੱਚਿਆਂ ਦੀ ਦੇਖਭਾਲ ਸਬੰਧੀ ਦਿੱਤੀ ਜਾਣ ਵਾਲੀ ਫੰਡਿੰਗ ’ਤੇ ਰੋਕ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਮਿਨੀਸੋਟਾ ਨੂੰ ਦਿੱਤੀ ਜਾਣ ਵਾਲੀ ਬੱਚਿਆਂ ਦੀ ਦੇਖਭਾਲ ਸਬੰਧੀ ਫੰਡਿੰਗ ਨੂੰ ਰੋਕਣ ਦਾ ਐਲਾਨ ਕੀਤਾ ਹੈ। ਸਿਹਤ ਅਤੇ ਮਨੁੱਖੀ ਸੇਵਾ ਵਿਭਾਗ ਦੇ ਡਿਪਟੀ ਸੈਕਟਰੀ ਜਿਮ ਓਨੀਲ ਨੇ ਕਿਹਾ ਕਿ ਇਹ ਕਦਮ ਉਸ ਧੋਖਾਦੇਹੀ ਨੂੰ ਰੋਕਣ ਲਈ ਉਠਾਇਆ ਗਿਆ ਹੈ, ਜੋ ਮਿਨੀਸੋਟਾ ਅਤੇ ਦੇਸ਼ ਭਰ ’ਚ ਬੱਚਿਆਂ ਦੀ ਦੇਖਭਾਲ ਸਬੰਧੀ ਫੰਡਿੰਗ ਨਾਲ ਜੁੜੀਆਂ ਗਤੀਵਿਧੀਆਂ ਸਾਹਮਣੇ ਆਈਆਂ ਹਨ। ਮਿਨੀਸੋਟਾ ਦੇ ਗਵਰਨਰ ਟਿਮ ਵਾਲਜ਼ ਨੇ ਇਸ ਕਦਮ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਧੋਖਾਦੇਹੀ ਇਕ ਗੰਭੀਰ ਮੁੱਦਾ ਹੈ, ਜਿਸ ’ਤੇ ਸੂਬਿਆਂ ਨੇ ਸਾਲਾਂ ਤੋਂ ਕਾਰਵਾਈ ਕੀਤੀ ਹੈ ਪਰ ਟਰੰਪ ਪ੍ਰਸ਼ਾਸਨ ਨੇ ਇਸ ਦਾ ਸਿਆਸੀਕਰਨ ਕਰਦਿਆਂ ਸੂਬੇ ਦੀ ਜਨਤਾ ਨੂੰ ਮਿਲਣ ਵਾਲੀ ਮਦਦ ਰੋਕਣ ਦਾ ਫੈਸਲਾ ਕੀਤਾ ਹੈ।



# ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਸਸਪੈਂਡ ਡੀ.ਆਈ.ਜੀ. ਭੁੱਲਰ ਨੂੰ ਜ਼ਮਾਨਤ ਮਿਲੀ

**ਚੰਡੀਗੜ੍ਹ, (ਪੰਜਾਬ ਮੇਲ)-** ਚੰਡੀਗੜ੍ਹ ਦੀ ਸੀ.ਬੀ.ਆਈ. ਅਦਾਲਤ ਨੇ ਸੋਮਵਾਰ ਨੂੰ ਪੰਜਾਬ ਦੇ ਸਸਪੈਂਡ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੂੰ ਆਮਦਨ ਤੋਂ ਵੱਧ ਜਾਇਦਾਦ (ਡੀ.ਏ.) ਦੇ ਮਾਮਲੇ ਵਿਚ ਵੱਡੀ ਰਾਹਤ ਦਿੰਦਿਆਂ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ ਇਹ ਫੈਸਲਾ ਇਸ ਲਈ ਸੁਣਾਇਆ ਕਿਉਂਕਿ ਸੀ.ਬੀ.ਆਈ. ਨਿਰਧਾਰਤ 60 ਦਿਨਾਂ ਦੀ ਮਿਆਦ ਦੇ ਅੰਦਰ ਚਾਰਜਸ਼ੀਟ (ਚਾਲਾਨ) ਪੇਸ਼ ਕਰਨ ਵਿਚ ਨਾਕਾਮ ਰਹੀ।



ਸੁਣਵਾਈ ਦੌਰਾਨ ਭੁੱਲਰ ਦੇ ਵਕੀਲਾਂ-ਸੀਨੀਅਰ ਐਡਵੋਕੇਟ ਐੱਸ.ਪੀ.ਐੱਸ. ਭੁੱਲਰ, ਯੁਵਰਾਜ ਧਾਲੀਵਾਲ ਅਤੇ ਸਮਰਿਤਾ-ਨੇ ਅਦਾਲਤ ਵਿਚ ਦਲੀਲ ਦਿੱਤੀ ਕਿ ਸੀ.ਬੀ.ਆਈ. ਕਾਨੂੰਨੀ ਸਮੇਂ ਦੇ ਅੰਦਰ ਚਾਲਾਨ ਪੇਸ਼ ਨਹੀਂ ਕਰ ਸਕੀ, ਇਸ ਲਈ ਮੁਲਜ਼ਮ 'ਡਿਫਾਲਟ ਜ਼ਮਾਨਤ' ਦਾ ਹੱਕਦਾਰ ਹੈ। ਦੂਜੇ ਪਾਸੇ, ਸੀ.ਬੀ.ਆਈ. ਦੇ ਵਕੀਲ ਨਰਿੰਦਰ ਸਿੰਘ ਨੇ ਦਲੀਲ ਦਿੱਤੀ ਸੀ ਕਿ ਅਜਿਹੇ ਗੰਭੀਰ ਮਾਮਲਿਆਂ ਵਿਚ 90 ਦਿਨਾਂ ਦੀ ਸਮਾਂ-ਸੀਮਾ ਲਾਗੂ ਹੁੰਦੀ ਹੈ, ਪਰ ਅਦਾਲਤ ਨੇ ਇਸ ਦਲੀਲ ਨੂੰ ਰੱਦ ਕਰਦਿਆਂ ਬਚਾਅ ਪੱਖ ਦੀ ਗੱਲ ਪ੍ਰਵਾਨ ਕਰ ਲਈ।

ਹਾਲਾਂਕਿ ਇਸ ਕੇਸ ਵਿਚ ਜ਼ਮਾਨਤ ਮਿਲ ਗਈ ਹੈ, ਪਰ ਡੀ.ਆਈ.ਜੀ. ਭੁੱਲਰ ਫਿਲਹਾਲ ਜੇਲ੍ਹ ਵਿਚ ਹੀ ਰਹਿਣਗੇ। ਇਸ ਦਾ ਕਾਰਨ ਇਹ ਹੈ ਕਿ ਜ਼ਬਰਨ ਉਗਰਾਹੀ ਨਾਲ ਜੁੜੇ ਇੱਕ ਹੋਰ ਮਾਮਲੇ ਵਿਚ ਸੀ.ਬੀ.ਆਈ. ਅਦਾਲਤ ਵੱਲੋਂ ਉਨ੍ਹਾਂ ਦੀ ਜ਼ਮਾਨਤ ਪਹਿਲਾਂ ਹੀ ਖਾਰਜ ਕੀਤੀ ਜਾ ਚੁੱਕੀ ਹੈ ਅਤੇ ਇਸ ਮਾਮਲੇ ਵਿਚ ਉਨ੍ਹਾਂ ਨੇ ਅਜੇ ਤੱਕ ਹਾਈਕੋਰਟ ਤੱਕ ਪਹੁੰਚ ਨਹੀਂ ਕੀਤੀ ਹੈ।

ਸੀ.ਬੀ.ਆਈ. ਨੇ ਹਰਚਰਨ ਸਿੰਘ ਭੁੱਲਰ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦਾ ਕੇਸ 29 ਅਕਤੂਬਰ ਨੂੰ ਦਰਜ ਕੀਤਾ ਸੀ। ਉਸ ਸਮੇਂ ਉਹ ਪਹਿਲਾਂ ਹੀ ਰਿਸ਼ਵਤਖੋਰੀ ਦੇ ਇੱਕ ਮਾਮਲੇ ਵਿਚ ਨਿਆਇਕ ਹਿਰਾਸਤ ਵਿਚ ਸਨ ਅਤੇ ਡੀ.ਏ. ਕੇਸ ਵਿਚ ਉਨ੍ਹਾਂ ਦੀ ਰਸਮੀ ਗ੍ਰਿਫਤਾਰੀ 5 ਨਵੰਬਰ ਨੂੰ ਦਿਖਾਈ ਗਈ ਸੀ। ਇਸ ਤੋਂ ਪਹਿਲਾਂ 2 ਜਨਵਰੀ ਨੂੰ ਵੀ ਅਦਾਲਤ ਨੇ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਸੀ।

## ਬੰਗਲਾਦੇਸ਼ ਅਦਾਲਤ ਵੱਲੋਂ ਸ਼ੇਖ ਹਸੀਨਾ ਵਿਰੁੱਧ ਦੋਸ਼ ਤੈਅ ਕਰਨ ਲਈ 21 ਜਨਵਰੀ ਤੈਅ

**ਢਾਕਾ, (ਪੰਜਾਬ ਮੇਲ)-** ਬੰਗਲਾਦੇਸ਼ ਦੀ ਅਦਾਲਤ ਨੇ ਅਹੁਦੇ ਤੋਂ ਹਟਾਈ ਗਈ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਅਤੇ 285 ਹੋਰਾਂ ਵਿਰੁੱਧ ਦੇਸ਼ਧ੍ਰੋਹ ਦੇ ਮਾਮਲੇ ਵਿਚ ਦੋਸ਼ ਤੈਅ ਕਰਨ ਲਈ 21 ਜਨਵਰੀ ਦੀ ਤਰੀਕ ਤੈਅ ਕੀਤੀ ਹੈ। ਰਿਪੋਰਟ ਅਨੁਸਾਰ, ਇਹ ਮਾਮਲਾ ਉਨ੍ਹਾਂ ਦੋਸ਼ਾਂ ਨਾਲ ਸਬੰਧਤ ਹੈ ਕਿ ਹਸੀਨਾ ਅਤੇ ਆਵਾਮੀ ਲੀਗ ਦੇ ਸੈਂਕੜੇ ਮੈਂਬਰਾਂ ਨੇ ਦਸੰਬਰ 2024 ਵਿਚ 'ਜੁਆਏ ਬੰਗਲਾ ਬ੍ਰਿਗੇਡ' ਨਾਮ ਦੇ ਸਮੂਹ ਦੀ ਵਰਚੁਅਲ ਮੀਟਿੰਗ ਵਿਚ ਹਿੱਸਾ ਲਿਆ ਸੀ। ਦੋਸ਼ ਹੈ ਕਿ ਇਸ ਮੀਟਿੰਗ ਦੌਰਾਨ ਉਨ੍ਹਾਂ ਨੇ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਅੰਤ੍ਰਿਮ ਸਰਕਾਰ ਨੂੰ ਡੇਗਣ ਦੀ ਸਾਜ਼ਿਸ਼ ਘੜੀ ਸੀ। ਇਹ ਸਮੂਹ ਆਵਾਮੀ ਲੀਗ ਅਤੇ ਹਸੀਨਾ ਦੇ ਪਿਤਾ ਸ਼ੇਖ ਮੁਜੀਬੁਰ ਰਹਿਮਾਨ ਦੀ ਵਿਰਾਸਤ ਦਾ ਕੱਟੜ ਸਮਰਥਕ ਹੈ। ਰਿਪੋਰਟ ਮੁਤਾਬਕ, ਸੁਣਵਾਈ ਤੋਂ ਬਾਅਦ ਢਾਕਾ ਦੀ ਵਿਸ਼ੇਸ਼ ਜੱਜ ਅਦਾਲਤ-9 ਦੇ ਜੱਜ ਅਬਦੁਸ ਸਲਾਮ ਨੇ ਹਸੀਨਾ ਅਤੇ 285 ਹੋਰਾਂ ਵਿਰੁੱਧ ਦੋਸ਼ ਤੈਅ ਕਰਨ ਲਈ 21 ਜਨਵਰੀ ਨਿਸ਼ਚਿਤ ਕੀਤੀ ਹੈ।

## ਭਾਜਪਾ ਨੇਤਾ ਲਾਲਪੁਰਾ ਵੱਲੋਂ ਬਿਜਨੌਰ ਗੁਰਦੁਆਰਾ ਹਿੰਸਾ ਦੀ ਨਿੰਦਾ

**ਰੋਪੜ, (ਪੰਜਾਬ ਮੇਲ)-** ਭਾਜਪਾ ਦੇ ਸੀਨੀਅਰ ਆਗੂ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਉੱਤਰ ਪ੍ਰਦੇਸ਼ ਦੇ ਬਿਜਨੌਰ ਸਥਿਤ ਇੱਕ ਗੁਰਦੁਆਰਾ ਸਾਹਿਬ ਵਿਚ ਹੋਈ ਹਿੰਸਾ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ।



ਇਹ ਘਟਨਾ 'ਵੀਰ ਬਾਲ ਦਿਵਸ' ਮੌਕੇ ਵਾਪਰੀ, ਜਦੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਇੱਕ ਧਾਰਮਿਕ ਪ੍ਰੋਗਰਾਮ ਚੱਲ ਰਿਹਾ ਸੀ।

ਲਾਲਪੁਰਾ ਅਨੁਸਾਰ, ਕੁਝ ਸ਼ਰਾਰਤੀ ਅਤੇ ਫਿਰਕੂ ਅਨਸਰਾਂ ਨੇ ਪ੍ਰੋਗਰਾਮ ਵਿਚ ਵਿਘਨ ਪਾਇਆ ਅਤੇ ਹਮਲਾ ਕਰ ਦਿੱਤਾ, ਜਿਸ ਵਿਚ ਸਥਾਨਕ ਨਿਵਾਸੀ ਰਮਨੀਦੀਪ ਸਿੰਘ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ ਅਤੇ ਉਸਦੀ ਅੱਖ ਨੂੰ ਵੀ ਨੁਕਸਾਨ ਪਹੁੰਚਿਆ। ਲਾਲਪੁਰਾ ਨੇ ਇਸ ਘਟਨਾ ਨੂੰ ਧਾਰਮਿਕ ਆਜ਼ਾਦੀ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਦੀ ਘੋਰ ਉਲੰਘਣਾ ਕਰਾਰ ਦਿੱਤਾ ਹੈ। ਲਾਲਪੁਰਾ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਕੌਮੀ ਘੱਟ ਗਿਣਤੀ ਕਮਿਸ਼ਨ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਪੱਤਰ ਲਿਖ ਕੇ ਇਸ ਮਾਮਲੇ ਦੀ ਤੁਰੰਤ ਜਾਂਚ ਰਿਪੋਰਟ ਤਲਬ ਕੀਤੀ ਹੈ।

## 29 ਜਨਵਰੀ ਨੂੰ ਹੋਵੇਗੀ ਚੰਡੀਗੜ੍ਹ ਮੇਅਰ ਦੀ ਚੋਣ

**ਚੰਡੀਗੜ੍ਹ, (ਪੰਜਾਬ ਮੇਲ)-** ਚੰਡੀਗੜ੍ਹ ਨਗਰ ਨਿਗਮ ਦੇ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀਆਂ ਅਹਿਮ ਪੋਸਟਾਂ ਲਈ ਚੋਣਾਂ 29 ਜਨਵਰੀ ਨੂੰ ਹੋਣ ਜਾ ਰਹੀਆਂ ਹਨ। ਇਸ ਵਾਰ ਸਭ ਤੋਂ ਵੱਡੀ ਤਬਦੀਲੀ ਵੋਟਿੰਗ ਪ੍ਰਣਾਲੀ ਵਿਚ ਕੀਤੀ ਗਈ ਹੈ, ਜਿੱਥੇ ਗੁਪਤ ਵੋਟਿੰਗ ਦੀ ਬਜਾਏ ਹੁਣ 'ਹੱਥ ਖੜ੍ਹੇ' ਕਰਕੇ ਵੋਟ ਪਾਉਣ ਦਾ ਸਿਸਟਮ ਲਾਗੂ ਕੀਤਾ ਗਿਆ ਹੈ।

ਡਿਪਟੀ ਕਮਿਸ਼ਨਰ ਨਿਸ਼ਾਂਤ ਯਾਦਵ ਨੇ ਇਸ ਨਵੀਂ ਪ੍ਰਕਿਰਿਆ ਲਈ ਵਿਸ਼ੇਸ਼ ਐੱਸ.ਓ.ਪੀਜ਼ ਜਾਰੀ ਕੀਤੇ ਹਨ, ਜਿਸ ਤਹਿਤ ਕੌਂਸਲਰਾਂ ਨੂੰ ਆਪਣੇ ਉਮੀਦਵਾਰ ਦੇ ਹੱਕ ਵਿਚ ਸਪੱਸ਼ਟ ਤੌਰ 'ਤੇ ਹੱਥ ਖੜ੍ਹੇ ਕਰਨੇ ਪੈਣਗੇ। ਨਾਮਜ਼ਦ ਕੌਂਸਲਰ ਡਾ. ਰਮਨੀਕ ਸਿੰਘ ਬੇਦੀ ਨੂੰ ਰਿਟਰਨਿੰਗ ਅਫ਼ਸਰ ਨਿਯੁਕਤ ਕੀਤਾ ਗਿਆ ਹੈ, ਜੋ ਕਾਨੂੰਨੀ ਮਰਿਆਦਾ ਅਨੁਸਾਰ ਚੋਣ ਸੰਪੰਨ ਕਰਵਾਉਣਗੇ।

ਚੋਣ ਪ੍ਰਕਿਰਿਆ 'ਚ ਪੂਰੀ ਪਾਰਦਰਸ਼ਤਾ ਬਣਾਈ ਰੱਖਣ ਲਈ ਪ੍ਰਸ਼ਾਸਨ ਨੇ ਸਖ਼ਤ ਕਦਮ ਚੁੱਕੇ ਹਨ। ਸਾਰੀ ਕਾਰਵਾਈ ਦੀ ਬਿਨਾਂ ਕਿਸੇ ਕੱਟ-ਵੱਢ ਦੇ ਲਗਾਤਾਰ ਵੀਡੀਓਗ੍ਰਾਫੀ ਕੀਤੀ ਜਾਵੇਗੀ ਅਤੇ ਇਸ ਰਿਕਾਰਡ ਨੂੰ 90 ਦਿਨਾਂ ਤੱਕ ਸੁਰੱਖਿਅਤ ਰੱਖਿਆ ਜਾਵੇਗਾ।

**▪ 'ਗੁਪਤ ਵੋਟਿੰਗ' ਦੀ ਥਾਂ ਹੁਣ 'ਹੱਥ ਖੜ੍ਹੇ' ਕਰਕੇ ਚੁਣਿਆ ਜਾਵੇਗਾ ਮੇਅਰ'**




ਸੁਰੱਖਿਆ ਦੇ ਲਿਹਾਜ਼ ਨਾਲ ਸਪੱਸ਼ਟ ਕੀਤਾ ਗਿਆ ਹੈ ਕਿ ਕੋਈ ਵੀ ਕੌਂਸਲਰ ਆਪਣੇ ਨਾਲ ਬਾਹਰਲੇ ਸੂਬਿਆਂ ਦੇ ਸੁਰੱਖਿਆ ਕਰਮੀ ਜਾਂ ਸਮਰਥਕ ਨਹੀਂ ਲਿਆ ਸਕੇਗਾ।

ਚੰਡੀਗੜ੍ਹ ਪੁਲਿਸ ਨੂੰ ਨਿਗਮ ਭਵਨ ਦੇ ਅੰਦਰ ਅਤੇ ਬਾਹਰ ਸਖ਼ਤ ਸੁਰੱਖਿਆ ਪ੍ਰਬੰਧ ਕਰਨ ਅਤੇ ਸ਼ਾਂਤੀ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਖੁਦ ਨਿਗਮ ਦਫ਼ਤਰ ਦਾ ਦੌਰਾ ਕਰਕੇ ਤਿਆਰੀਆਂ ਦਾ ਜਾਇਜ਼ਾ ਲਿਆ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਦਿੱਤੀ ਲੋੜਵੰਦ ਮਰੀਜ਼ਾਂ ਨੂੰ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਕਾਰਜਾਂ ਦੀ ਫਹਿਰਿਸਤ ਏਨੀ ਲੰਮੀ ਹੈ ਕਿ ਇਸ ਨੂੰ ਵਰਨਣ ਕਰਨਾ ਨਾ-ਮੁਮਕਿਨ ਹੈ। ਜਿੱਥੇ ਕਿਤੇ ਵੀ ਮਨੁੱਖਤਾ ’ਤੇ ਕੋਈ ਵੀ ਮੁਸੀਬਤ ਆਉਂਦੀ ਹੈ, ਤਾਂ ਡਾਕਟਰ ਓਬਰਾਏ ਉੱਥੇ ਫ਼ਰਿਸ਼ਤਾ ਬਣ ਕੇ ਪਹੁੰਚਦੇ ਹਨ। ਇਸ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਮੁਕਤਸਰ ਸਾਹਿਬ ਵਿਖੇ 13 ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ ਸੋਲਾਂ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋੜਵੰਦ ਮਰੀਜ਼ ਲੰਮੇ ਸਮੇਂ ਤੋਂ ਵੱਖ ਬੀਮਾਰੀਆਂ ਤੋਂ ਪੀੜ੍ਹਤ ਹਨ ਪਰ ਦਵਾਈਆਂ ਖਰੀਦਣ ਤੋਂ ਅਸਮਰਥ



*ਡਾ. ਐੱਸ.ਪੀ. ਸਿੰਘ ਓਬਰਾਏ।*

ਹਨ, ਤਾਂ ਇਨ੍ਹਾਂ ਮਰੀਜ਼ਾਂ ਵੱਲੋਂ ਡਾ. ਓਬਰਾਏ ਨੂੰ ਸਹਾਇਤਾ ਲਈ ਬੇਨਤੀ ਕੀਤੀ ਗਈ ਸੀ ਅਤੇ ਡਾਕਟਰ ਓਬਰਾਏ ਵਲੋਂ ਤੁਰੰਤ ਹੀ ਪ੍ਰਵਾਨਗੀ ਦਿੱਤੀ ਗਈ।

ਇਸ ਸਹਾਇਤਾ ਰਾਸ਼ੀ ਨੂੰ ਸੰਨਦੀਪ ਸਿੰਘ ਪ੍ਰਬੰਧਕ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਦੀ ਹਾਜ਼ਰੀ ਵਿਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਇਨ੍ਹਾਂ ਲੋੜਵੰਦ ਮਰੀਜ਼ਾਂ ਨੂੰ ਦਿੱਤੀ ਗਈ। ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਜਸਬੀਰ ਸਿੰਘ ਰਿਟਾ ਏ.ਐੱਸ.ਆਈ., ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਬਰਨੇਕ ਸਿੰਘ ਰਿਟਾ. ਲੈਕਚਰਾਰ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਸੋਮ ਨਾਥ, ਗੁਰਜੀਤ ਸਿੰਘ ਜੀਤਾ, ਜਤਿੰਦਰ ਸਿੰਘ ਕੈਂਥ, ਹਰਭਗਵਾਨ ਸਿੰਘ ਖੱਪਿਆਂਵਾਲ਼ੀ ਵਾਲੀ, ਕਾਲਾ ਖੱਪਿਆਂਵਾਲ਼ੀ ਵਾਲੀ, ਰਣਧੀਰ ਸਿੰਘ ਸਾਗੂ, ਆਦਿ ਹਾਜ਼ਰ ਸਨ।

# ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਤਹਿਤ ਸਿਲਾਈ ਦਾ ਕੋਰਸ ਪੂਰਾ ਹੋਣ ਉਪਰੰਤ ਦਿੱਤੇ ਸਰਟੀਫਿਕੇਟ



*ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਤਹਿਤ 6 ਮਹੀਨੇ ਦਾ ਸਿਲਾਈ ਦਾ ਕੋਰਸ ਪੂਰਾ ਹੋਣ ਉਪਰੰਤ ਸਰਟੀਫਿਕੇਟ ਦਿੰਦੇ ਹੋਏ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ।*

**ਮਲੋਟ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿਚ ਨੌਜਵਾਨ ਲੜਕੇ-ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਤਹਿਤ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਮੁਫ਼ਤ ਸਿਖਲਾਈ ਸੈਂਟਰ (ਸਿਲਾਈ, ਕੰਪਿਊਟਰ, ਬਿਊਟੀ ਪਾਰਲਰ) ਖੋਲ੍ਹੇ ਜਾ ਰਹੇ ਹਨ, ਤਾਂ ਜੋ ਇਹ ਤਕਨੀਕੀ ਸਿੱਖਿਆ ਲੈ ਕੇ ਆਪਣਾ ਰੋਜ਼ਗਾਰ ਸ਼ੁਰੂ ਕਰਕੇ ਆਪਣੇ ਪਰਿਵਾਰਾਂ ਦਾ ਵਧੀਆ ਢੰਗ ਨਾਲ ਪਾਲਣ-ਪੋਸ਼ਣ ਕਰ ਸਕਣ। ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਸ ਲੜੀ ਤਹਿਤ ਸ੍ਰੀ ਮੁਕਤਸਰ ਸਾਹਿਬ ਵਿਖੇ 6 ਮੁਫ਼ਤ ਸਿਖਲਾਈ ਸੈਂਟਰ ਚੱਲ ਰਹੇ ਹਨ। ਅਨਿਲ ਜੁਨੇਜਾ ਪ੍ਰਧਾਨ ਮਲੋਟ ਇਕਾਈ ਨੇ ਦੱਸਿਆ ਕਿ ਪਿੰਡ ਮਲੋਟ ਦੇ ਗੁਰਦੁਆਰਾ ਸਾਹਿਬ ਵਿਖੇ 6 ਮਹੀਨੇ ਦਾ ਮੁਫ਼ਤ ਸਿਖਲਾਈ ਸੈਂਟਰ ਖੋਲ੍ਹਿਆ ਗਿਆ ਸੀ, ਪਾਸ ਹੋਏ ਸਿਖਿਆਰਥੀਆਂ ਨੂੰ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਦੀ ਰਹਿਨੁਮਾਈ ਹੇਠ ਸਿਖਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ। ਸਿਲਾਈ ਦੀ ਮੁਫ਼ਤ ਤਕਨੀਕੀ ਸਿੱਖਿਆ ਲੈਣ ਉਪਰੰਤ ਸਿਖਿਆਰਥੀਆਂ ਵੱਲੋਂ ਡਾ. ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਇਸ ਉਪਰਾਲੇ ਨਾਲ ਅਸੀਂ ਆਪਣਾ ਵਧੀਆ ਰੁਜ਼ਗਾਰ ਚਲਾਉਣ ਦੇ ਕਾਬਲ ਹੋ ਗਏ ਹਾਂ। ਇਸ ਮੌਕੇ ਸੋਮ ਨਾਥ ਜਲਹੋਤਰਾ, ਬਲਜੀਤ ਸਿੰਘ ਮਾਨ (ਸ੍ਰੀ ਮੁਕਤਸਰ ਸਾਹਿਬ), ਸੋਹਣ ਲਾਲ ਗੂੰਬਰ ਇਕਾਈ ਮਲੋਟ ਅਤੇ ਸਿਲਾਈ ਅਧਿਆਪਕ ਮਲੋਟ ਹਾਜ਼ਰ ਸਨ।




# 328 ਲਾਪਤਾ ਸਰੂਪਾਂ ਦਾ ਮਾਮਲਾ: ਵਿਸ਼ੇਸ਼ ਜਾਂਚ ਟੀਮ ਵੱਲੋਂ ਸ਼੍ਰੋਮਣੀ ਕਮੇਟੀ ਦਾ ਸਾਬਕਾ ਆਡੀਟਰ ਕੋਹਲੀ ਗ੍ਰਿਫ਼ਤਾਰ

**▪ ਚੰਡੀਗੜ੍ਹ ਦੇ ਹੋਟਲ ਵਿਚੋਂ ਕੀਤਾ ਕਾਬੂ; ਮੁੱਖ ਮੰਤਰੀ ਵੱਲੋਂ ਸਿੱਟ ਬਣਾਉਣ ਤੋਂ ਬਾਅਦ ਪਹਿਲੀ ਗ੍ਰਿਫ਼ਤਾਰੀ**

ਅੰਮ੍ਰਿਤਸਰ, (ਪੰਜਾਬ ਮੇਲ)- 328 ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿਚ ਜਾਂਚ ਵਾਸਤੇ ਸਰਕਾਰ ਵੱਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਨੇ ਚੰਡੀਗੜ੍ਹ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਇੰਟਰਨਲ ਆਡੀਟਰ ਸਤਿੰਦਰ ਸਿੰਘ ਕੋਹਲੀ ਨੂੰ ਕਾਬੂ ਕਰ ਲਿਆ ਹੈ। ਇਸ ਦਾ ਖੁਲਾਸਾ 'ਆਪ' ਦੇ ਜਨਰਲ ਸਕੱਤਰ ਅਤੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕੀਤਾ ਹੈ। ਉਨ੍ਹਾਂ ਆਪਣੇ ਸੋਸ਼ਲ ਮੀਡੀਆ ਖਾਤੇ ਰਾਹੀਂ ਮੀਡੀਆ ਨੂੰ ਦੱਸਿਆ ਕਿ ਵਿਸ਼ੇਸ਼ ਜਾਂਚ ਟੀਮ ਨੂੰ ਸੂਚਨਾ ਮਿਲੀ ਸੀ ਕਿ ਇਹ ਵਿਅਕਤੀ ਚੰਡੀਗੜ੍ਹ ਵਿਚ ਹੈ। ਇਸ ਸੂਚਨਾ ਦੇ ਆਧਾਰ 'ਤੇ ਪੁਲਿਸ ਨੇ ਉਸ ਨੂੰ ਸ਼ਹਿਰ ਦੇ ਇੱਕ ਹੋਟਲ ਤੋਂ ਗ੍ਰਿਫ਼ਤਾਰ ਕੀਤਾ।

ਇਸ ਮਾਮਲੇ 'ਚ ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਕੇਸ ਦਰਜ ਕੀਤਾ ਸੀ ਅਤੇ ਇਸ ਮਾਮਲੇ ਦੀ ਜਾਂਚ ਵਾਸਤੇ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਸੀ। ਇਸ ਮਾਮਲੇ ਵਿਚ ਪੁਲਿਸ ਵੱਲੋਂ 16 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਸੀ, ਜਿਨ੍ਹਾਂ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਵੀ ਹਨ ਅਤੇ ਐੱਲ.ਓ.ਸੀ. ਵੀ ਜਾਰੀ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤਾ ਗਿਆ ਵਿਅਕਤੀ ਬਾਦਲ ਪਰਿਵਾਰ ਦੇ ਕਾਰੋਬਾਰ ਦਾ ਵੀ ਸੀ.ਏ. ਹੈ ਅਤੇ ਸ਼੍ਰੋਮਣੀ ਕਮੇਟੀ ਦਾ ਵੀ ਆਡਿਟ ਕਰਦਾ ਸੀ। ਇਹ ਵਿਅਕਤੀ ਕੇਸ ਦਰਜ ਹੋਣ ਤੋਂ ਬਾਅਦ ਲੁਕਣ ਦਾ ਯਤਨ ਕਰ ਰਿਹਾ ਸੀ, ਜਿਸ ਦੀ ਸੂਚਨਾ ਮਿਲਣ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਵਿਸ਼ੇਸ਼ ਜਾਂਚ ਟੀਮ ਵੱਲੋਂ ਪੁੱਛਗਿੱਛ ਕੀਤੀ ਜਾਵੇਗੀ ਅਤੇ ਹੋਰ ਖੁਲਾਸੇ ਵੀ ਕੀਤੇ ਜਾਣਗੇ।

ਇਸ ਮਾਮਲੇ ਵਿਚ ਪੁਲਿਸ ਵੱਲੋਂ 7 ਦਸੰਬਰ ਨੂੰ ਕੇਸ ਦਰਜ ਕੀਤਾ ਗਿਆ ਹੈ, ਜਿਸ ਵਿਚ 16 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ। ਇਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਤੇ ਮੌਜੂਦਾ ਕਰਮਚਾਰੀ ਤੇ ਕਈ ਹੋਰ ਵੀ ਹਨ। ਇਨ੍ਹਾਂ ਵਿਚੋਂ ਤਿੰਨ ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਅਤੇ ਤਿੰਨ ਵਿਦੇਸ਼ ਵਿਚ ਹਨ। ਇਹ ਇਸ ਮਾਮਲੇ ਵਿਚ ਪਹਿਲੀ ਗ੍ਰਿਫ਼ਤਾਰੀ ਹੈ। ਪੁਲਿਸ ਸੂਤਰਾਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਹੋਰ ਗ੍ਰਿਫ਼ਤਾਰੀਆਂ ਹੋਣ ਦੀ ਸੰਭਾਵਨਾ ਹੈ।

ਇਹ ਮੁੱਦਾ 2020 ਤੋਂ ਵਿਵਾਦਾਂ ਵਿਚ ਹੈ। ਉਸ ਵੇਲੇ ਅਕਾਲ ਤਖ਼ਤ ਵੱਲੋਂ ਬਣਾਈ ਗਈ ਇੱਕ ਜਾਂਚ ਕਮੇਟੀ ਨੇ ਇਸ ਮਾਮਲੇ ਦੀ ਜਾਂਚ ਕੀਤੀ ਸੀ ਅਤੇ ਇਸ ਦੀ ਇੱਕ ਵਿਸਥਾਰਤ ਰਿਪੋਰਟ ਜਥੇਦਾਰ ਨੂੰ ਸੌਂਪੀ ਸੀ, ਜਿਸ ਵਿਚ ਜ਼ਿੰਮੇਵਾਰ ਵਿਅਕਤੀਆਂ ਬਾਰੇ ਅਤੇ ਪ੍ਰਬੰਧਾਂ ਵਿਚ ਖਾਮੀਆਂ ਬਾਰੇ ਵੀ ਜ਼ਿਕਰ ਕੀਤਾ ਗਿਆ ਸੀ। ਆਪ ਦੇ ਆਗੂ ਬਲਤੇਜ ਪੰਨੂ ਨੇ ਕਿਹਾ ਕਿ 328 ਸਰੂਪਾਂ ਦੇ ਗਾਇਬ ਹੋਣ ਸਬੰਧੀ ਇੱਕ ਪਟੀਸ਼ਨ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਕੀਤੀ ਗਈ ਸੀ। ਅਦਾਲਤ ਦੇ ਨਿਰਦੇਸ਼ਾਂ ਤੋਂ ਬਾਅਦ ਇਕ ਐੱਫ.ਆਈ.ਆਰ. ਦਰਜ ਕੀਤੀ ਗਈ ਸੀ ਅਤੇ ਮਾਮਲੇ ਦੀ ਜਾਂਚ ਲਈ ਇੱਕ ਐੱਸ.ਆਈ.ਟੀ. ਗਠਿਤ ਕੀਤੀ ਗਈ ਸੀ। ਹਾਲ ਹੀ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਕੋਹਲੀ ਦੀ ਭੂਮਿਕਾ ਅਤੇ ਐੱਸ.ਜੀ.ਪੀ.ਸੀ. ਦੇ ਕੰਮਕਾਜ 'ਤੇ ਸਵਾਲ ਉਠਾਏ ਸਨ।

ਕੋਹਲੀ ਦੀ ਫਰਮ, ਐੱਸ.ਐੱਸ. ਕੋਹਲੀ ਐਂਡ ਐਸੋਸੀਏਟਸ ਨੂੰ 2009 ਵਿਚ ਅੰਦਰੂਨੀ ਆਡਿਟ, ਖਾਤਿਆਂ ਦੇ ਕੰਪਿਊਟਰੀਕਰਨ ਲਈ ਨਿਯੁਕਤ ਕੀਤਾ ਗਿਆ ਸੀ, ਜਿਸ ਲਈ ਇਸ ਨੂੰ ਪ੍ਰਤੀ ਮਹੀਨਾ 3.5 ਲੱਖ ਰੁਪਏ ਦਾ ਭੁਗਤਾਨ ਕੀਤਾ ਗਿਆ ਸੀ। ਸ੍ਰੀ ਅਕਾਲ ਤਖ਼ਤ ਵੱਲੋਂ ਕਰਵਾਈ ਗਈ ਜਾਂਚ ਰਿਪੋਰਟ ਵਿਚ ਇਸ ਕੰਪਨੀ ਦੀਆਂ ਸੇਵਾਵਾਂ ਖਤਮ ਕਰਨ ਅਤੇ ਇਸ ਨੂੰ ਦਿੱਤੇ ਪੈਸੇ ਵਸੂਲਣ ਲਈ ਆਖਿਆ ਗਿਆ ਸੀ, ਜਿਸ ਤਹਿਤ 2020 ਵਿਚ ਸ਼੍ਰੋਮਣੀ ਕਮੇਟੀ ਨੇ ਫਰਮ ਦੀਆਂ ਸੇਵਾਵਾਂ ਨੂੰ ਖਤਮ ਕਰ ਦਿੱਤਾ ਅਤੇ ਕੀਤੀ ਗਈ ਅਦਾਇਗੀ ਦਾ 75 ਪ੍ਰਤੀਸ਼ਤ ਵਸੂਲਣ ਲਈ ਇੱਕ ਮਤਾ ਪਾਸ ਕੀਤਾ। ਬੀਤੇ ਦਿਨੀਂ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਖੁਲਾਸਾ ਕੀਤਾ ਸੀ ਕਿ ਇਸ ਵਿਅਕਤੀ ਕੋਲੋਂ ਪੈਸੇ ਵਸੂਲਣ ਵਾਸਤੇ ਕੇਸ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਵਿਚ ਚੱਲ ਰਿਹਾ ਹੈ, ਜਿਸ ਦੀ ਸੁਣਵਾਈ ਅਗਲੇ ਦਿਨਾਂ ਵਿਚ ਨਿਰਧਾਰਿਤ ਹੈ।

# ਲਾਪਤਾ ਸਰੂਪ ਮਾਮਲਾ: ਸਿੱਟ ਵੱਲੋਂ ਪੰਜਾਬ ਵਿਚ 15 ਥਾਵਾਂ 'ਤੇ ਛਾਪੇਮਾਰੀ

**▪ 16 ਮੁਲਜ਼ਮਾਂ ਨਾਲ ਜੁੜੇ ਘਰਾਂ ਅਤੇ ਦਫ਼ਤਰਾਂ ਦੀ ਲਈ ਤਲਾਸ਼ੀ**



ਚੰਡੀਗੜ੍ਹ, (ਪੰਜਾਬ ਮੇਲ)- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਦੇ ਗਾਇਬ ਹੋਣ ਦੇ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਨੇ ਚੰਡੀਗੜ੍ਹ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਰੋਪੜ ਵਿਚ ਲਗਪਗ 15 ਥਾਵਾਂ 'ਤੇ ਛਾਪੇਮਾਰੀ ਕੀਤੀ। ਇਹ ਤਲਾਸ਼ੀ ਇਸ ਕੇਸ ਵਿਚ ਨਾਮਜ਼ਦ 16 ਮੁਲਜ਼ਮਾਂ ਨਾਲ ਜੁੜੇ ਘਰਾਂ ਅਤੇ ਦਫ਼ਤਰਾਂ ਵਿਚ ਲਈ ਗਈ। ਇਸ ਘਟਨਾਕ੍ਰਮ ਦੀ ਪੁਸ਼ਟੀ ਕਰਦਿਆਂ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ, ਜੋ ਇਸ ਜਾਂਚ ਦੀ ਨਿਗਰਾਨੀ ਕਰ ਰਹੇ ਹਨ, ਨੇ ਕਿਹਾ ਕਿ ਐੱਸ.ਆਈ.ਟੀ. ਪੂਰੀ ਤਰ੍ਹਾਂ ਮੈਰਿਟ ਅਤੇ ਕਾਨੂੰਨ ਦੇ ਅਨੁਸਾਰ ਕਾਰਵਾਈ ਕਰ ਰਹੀ ਹੈ।

ਉਨ੍ਹਾਂ ਨੇ ਭਰੋਸਾ ਦਿੱਤਾ ਕਿ ਜਾਂਚ ਦੌਰਾਨ ਕੇਸ ਨਾਲ ਸਬੰਧਤ ਸਾਰੇ ਉਪਲਬਧ ਸਬੂਤ ਰਿਕਾਰਡ 'ਤੇ ਲਿਆਂਦੇ ਜਾਣਗੇ। ਪੁਲਿਸ ਕਮਿਸ਼ਨਰ ਸ. ਭੁੱਲਰ ਨੇ ਅੱਗੇ ਕਿਹਾ ਕਿ ਜਾਂਚ ਨੂੰ ਇਸਦੇ ਤਰਕਪੂਰਨ ਸਿੱਟੇ ਤੱਕ ਪਹੁੰਚਾਇਆ ਜਾਵੇਗਾ ਅਤੇ ਚਿਤਾਵਨੀ ਦਿੱਤੀ ਕਿ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ, ਚਾਹੇ ਉਸਦਾ ਅਹੁਦਾ ਜਾਂ ਪ੍ਰਭਾਵ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ। ਦੱਸਣਯੋਗ ਇਸ ਮਾਮਲੇ ਵਿਚ 16 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ, ਜਿਨ੍ਹਾਂ ਵਿਚੋਂ ਤਿੰਨ ਦੀ ਮੌਤ ਹੋ ਚੁੱਕੀ ਹੈ ਅਤੇ ਤਿੰਨ ਵਿਦੇਸ਼ ਵਿਚ ਹਨ।

ਇਸ ਮਾਮਲੇ ਵਿਚ ਸਤਿੰਦਰ ਪਾਲ ਸਿੰਘ ਕੋਹਲੀ ਨੂੰ ਗ੍ਰਿਫਤਾਰ ਕੀਤਾ ਗਿਆ, ਜੋ ਇਸ ਵੇਲੇ ਪੁਲਿਸ ਰਿਮਾਂਡ 'ਤੇ ਹੈ।

# 328 ਪਾਵਨ ਸਰੂਪਾਂ ਦਾ ਮਾਮਲਾ: ਐੱਫ.ਆਈ.ਆਰ. ਸਿੱਖ ਸੰਸਥਾ ਦੇ ਅਧਿਕਾਰ ਖੇਤਰ 'ਚ 'ਸਿੱਧੀ ਦਖਲਅੰਦਾਜ਼ੀ': ਧਾਮੀ



ਚੰਡੀਗੜ੍ਹ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਦੇ ਮਾਮਲੇ 'ਚ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਦਰਜ ਕੀਤੀ ਗਈ ਐੱਫ.ਆਈ.ਆਰ. ਦੀ ਸਖ਼ਤ ਨਿਖੇਧੀ ਕੀਤੀ ਹੈ।

ਧਾਮੀ ਨੇ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਸਿਰਫ ਸਿਆਸੀ ਲਾਹਾ ਲੈਣ ਲਈ ਸਿੱਖ ਸੰਸਥਾ ਦੇ ਪ੍ਰਬੰਧਕੀ ਮਾਮਲਿਆਂ ਵਿਚ ਦਖ਼ਲ ਦੇ ਰਹੀ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਇੱਕ ਚੁਣੀ ਹੋਈ ਸੰਵਿਧਾਨਕ ਸੰਸਥਾ ਹੈ ਅਤੇ ਇਹ ਮਾਮਲਾ ਇਸ ਦੇ ਅੰਦਰੂਨੀ ਅਧਿਕਾਰ ਖੇਤਰ ਦਾ ਹੈ। ਧਾਮੀ ਨੇ ਕਿਹਾ ਕਿ ਜੇਕਰ ਕੋਈ ਕਾਰਵਾਈ ਕਰਨੀ ਹੈ, ਤਾਂ ਉਨ੍ਹਾਂ ਖ਼ਿਲਾਫ਼ ਕੀਤੀ ਜਾਵੇ, ਪਰ ਉਹ ਕੌਮ ਦੀ ਇਸ ਮਹਾਨ ਸੰਸਥਾ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਬਰਦਾਸ਼ਤ ਨਹੀਂ ਕਰਨਗੇ।

ਦੂਜੇ ਪਾਸੇ, ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਨੇ ਇਸ ਮਾਮਲੇ ਵਿਚ ਆਪਣੀ ਸ਼ਿਕੰਜਾ ਕੱਸ ਦਿੱਤਾ ਹੈ। ਪੁਲਿਸ ਨੇ ਹਾਲ ਹੀ ਵਿਚ ਚਾਰਟਰਡ ਅਕਾਊਂਟੈਂਟ (ਸੀ.ਏ.) ਸਤਿੰਦਰ ਸਿੰਘ ਕੋਹਲੀ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਸ਼ਨੀਵਾਰ ਨੂੰ ਅੰਮ੍ਰਿਤਸਰ, ਚੰਡੀਗੜ੍ਹ, ਰੂਪਨਗਰ ਅਤੇ ਤਰਨਤਾਰਨ ਸਮੇਤ 15 ਥਾਵਾਂ 'ਤੇ ਛਾਪੇਮਾਰੀ ਕੀਤੀ।

ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਅਨੁਸਾਰ, ਜਾਂਚ ਦੌਰਾਨ ਮਿਲੇ ਸਬੂਤਾਂ ਨੂੰ ਰਿਕਾਰਡ 'ਤੇ ਲਿਆਂਦਾ ਜਾਵੇਗਾ। ਜ਼ਿਕਰਯੋਗ ਹੈ ਕਿ ਸਾਲ 2020 'ਚ ਪ੍ਰਕਾਸ਼ਨ ਵਿਭਾਗ ਤੋਂ ਸਰੂਪਾਂ ਦੇ ਲਾਪਤਾ ਹੋਣ ਦਾ ਮਾਮਲਾ ਸਾਹਮਣੇ ਆਇਆ ਸੀ, ਜਿਸ 'ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਕਹਿਣਾ ਹੈ ਕਿ ਵੱਖ-ਵੱਖ ਸਿੱਖ ਜਥੇਬੰਦੀਆਂ ਦੀ ਮੰਗ 'ਤੇ ਹੀ ਪੁਲਿਸ ਜਾਂਚ ਅਤੇ ਪਰਚਾ ਦਰਜ ਕੀਤਾ ਗਿਆ ਹੈ, ਤਾਂ ਜੋ ਦੋਸ਼ੀਆਂ ਨੂੰ ਸਜ਼ਾ ਮਿਲ ਸਕੇ।

# ਬਿਕਰਮ ਮਜੀਠੀਆ ਦੀ ਹਿਰਾਸਤ 'ਚ 14 ਦਿਨਾਂ ਦਾ ਵਾਧਾ



ਐੱਸ.ਏ.ਐੱਸ. ਨਗਰ (ਮੋਹਾਲੀ), (ਪੰਜਾਬ ਮੇਲ)-ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਕਥਿਤ ਦੋਸ਼ਾਂ ਤਹਿਤ ਨਾਭਾ ਦੀ ਨਿਊ ਜੇਲ੍ਹ 'ਚ ਬੰਦ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਨਿਆਇਕ ਹਿਰਾਸਤ ਵਿਚ ਅਦਾਲਤ ਨੇ 14 ਦਿਨਾਂ ਦਾ ਹੋਰ ਵਾਧਾ ਕਰ ਦਿੱਤਾ ਹੈ। ਮਜੀਠੀਆ ਨੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਹਰਦੀਪ ਸਿੰਘ ਦੀ ਅਦਾਲਤ ਵਿਚ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ। ਮਾਮਲੇ ਦੀ ਅਗਲੀ ਸੁਣਵਾਈ 17 ਜਨਵਰੀ ਨੂੰ ਹੋਵੇਗੀ। ਸੁਣਵਾਈ ਦੌਰਾਨ ਵੀ ਮਜੀਠੀਆ 'ਤੇ ਦੋਸ਼ ਆਇਦ ਨਹੀਂ ਹੋ ਸਕੇ। ਇਸ ਤੋਂ ਇਲਾਵਾ ਬਚਾਅ ਪੱਖ ਦੇ ਵਕੀਲਾਂ ਵੱਲੋਂ ਕੇਸ ਦੀ ਖੁੱਲ੍ਹੀ ਅਦਾਲਤ ਵਿਚ ਸੁਣਵਾਈ ਅਤੇ ਸਿੱਧਾ ਪ੍ਰਸਾਰਨ ਸਬੰਧੀ ਦਾਇਰ ਅਰਜ਼ੀ 'ਤੇ ਫੈਸਲਾ ਵੀ 17 ਜਨਵਰੀ ਤੱਕ ਟਲ ਗਿਆ ਹੈ।

# ਕਪੂਰਥਲਾ 'ਚ ਕੈਨੇਡਾ ਤੋਂ ਆਈ ਮਹਿਲਾ ਦਾ ਦਿਨ-ਦਿਹਾੜੇ ਕਤਲ

ਕਪੂਰਥਲਾ, (ਪੰਜਾਬ ਮੇਲ)- ਕਪੂਰਥਲਾ ਵਿਖੇ ਵੱਡੀ ਵਾਰਦਾਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇਥੋਂ ਦੇ ਸੀਨਪੁਰਾ ਮੁਹੱਲੇ ਦੋ ਬਾਈਕ ਸਵਾਰ ਬਦਮਾਸ਼ਾਂ ਨੇ ਇਕ 48 ਸਾਲਾ ਮਹਿਲਾ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਮ੍ਰਿਤਕਾ ਦੀ ਪਛਾਣ ਹੇਮਪ੍ਰੀਤ ਕੌਰ ਵਜੋਂ ਹੋਈ ਹੈ, ਜੋਕਿ ਕਰੀਬ ਇਕ ਮਹੀਨਾ ਪਹਿਲਾਂ ਹੀ ਕੈਨੇਡਾ ਤੋਂ ਵਾਪਸ ਪਰਤੀ ਸੀ। ਉਸ ਨੇ ਇਕ ਦਿਨ ਪਹਿਲਾਂ ਹੀ ਆਪਣਾ ਸੈਲੂਨ ਸ਼ੁਰੂ ਕੀਤਾ ਸੀ।

ਵਾਰਦਾਤ ਦਾ ਵੇਰਵਾ ਜਾਣਕਾਰੀ ਅਨੁਸਾਰ ਇਹ ਘਟਨਾ ਸ਼ਾਮ ਕਰੀਬ 4 ਵਜੇ ਵਾਪਰੀ। ਦੋ ਹਮਲਾਵਰ ਮੋਟਰਸਾਈਕਲਾਂ 'ਤੇ ਆਏ ਸਨ। ਡੀ.ਐੱਸ.ਪੀ. ਸ਼ੀਤਲ ਸਿੰਘ ਨੇ ਦੱਸਿਆ ਕਿ ਜਦੋਂ ਹੇਮਪ੍ਰੀਤ ਕੌਰ ਘਰ ਵਿਚ ਇਕੱਲੀ ਸੀ, ਤਾਂ ਇਕ ਹਮਲਾਵਰ ਘਰ ਦੇ ਅੰਦਰ ਦਾਖ਼ਲ ਹੋਇਆ ਅਤੇ ਉਸ 'ਤੇ ਕਰੀਬ 4 ਰਾਊਂਡ ਫਾਇਰਿੰਗ ਕੀਤੀ। ਮੁਹੱਲੇ ਦੇ ਇਕ ਵਿਅਕਤੀ ਨੇ ਹਮਲਾਵਰ ਨੂੰ ਰੋਕਣ ਲਈ ਘਰ ਦਾ ਗੇਟ ਬੰਦ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਮੁਲਜ਼ਮ ਹਵਾਈ ਫਾਇਰਿੰਗ ਕਰਦਾ ਹੋਇਆ ਆਪਣੇ ਸਾਥੀ ਨਾਲ ਫਰਾਰ ਹੋਣ ਵਿਚ ਕਾਮਯਾਬ ਹੋ ਗਿਆ। ਦੱਸਿਆ ਜਾ ਰਿਹਾ ਹੈ ਕਿ ਹੇਮਪ੍ਰੀਤ ਦਾ ਆਪਣੇ ਪਤੀ ਨਾਲ ਤਲਾਕ ਹੋ ਚੁੱਕਾ ਸੀ। ਉਸ ਦਾ ਪਤੀ ਅਤੇ ਪੁੱਤਰ ਇਸ ਸਮੇਂ ਵਿਦੇਸ਼ ਵਿਚ ਹੀ ਰਹਿ ਰਹੇ ਹਨ। ਵਾਰਦਾਤ ਤੋਂ ਬਾਅਦ ਇਲਾਕੇ 'ਚ ਸਹਿਮ ਦਾ ਮਾਹੌਲ ਹੈ ਅਤੇ ਪਰਿਵਾਰਕ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ।

ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਪੂਰੇ ਇਲਾਕੇ ਨੂੰ ਘੇਰ ਲਿਆ ਹੈ। ਫੋਰੈਂਸਿਕ ਟੀਮ ਵੱਲੋਂ ਘਟਨਾ ਸਥਾਨ ਤੋਂ ਸਬੂਤ ਇਕੱਠੇ ਕੀਤੇ ਗਏ ਹਨ। ਡੀ.ਐੱਸ.ਪੀ. ਸ਼ੀਤਲ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਮੁਲਜ਼ਮਾਂ ਦੀ ਪਛਾਣ ਅਤੇ ਗ੍ਰਿਫ਼ਤਾਰੀ ਲਈ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਹੈ। ਪੁਲਿਸ ਇਸ ਗੱਲ ਦੀ ਵੀ ਜਾਂਚ ਕਰ ਰਹੀ ਹੈ ਕਿ ਫਾਇਰਿੰਗ ਦੇ ਅਸਲ ਕਾਰਨ ਕੀ ਸਨ।

# ਸਾਬਕਾ ਆਈ.ਜੀ. ਨਾਲ 8.10 ਕਰੋੜ ਦੀ ਠੱਗੀ ਮਾਰਨ ਵਾਲੇ ਮਹਾਰਾਸ਼ਟਰ 'ਚੋਂ ਗ੍ਰਿਫ਼ਤਾਰ



ਪਟਿਆਲਾ, (ਪੰਜਾਬ ਮੇਲ)- ਪੰਜਾਬ ਪੁਲਿਸ ਦੇ ਸੇਵਾਮੁਕਤ ਆਈ.ਜੀ. ਅਮਰ ਸਿੰਘ ਚਾਹਲ ਨਾਲ 8.10 ਕਰੋੜ ਦੀ ਠੱਗੀ ਮਾਰਨ ਵਾਲੇ ਗਰੋਹ ਦੀਆਂ ਤਾਰਾਂ ਦੁਬਈ ਨਾਲ ਜੁੜੀਆਂ ਹੋਈਆਂ ਹਨ। ਇਸ ਧੰਦੇ ਦਾ ਨੈੱਟਵਰਕ ਮੁੱਖ ਰੂਪ 'ਚ ਦੁਬਈ ਤੋਂ ਚਲਾਇਆ ਜਾਂਦਾ ਸੀ। ਉਂਜ ਪੁਲਿਸ ਨੇ ਇਸ ਗਰੋਹ ਦੇ ਦੋ ਮੈਂਬਰਾਂ ਨੂੰ ਮਹਾਰਾਸ਼ਟਰ ਤੋਂ ਕਾਬੂ ਕੀਤਾ ਹੈ ਤੇ ਇਹ ਮਹਾਰਾਸ਼ਟਰ ਸੂਬੇ ਨਾਲ ਹੀ ਸਬੰਧਤ ਹਨ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਈ.ਜੀ. ਕੁਲਦੀਪ ਚਾਹਲ ਦੱਸਿਆ ਕਿ ਲੋੜੀਂਦੀ ਕਾਨੂੰਨੀ ਕਾਰਵਾਈ ਕਰਕੇ ਦੋਵੇਂ ਮੁਲਜ਼ਮਾਂ ਨੂੰ ਜਲਦੀ ਹੀ ਪੰਜਾਬ ਪੁਲਿਸ ਪਟਿਆਲਾ ਲੈ ਕੇ ਆਵੇਗੀ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਤੱਕ ਪਹੁੰਚਣ ਲਈ ਐੱਸ.ਐੱਸ.ਪੀ. ਵਰੁਣ ਸ਼ਰਮਾ ਦੀ ਅਗਵਾਈ ਹੇਠਾਂ ਪਟਿਆਲਾ ਪੁਲਿਸ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।

ਆਈ.ਜੀ. ਕੁਲਦੀਪ ਚਾਹਲ ਨੇ ਦੱਸਿਆ ਕਿ ਗਰੋਹ ਦੇ 50 ਬੈਂਕ ਖਾਤੇ ਸੀਜ਼ ਕਰਵਾ ਕੇ 3.50 ਕਰੋੜ ਰੁਪਏ ਰੁਕਵਾ ਵੀ ਲਏ ਗਏ ਹਨ, ਜੋ ਪੀੜਤ ਨੂੰ ਮਿਲਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਮੁਲਜ਼ਮਾਂ ਕੋਲੋਂ ਮੋਬਾਈਲ ਫੋਨਾਂ ਦੇ 600 ਸਿਮ ਕਾਰਡ ਵੀ ਮਿਲੇ ਹਨ, ਜਿਸ ਤਹਿਤ ਹੀ ਪੁਲਿਸ ਅਗਲੇਰੀ ਜਾਂਚ ਕਰ ਰਹੀ ਹੈ। ਆਈ.ਜੀ. ਨੇ ਬਾਕੀ ਮੁਲਜ਼ਮਾਂ ਨੂੰ ਵੀ ਜਲਦੀ ਹੀ ਕਾਬੂ ਕਰ ਲੈਣ ਦੀ ਆਸ ਵੀ ਜਤਾਈ।

ਜ਼ਿਕਰਯੋਗ ਹੈ ਕਿ ਇਸ ਗਰੋਹ ਨੇ ਸ਼ੇਅਰ ਮਾਰਕੀਟ 'ਚ ਫੰਡ ਲਵਾਉਣ ਦਾ ਝਾਂਸਾ ਦੇ ਕੇ ਸਾਬਕਾ ਆਈ.ਜੀ. ਅਮਰ ਸਿੰਘ ਚਾਹਲ ਨਾਲ 8.10 ਕਰੋੜ ਰੁਪਏ ਦੀ ਠੱਗੀ ਮਾਰ ਲਈ ਸੀ, ਜਿਸ 'ਚੋਂ 7 ਕਰੋੜ ਰੁਪਏ ਚਾਹਲ ਦੇ ਰਿਸ਼ਤੇਦਾਰਾਂ ਅਤੇ ਦੋਸਤਾਂ ਦੇ ਸਨ, ਜਦਕਿ ਬਾਕੀ ਉਸ ਨੇ ਆਪਣੇ ਕੋਲੋਂ ਲਾਏ ਪਰ ਜਦੋਂ ਸਪੱਸ਼ਟ ਹੋਇਆ ਕਿ ਉਹ ਠੱਗੀ ਦਾ ਸ਼ਿਕਾਰ ਹੋ ਗਏ ਹਨ, ਤਾਂ ਚਾਹਲ ਨੇ ਆਪਣੀ ਇਥੇ ਅਰਬਨ ਅਸਟੇਟ 'ਚ ਸਥਿਤ ਕੋਠੀ 'ਚ ਖੁਦਕੁਸ਼ੀ ਦੀ ਕੋਸ਼ਿਸ਼ ਕਰਦਿਆਂ ਗੋਲੀ ਮਾਰ ਲਈ ਸੀ, ਇਸ ਦੇ ਬਾਵਜੂਦ ਉਹ ਬਚ ਗਏ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬ ਸਰਕਾਰ ਵਿਰੁੱਧ ਪੱਤਰਕਾਰਾਂ ਤੇ ਆਰ.ਟੀ.ਆਈ. ਐਕਟਿਵਸਟਾਂ ਦਾ ਆਇਆ ਸੈਲਾਬ

- ਚੰਡੀਗੜ੍ਹ ਧਰਨੇ 'ਚ ਸ਼ਾਮਲ ਹੋਏ "ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ" ਦੇ ਸੂਬਾ ਕਮੇਟੀ ਮੈਂਬਰ
- ਸਰਕਾਰ ਨੇ ਆਪਣਾ ਰਵੱਈਆ ਨਾ ਬਦਲਿਆ ਤਾਂ ਸੰਘਰਸ਼ ਸੜਕਾਂ ਤੋਂ ਸਦਨਾਂ ਤੱਕ ਲਿਜਾਇਆ ਜਾਵੇਗਾ



ਹੁਸ਼ਿਆਰਪੁਰ, (ਤਰਸੇਮ ਦੀਵਾਨਾ/ਪੰਜਾਬ ਮੇਲ)- ਲੋਕਾਂ ਦੇ ਹੱਕ ਅਤੇ ਸੰਵਿਧਾਨਿਕ ਅਦਾਰਿਆਂ ਦੀ ਆਜ਼ਾਦ ਹਸਤੀ ਬਰਕਰਾਰ ਰੱਖਣ ਲਈ ਪੱਤਰਕਾਰਾਂ ਅਤੇ ਆਰ.ਟੀ.ਆਈ. ਐਕਟਿਵਸਟਾਂ ਵੱਲੋਂ ਬੁਲੰਦ ਕੀਤੀ ਜਾਂਦੀ ਆਵਾਜ਼ ਨੂੰ ਦਬਾਉਣ ਲਈ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਦਬਾਊ ਨੀਤੀਆਂ ਅਤੇ ਲੋਕ ਮਾਰੂ ਫੈਸਲਿਆਂ ਦੇ ਵਿਰੁੱਧ ਪੰਜਾਬ ਭਰ ਤੋਂ ਪੱਤਰਕਾਰ, ਪੱਤਰਕਾਰਾਂ ਅਤੇ ਆਰ.ਟੀ.ਆਈ. ਐਕਟੀਵਿਸਟਾਂ ਦਾ ਸੈਲਾਬ ਸੜਕਾਂ ਉੱਪਰ ਆ ਗਿਆ ਹੈ। ਪੰਜਾਬ ਦੇ ਹਰ ਵਰਗ ਦੇ ਲੋਕਾਂ ਵੱਲੋਂ ਉਠਾਈ ਆਵਾਜ਼ ਦੇ ਚਲਦਿਆਂ ਚੰਡੀਗੜ੍ਹ ਦੇ ਸੈਕਟਰ 17 ਵਿਚ ਮਨਿੰਦਰਜੀਤ, ਮਨਿਕ ਗੋਇਲ, ਮਿੰਟੂ ਗੁਰੂਸਰੀਆ ਦੀ ਅਗਵਾਈ ਵਿਚ ਧਰਨਾ ਦਿੱਤਾ ਗਿਆ। ਇਸ ਧਰਨੇ ਵਿਚ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਰਜਿ. ਇੰਡੀਆ ਦੇ ਸੂਬਾ ਪ੍ਰਧਾਨ ਪ੍ਰਿੰ. ਬਲਵੀਰ ਸਿੰਘ ਸੈਣੀ, ਤਰਸੇਮ ਦੀਵਾਨਾ ਜੁਆਇੰਟ ਸਕੱਤਰ ਇੰਡੀਆ, ਗੁਰਬਿੰਦਰ ਸਿੰਘ ਪਲਾਹਾ ਵਾਈਸ ਚੇਅਰਮੈਨ ਪੰਜਾਬ, ਅਸ਼ਵਨੀ ਸ਼ਰਮਾ ਸੀਨੀਅਰ ਉਪ ਪ੍ਰਧਾਨ ਪੰਜਾਬ, ਦਲਵਿੰਦਰ ਸਿੰਘ ਮਨੋਚਾ ਐਗਜ਼ੈਕਟਿਵ ਮੈਂਬਰ ਅਤੇ ਹੋਰ ਪ੍ਰਮੁੱਖ ਅਹੁਦੇਦਾਰਾਂ ਨੇ ਵੱਡੀ ਗਿਣਤੀ ਵਿਚ ਹਾਜ਼ਰੀਆਂ ਭਰੀਆਂ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਪ੍ਰਧਾਨ ਪ੍ਰਿੰ. ਬਲਵੀਰ ਸਿੰਘ ਸੈਣੀ ਅਤੇ ਤਰਸੇਮ ਦੀਵਾਨਾ ਨੇ ਦੱਸਿਆ ਕਿ ਇਸ ਧਰਨੇ ਵਿਚ ਪੰਜਾਬ ਭਰ ਤੋਂ ਪੱਤਰਕਾਰ, ਆਰ.ਟੀ.ਆਈ. ਐਕਟਿਵਿਸਟ, ਕਿਸਾਨ, ਬੁੱਧੀਜੀਵੀ, ਸਮਾਜਿਕ ਅਤੇ ਰਾਜਨੀਤਿਕ ਆਗੂ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਧਰਨਾਕਾਰੀਆਂ ਨੇ ਹੱਥਾਂ ਵਿਚ ਤਖਤੀਆਂ, ਜ਼ੁਬਾਨਾਂ 'ਤੇ ਨਾਅਰੇ ਅਤੇ ਦਿਲਾਂ ਵਿਚ ਗੁੱਸੇ ਦਾ ਸੈਲਾਬ ਲੈ ਕੇ ਅਖੌਤੀ ਬਦਲਾਅ ਵਾਲੀ ਸਰਕਾਰ ਦੀ ਮਾੜੀ ਨੀਤੀ ਪ੍ਰਤੀ ਰੱਜ ਕੇ ਗੁੱਸਾ ਕੱਢਿਆ। ਪੱਤਰਕਾਰਾਂ ਨੇ ਸਾਫ਼ ਕਹਿ ਦਿੱਤਾ ਕਿ 'ਨਾ ਕਲਮ ਵਿਕੇਗੀ, ਨਾ ਸੱਚ ਝੁਕੇਗਾ'।

ਪ੍ਰਿੰ. ਬਲਵੀਰ ਸਿੰਘ ਸੈਣੀ ਨੇ ਕਿਹਾ ਕਿ ਜਿਹੜੀ ਪਾਰਟੀ ਸਰਕਾਰ ਬਣਾਉਣ ਤੋਂ ਪਹਿਲਾਂ ਲੋਕਤੰਤਰ ਬਚਾਉਣ ਦੀ ਗੱਲ ਕਰਦੀ ਹੈ, ਉਹੀ ਪਾਰਟੀ ਸਰਕਾਰ ਬਣਾਉਣ ਤੋਂ ਬਾਅਦ ਸੱਚ ਬੋਲਣ ਵਾਲਿਆਂ ਨੂੰ ਧਮਕੀਆਂ, ਕੇਸਾਂ ਅਤੇ ਦਬਾਅ ਨਾਲ ਚੁੱਪ ਕਰਵਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਸਿਰਫ਼ ਪੱਤਰਕਾਰਾਂ 'ਤੇ ਹਮਲਾ ਨਹੀਂ, ਇਹ ਸਿੱਧਾ ਲੋਕਤੰਤਰ 'ਤੇ ਵਾਰ ਹੈ। ਜਿਸ ਤੋਂ ਲੱਗਦਾ ਹੈ ਕਿ ਆਮ ਆਦਮੀ ਪਾਰਟੀ 'ਸਾਮ, ਦਾਮ, ਦੰਡ, ਭੇਦ' ਦੀ ਨੀਤੀ ਉੱਪਰ ਚੱਲਦੀ ਹੈ, ਤਾਂ ਜੋ ਆਪਣੇ ਵਿਰੁੱਧ ਉੱਠਣ ਵਾਲੀ ਹਰ ਆਵਾਜ਼ ਨੂੰ ਹਮੇਸ਼ਾਂ ਲਈ ਦਬਾਅ ਦਿੱਤਾ ਜਾਵੇ। ਇਸ ਰੋਸ ਪ੍ਰਦਰਸ਼ਨ ਦੌਰਾਨ ਆਪ ਸਰਕਾਰ ਨੂੰ ਸਪੱਸ਼ਟ ਚੇਤਾਵਨੀ ਦਿੱਤੀ ਗਈ ਕਿ ਜੇ ਸਰਕਾਰ ਨੇ ਆਪਣਾ ਰਵੱਈਆ ਨਾ ਬਦਲਿਆ, ਤਾਂ ਇਹ ਸੰਘਰਸ਼ ਸੜਕਾਂ ਤੋਂ ਲੈ ਕੇ ਸਦਨਾਂ ਤੱਕ ਲਿਜਾਇਆ ਜਾਵੇਗਾ। ਸਰਕਾਰ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਪੰਜਾਬ ਦਾ ਪੱਤਰਕਾਰ ਨਾ ਡਰਦਾ ਹੈ, ਨਾ ਵਿਕਦਾ ਹੈ, ਇਹ ਕੇਵਲ ਸੱਚ ਲਈ ਲੜਦਾ ਹੈ ਅਤੇ ਮਰਦੇ ਦਮ ਤੱਕ ਲੜਦਾ ਰਹੇਗਾ।

## ਆਈ.ਐੱਮ.ਐੱਫ. ਨੇ ਪਾਕਿ ਲਈ 7 ਅਰਬ ਡਾਲਰ ਦਾ ਕਰਜ਼ਾ ਜਾਰੀ ਕਰਨ ਤੋਂ ਪਹਿਲਾਂ ਨਵੀਆਂ ਸ਼ਰਤਾਂ ਰੱਖੀਆਂ

ਅੰਮ੍ਰਿਤਸਰ, (ਪੰਜਾਬ ਮੇਲ)- ਕੌਮਾਂਤਰੀ ਮੁਦਰਾ ਫ਼ੰਡ (ਆਈ.ਐੱਮ.ਐੱਫ.) ਨੇ ਪਾਕਿਸਤਾਨ ਲਈ 7 ਅਰਬ ਡਾਲਰ ਦਾ ਕਰਜ਼ਾ ਜਾਰੀ ਕਰਨ ਤੋਂ ਪਹਿਲਾਂ ਕਈ ਹੋਰ ਨਵੀਆਂ ਸ਼ਰਤਾਂ ਰੱਖੀਆਂ ਹਨ, ਜੋ ਪਾਕਿ ਦੇ ਵਧ ਰਹੇ ਇਲੈਕਟ੍ਰਿਕ ਅਤੇ ਹਾਈਬ੍ਰਿਡ ਵਾਹਨ ਉਦਯੋਗ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਆਈ.ਐੱਮ.ਐੱਫ. ਨੇ ਪਾਕਿ 'ਚ ਨਿਰਮਿਤ ਇਲੈਕਟ੍ਰਿਕ ਚਾਰ ਪਹੀਆ ਵਾਹਨਾਂ ਅਤੇ ਬਾਈਕਾਂ 'ਤੇ ਵਿਕਰੀ ਟੈਕਸ ਛੋਟਾਂ ਨੂੰ ਖ਼ਤਮ ਕਰਨ ਦੀ ਸ਼ਰਤ ਰੱਖੀ ਹੈ। ਪਾਕਿ ਸਰਕਾਰ ਵੱਲੋਂ ਅਜੇ ਤੱਕ ਇਨ੍ਹਾਂ ਵਾਹਨਾਂ ਨੂੰ ਪੂਰੀ ਤਰ੍ਹਾਂ ਟੈਕਸ-ਮੁਕਤ ਰੱਖਿਆ ਗਿਆ ਸੀ। ਇਸ ਤੋਂ ਇਲਾਵਾ 2026-27 ਵਿੱਤੀ ਸਾਲ ਤੋਂ ਮਿਆਰੀ 18 ਫ਼ੀਸਦੀ ਜਨਰਲ ਸੇਲਜ਼ ਟੈਕਸ (ਜੀ.ਐੱਸ.ਟੀ.) ਲਗਾਉਣ ਦੀ ਵੀ ਸ਼ਰਤ ਰੱਖੀ ਗਈ ਹੈ। ਇਸ ਦੇ ਨਾਲ ਹੀ ਗਲੋਬਲ ਰਿਣਦਾਤਾ ਨੇ ਵਿਕਰੀ ਟੈਕਸ ਐਕਟ ਦੇ ਅੱਠਵੇਂ ਸ਼ਡਿਊਲ ਤੋਂ ਵਿਕਰੀ ਟੈਕਸ ਛੋਟਾਂ ਨੂੰ ਹਟਾਉਣ ਅਤੇ ਉਨ੍ਹਾਂ ਨੂੰ ਆਮ ਟੈਕਸ ਪ੍ਰਣਾਲੀ 'ਚ ਸ਼ਾਮਲ ਕਰਨ ਦੀ ਵੀ ਸ਼ਰਤ ਰੱਖੀ ਹੈ।

# ਓਨਟਾਰੀਓ 'ਚ ਸੜਕ ਹਾਦਸੇ ਦੌਰਾਨ ਪੰਜਾਬੀ ਨੌਜਵਾਨ ਦੀ ਮੌਤ



ਓਨਟਾਰੀਓ, (ਪੰਜਾਬ ਮੇਲ)- ਕੈਨੇਡਾ ਦੇ ਓਨਟਾਰੀਓ ਸੂਬੇ ਵਿਚ ਹਾਈਵੇਅ 401 'ਤੇ ਸੜਕ ਹਾਦਸੇ ਵਿਚ ਪੰਜਾਬ ਦੇ ਲਾਲੜੂ ਨਿਵਾਸੀ 22 ਸਾਲਾ ਵਿਦਿਆਰਥੀ ਅਰਮਾਨ ਚੌਹਾਨ ਦੀ ਮੌਤ ਹੋ ਗਈ। ਇਹ ਹਾਦਸਾ 5 ਜਨਵਰੀ ਨੂੰ ਕ੍ਰਾਮੇਹ ਟਾਊਨਸ਼ਿਪ ਨੇੜੇ ਉਸ ਵੇਲੇ ਵਾਪਰਿਆ, ਜਦੋਂ ਅਰਮਾਨ ਆਪਣੇ ਦੋਸਤ ਨਾਲ ਮਾਂਟਰੀਅਲ ਤੋਂ ਟੋਰਾਂਟੋ ਜਾ ਰਿਹਾ ਸੀ ਪਰ ਪੁਲਿਸ ਅਨੁਸਾਰ ਅਰਮਾਨ ਪੈਦਲ ਸੀ ਪਰ ਇਹ ਸਪੱਸ਼ਟ ਨਹੀਂ ਹੋਇਆ ਕਿ ਅਰਮਾਨ ਹਾਦਸੇ ਵੇਲੇ ਪੈਦਲ ਕਿਵੇਂ ਜਾ ਰਿਹਾ ਸੀ। ਇਸ ਮਾਮਲੇ ਦੀ ਪੁਲਿਸ ਜਾਂਚ ਕਰ ਰਹੀ ਹੈ।

ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਮੁਤਾਬਕ ਉਨ੍ਹਾਂ ਨੂੰ ਫੋਨ 'ਤੇ ਜਾਣਕਾਰੀ ਮਿਲੀ ਕਿ ਹਾਈਵੇਅ ਦੀ ਪੱਛਮੀ ਲੇਨ 'ਤੇ ਇਕ ਕਾਰ ਵਲੋਂ ਇੱਕ ਪੈਦਲ ਯਾਤਰੀ ਨੂੰ ਟੱਕਰ ਮਾਰ ਦਿੱਤੀ ਗਈ ਹੈ। ਪੁਲਿਸ ਜਦੋਂ ਮੌਕੇ 'ਤੇ ਪਹੁੰਚੀ, ਤਾਂ ਮੀਡੀਅਨ ਨੇੜੇ ਇੱਕ ਕਾਰ ਖੜ੍ਹੀ ਮਿਲੀ। ਪੁਲਿਸ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਦੇਖ ਰਹੀ ਹੈ ਕਿ ਇਸ ਕਾਰ ਨੇ ਅਰਮਾਨ ਨੂੰ ਟੱਕਰ ਮਾਰੀ ਜਾਂ ਉਸ ਦੀ ਮੌਤ ਕਿਸੇ ਹੋਰ ਵਾਹਨ ਦੀ ਟੱਕਰ ਕਾਰਨ ਹੋਈ।

ਇਸ ਤੋਂ ਪਹਿਲਾਂ ਐਮਰਜੈਂਸੀ ਸੇਵਾਵਾਂ ਨੇ ਤੁਰੰਤ ਮਦਦ ਦੇ ਯਤਨ ਕੀਤੇ ਪਰ ਅਰਮਾਨ ਦੀ ਮੌਤ ਹੋ ਚੁੱਕੀ ਸੀ। ਇਸ ਹਾਦਸੇ ਦੇ ਕਾਰਨਾਂ ਦੀ ਜਾਂਚ ਜਾਰੀ ਹੈ।

ਅਰਮਾਨ ਚੌਹਾਨ ਮੁਹਾਲੀ ਜ਼ਿਲ੍ਹੇ ਦੀ ਲਾਲੜੂ ਮੰਡੀ ਦਾ ਵਸਨੀਕ ਅਤੇ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਸ ਦੀ ਅਚਾਨਕ ਮੌਤ ਦੀ ਖਬਰ ਨਾਲ ਪਿੰਡ ਅਤੇ ਪਰਿਵਾਰ ਵਿਚ ਸੋਗ ਦੀ ਲਹਿਰ ਦੌੜ ਗਈ ਹੈ। ਪਰਿਵਾਰਕ ਮੈਂਬਰਾਂ ਨੇ ਹਾਦਸੇ ਦੀ ਪੂਰੀ ਤੇ ਪਾਰਦਰਸ਼ੀ ਜਾਂਚ ਦੀ ਮੰਗ ਕਰਦਿਆਂ ਕਿਹਾ ਕਿ ਸੱਚ ਸਾਹਮਣੇ ਆਉਣਾ ਚਾਹੀਦਾ ਹੈ।

ਉਧਰ, ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਲਈ ਪਰਿਵਾਰ ਨੂੰ ਵਿੱਤੀ ਤੇ ਪ੍ਰਸ਼ਾਸਕੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਓ.ਪੀ.ਪੀ. ਨੇ ਘਟਨਾ ਦੇ ਗਵਾਹਾਂ ਅਤੇ ਡੈਸ਼ਕੈਮ ਫੁਟੇਜ ਵਾਲਿਆਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ। ਇਹ ਮਾਮਲਾ ਵਿਦੇਸ਼ਾਂ ਵਿਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ 'ਤੇ ਫਿਰ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਪੰਜਾਬ ਸਰਕਾਰ ਤੇ ਐੱਸ.ਜੀ.ਪੀ.ਐੱਸ. ਵਿਚਾਲੇ ਸਿਆਸੀ ਟਕਰਾਅ ਦਾ ਮੁੱਦਾ ਬਣਿਆ ਆਨੰਦਪੁਰ ਸਾਹਿਬ ਹੈਰੀਟੇਜ

ਰੋਪੜ, (ਪੰਜਾਬ ਮੇਲ)- ਆਨੰਦਪੁਰ ਸਾਹਿਬ ਵਿਚ ਧਾਰਮਿਕ ਸੈਰ-ਸਪਾਟੇ ਨੂੰ ਹੁਲਾਰਾ ਦੇਣ ਦੇ ਉਦੇਸ਼ ਨਾਲ ਤਿਆਰ ਕੀਤਾ ਉੱਚ ਪੱਧਰੀ ਵਿਕਾਸ ਪ੍ਰਾਜੈਕਟ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਾਲੇ ਸਿਆਸੀ ਟਕਰਾਅ ਦਾ ਮੁੱਦਾ ਬਣ ਗਿਆ ਹੈ। ਇਸ ਪ੍ਰਾਜੈਕਟ ਤਹਿਤ ਕੌਮੀ ਸ਼ਾਹਰਾਹ-503 ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੱਕ ਸਫੇਦ ਸੰਗਮਰਮਰ ਦਾ ਗਲਿਆਰਾ ਉਸਾਰਿਆ ਜਾਣਾ ਹੈ, ਜਿਸ ਦਾ ਕੰਮ ਰੁਕਿਆ ਪਿਆ ਹੈ। ਅਧੂਰੇ ਕੰਮ ਕਾਰਨ ਆਵਾਜਾਈ ਦੀ ਸਮੱਸਿਆ ਪੈਦਾ ਹੋ ਗਈ ਹੈ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਕਥਿਤ ਤੌਰ 'ਤੇ ਸੈਰ ਸਪਾਟਾ ਵਿਭਾਗ ਦੇ ਕੰਟਰੈਕਟਰ ਨੂੰ ਕੰਮ ਰੋਕਣ ਲਈ ਮਜਬੂਰ ਕਰ ਦਿੱਤਾ। ਸਰਕਾਰ ਇਸ ਮਾਮਲੇ ਵਿਚ ਸਿੱਧਾ ਦਖ਼ਲ ਦੇਣ ਦੇ ਰੌਂਅ ਵਿਚ ਨਹੀਂ ਜਾਪਦੀ। ਸੂਤਰਾਂ ਅਨੁਸਾਰ ਸਰਕਾਰ ਅਸਿੱਧੇ ਤਰੀਕੇ ਨਾਲ ਇਹ ਕੰਮ ਨੇਪਰੇ ਚਾੜ੍ਹਨ ਦੇ ਰਾਹ ਤਲਾਸ਼ ਰਹੀ ਹੈ। ਉਹ ਜਮੂਦ ਤੋੜਨ ਲਈ ਕਾਰ ਸੇਵਾ ਵਾਲੇ ਬਾਬਿਆਂ ਅਤੇ ਨਿਹੰਗ ਸਿੰਘਾਂ ਦਾ ਸਮਰਥਨ ਚਾਹੁੰਦੀ ਹੈ। ਸੈਰ ਸਪਾਟਾ ਵਿਭਾਗ ਦੇ ਕੁਝ ਅਧਿਕਾਰੀਆਂ ਅਨੁਸਾਰ ਇਹ ਪ੍ਰਾਜੈਕਟ ਮਾਰਚ ਵਿਚ ਹੋਲਾ ਮਹੱਲਾ ਸਮਾਗਮ ਬਾਅਦ ਸ਼ੁਰੂ ਹੋ ਸਕਦਾ ਹੈ। ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਇਸ ਪ੍ਰਾਜੈਕਟ ਨਾਲ ਸ਼ਰਧਾਲੂਆਂ ਨੂੰ ਪ੍ਰੇਸ਼ਾਨੀ ਹੋਵੇਗੀ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਹਾਲ ਹੀ ਵਿਚ ਇਤਰਾਜ਼ ਜਤਾਉਂਦਿਆਂ ਕਿਹਾ ਸੀ ਕਿ ਇਸ ਨਾਲ ਤਖ਼ਤ ਨੂੰ ਦੇਖਣ ਵਿਚ ਰੁਕਾਵਟ ਪੈ ਸਕਦੀ ਹੈ। ਇਸ ਪ੍ਰਾਜੈਕਟ ਲਈ ਸਰਕਾਰ ਨੇ 25 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਸਿੱਖਿਆ ਅਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਸ ਵਿਵਾਦ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪਵਿੱਤਰ ਸ਼ਹਿਰ ਲਈ ਫੰਡ ਮੁਹੱਈਆ ਕਰਵਾ ਕੇ ਆਪਣੀ ਜ਼ਿੰਮੇਵਾਰੀ ਨਿਭਾਈ ਹੈ।

# ਜਗਰਾਉਂ ਦੇ ਡੇਰਾ ਚਰਨ ਘਾਟ ਠਾਠ ਮੁਖੀ ਨੂੰ ਜਬਰ-ਜਨਾਹ ਮਾਮਲੇ 'ਚ 10 ਸਾਲ ਕੈਦ

ਮੋਗਾ, (ਪੰਜਾਬ ਮੇਲ)- ਇੱਥੋਂ ਦੇ ਵਧੀਕ ਤੇ ਸੈਸ਼ਨ ਜੱਜ ਬਿਸ਼ਨ ਸਰੂਪ ਦੀ ਅਦਾਲਤ ਨੇ ਜਗਰਾਉਂ ਦੇ ਡੇਰਾ ਚਰਨ ਘਾਟ ਠਾਠ ਮੁਖੀ ਬਲਜਿੰਦਰ ਸਿੰਘ ਨੂੰ ਜਬਰ-ਜਨਾਹ ਅਤੇ ਧਮਕਾਉਣ ਦਾ ਦੋਸ਼ੀ ਕਰਾਰ ਦਿੰਦੇ 10 ਸਾਲ ਕੈਦ ਤੇ 55 ਹਜ਼ਾਰ ਜੁਰਮਾਨਾ ਅਦਾ ਕਰਨ ਦਾ ਹੁਕਮ ਸੁਣਾਇਆ ਹੈ।

ਜਾਣਕਾਰੀ ਮੁਤਾਬਕ ਬਲਜਿੰਦਰ ਸਿੰਘ ਮੂਲ ਰੂਪ ਵਿਚ ਪਿੰਡ ਮਾਨਪੁਰ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦਾ ਰਹਿਣ ਵਾਲਾ ਸੀ ਅਤੇ ਜਗਰਾਉਂ ਦੇ ਅਖਾੜਾ ਨਹਿਰ ਕਿਨਾਰੇ ਡੇਰਾ ਚਰਨ ਘਾਟ ਠਾਠ ਦਾ ਮੁਖੀ ਸੀ। ਇਥੇ ਥਾਣਾ ਮਹਿਣਾ ਪੁਲਿਸ ਨੇ ਬਲਜਿੰਦਰ ਸਿੰਘ ਖ਼ਿਲਾਫ 18 ਸਤੰਬਰ 2024 ਨੂੰ ਜਬਰ ਜਨਾਹ ਦੀ ਧਾਰਾ 376 ਆਈ.ਪੀ.ਸੀ. ਅਤੇ ਧਮਕਾਉਣ ਦੀ ਧਾਰਾ 506 ਆਈ.ਪੀ.ਸੀ. ਤਹਿਤ ਕੇਸ ਦਰਜ ਕੀਤਾ ਸੀ। ਪੀੜਤ ਮੁਟਿਆਰ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਆਖਿਆ ਸੀ ਕਿ ਉਸ ਦਾ ਭਰਾ ਡੇਰੇ ਵਿਚ ਸੇਵਾ ਕਰਦਾ ਸੀ ਅਤੇ ਉਹ ਘਰ ਵਿਚ ਕਲੇਸ਼ ਕਰਨ ਲੱਗ ਪਿਆ। ਡੇਰੇ ਪ੍ਰਤੀ ਪਰਿਵਾਰ ਦੀ ਸ਼ਰਧਾ ਤੇ ਭਰੋਸਾ ਹੋਣ ਕਾਰਨ ਉਨ੍ਹਾਂ ਇਹ ਮਾਮਲਾ ਬਲਜਿੰਦਰ ਸਿੰਘ ਦੇ ਧਿਆਨ ਵਿਚ ਲਿਆਂਦਾ। ਇਸ ਸਬੰਧੀ ਬਲਜਿੰਦਰ ਸਿੰਘ ਨੇ ਪੀੜਤ ਪਰਿਵਾਰ ਨੂੰ 6 ਮਈ ਨੂੰ ਡਰੋਲੀ ਭਾਈ ਵਿਖੇ ਇੱਕ ਇਤਿਹਾਸਕ ਗੁਰਦੁਆਰੇ 'ਚ ਅਰਦਾਸ ਕਰਨ ਲਈ ਕਿਹਾ। ਇਸ ਦੌਰਾਨ ਬਾਬਾ ਫਾਰਚੂਨਰ ਗੱਡੀ ਵਿਚ ਲੜਕੀ ਨੂੰ ਸਥਾਨਕ ਬੁੱਘੀਪੁਰਾ ਚੌਕ ਸਥਿਤ ਇੱਕ ਹੋਟਲ 'ਚ ਲੈ ਗਿਆ ਅਤੇ ਲੜਕੀ ਨਾਲ ਜਬਰ ਜਨਾਹ ਕੀਤਾ ਅਤੇ ਧਮਕੀ ਦਿੱਤੀ ਕਿ ਜੇ ਕਿਸੇ ਕੋਲ ਮੂੰਹ ਖੋਲ੍ਹਿਆ, ਤਾਂ ਅਸ਼ਲੀਲ ਸਮੱਗਰੀ ਵਾਇਰਲ ਕਰ ਦਿੱਤੀ ਜਾਵੇਗੀ। ਇਸ ਸ਼ਿਕਾਇਤ ਦੀ ਜਾਂਚ ਦੌਰਾਨ ਹੋਟਲ 'ਚੋਂ ਬਾਬਾ ਅਤੇ ਲੜਕੀ ਦੇ ਠਹਿਰਨ ਦੇ ਸਬੂਤ ਮਿਲੇ ਸਨ।

ਇਥੇ ਕੇਸ ਦੀ ਸੁਣਵਾਈ ਦੌਰਾਨ ਸਥਾਨਕ ਵਧੀਕ ਸੈਸ਼ਨ ਜੱਜ ਬਿਸ਼ਨ ਸਰੂਪ ਦੀ ਅਦਾਲਤ ਵਿਚ ਸਰਕਾਰੀ ਅਤੇ ਬਚਾਅ ਪੱਖ ਦੇ ਵਕੀਲਾਂ ਨੇ ਆਪੋ ਆਪਣੀਆਂ ਦਲੀਲਾਂ ਦਿੱਤੀਆਂ। ਅਦਾਲਤ ਨੇ ਬਲਜਿੰਦਰ ਸਿੰਘ ਨੂੰ ਜਬਰ ਜਨਾਹ ਦੀ ਧਾਰਾ 376 ਆਈ.ਪੀ.ਸੀ. ਦੋਸ਼ੀ ਕਰਾਰ ਦਿੰਦੇ 10 ਸਾਲ ਕੈਦ ਤੇ 50 ਹਜ਼ਾਰ ਰੁਪਏ ਜੁਰਮਾਨਾ ਅਤੇ ਜੁਰਮਾਨਾ ਅਦਾ ਨਾ ਕਰਨ ਉੱਤੇ 6 ਮਹੀਨੇ ਵਾਧੂ ਕੈਦ ਅਤੇ ਧਮਕਾਉਣ ਦੀ ਧਾਰਾ 506 ਆਈ.ਪੀ.ਸੀ. ਤਹਿਤ ਦੋਸ਼ੀ ਕਰਾਰ ਦਿੰਦੇ 2 ਸਾਲ ਦੀ ਕੈਦ ਤੇ 5 ਹਜ਼ਾਰ ਰੁਪਏ ਜੁਰਮਾਨਾ ਅਤੇ ਜੁਰਮਾਨਾ ਅਦਾ ਨਾ ਕਰਨ ਉੱਤੇ 3 ਮਹੀਨੇ ਵਾਧੂ ਕੈਦ ਦਾ ਹੁਕਮ ਸੁਣਾਇਆ।

# ਭੌਂ ਮਾਲੀਆ ਸੈੱਸ ਮਾਮਲਾ: ਹਿਮਾਚਲ ਅਤੇ ਪੰਜਾਬ ਵਿਚਾਲੇ ਕਲੇਸ਼ ਛਿੜਿਆ

ਚੰਡੀਗੜ੍ਹ, (ਪੰਜਾਬ ਮੇਲ)- ਭੌਂ ਮਾਲੀਆ ਸੈੱਸ ਲਾਏ ਜਾਣ ਤੋਂ ਪੰਜਾਬ ਤੇ ਹਿਮਾਚਲ ਪ੍ਰਦੇਸ਼ ਵਿਚਾਲੇ ਸਿਆਸੀ ਕਲੇਸ਼ ਛਿੜ ਗਿਆ ਹੈ। ਆਮ ਆਦਮੀ ਪਾਰਟੀ ਨੇ ਜਿੱਥੇ ਹਿਮਾਚਲ ਪ੍ਰਦੇਸ਼ ਦੀ ਕਾਂਗਰਸ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਹੈ, ਉੱਥੇ ਪੰਜਾਬ ਕਾਂਗਰਸ 'ਤੇ ਵੀ ਸਵਾਲ ਖੜ੍ਹੇ ਕੀਤੇ ਹਨ। ਇਸ ਬਾਰੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਜੇ ਹਿਮਾਚਲ ਨੇ ਪੰਜਾਬ 'ਤੇ ਕੋਈ ਬੋਝ ਪਾਇਆ ਤਾਂ ਸਰਕਾਰ ਅਦਾਲਤ ਦਾ ਰੁਖ਼ ਕਰੇਗੀ, ਹਿਮਾਚਲ ਸਰਕਾਰ ਨੇ ਕਿਸੇ ਹਿੱਸੇਦਾਰ ਸੂਬਿਆਂ ਨਾਲ ਮਸ਼ਵਰਾ ਕੀਤੇ ਬਿਨਾਂ ਭੌਂ ਮਾਲੀਆ ਸੈੱਸ ਲਾਉਣ ਦਾ ਫ਼ੈਸਲਾ ਕੀਤਾ ਹੈ, ਜੋ ਪੂਰੀ ਤਰ੍ਹਾਂ ਗ਼ੈਰ-ਵਾਜਬ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਕੋਲ ਆਪਣਾ ਇਤਰਾਜ਼ ਦਰਜ ਕਰਾ ਦਿੱਤਾ ਹੈ ਪਰ ਬੀ.ਬੀ.ਐੱਮ.ਬੀ. ਔਖੀ ਘੜੀ 'ਚ ਪੰਜਾਬ ਨਾਲ ਕਦੇ ਨਹੀਂ ਖੜ੍ਹੀ। ਭੌਂ ਮਾਲੀਆ ਸੈੱਸ ਦੇ ਸਬੰਧ ਵਿਚ ਸੁੱਚੇ ਫ਼ੈਸਲੇ ਨੂੰ ਪੰਜਾਬ ਸਰਕਾਰ ਘੋਖ ਰਹੀ ਹੈ। ਕਾਂਗਰਸ ਹਮੇਸ਼ਾ ਪੰਜਾਬ ਨਾਲ ਧੱਕਾ ਕਰਦੀ ਆਈ ਹੈ ਅਤੇ ਹੁਣ ਪੰਜਾਬ ਕਾਂਗਰਸ ਨੂੰ ਹਿਮਾਚਲ ਸਰਕਾਰ ਦੇ ਇਸ ਫੈਸਲੇ 'ਤੇ ਆਪਣੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ। ਉਨ੍ਹਾਂ ਕੇਂਦਰ 'ਤੇ ਵੀ ਪੰਜਾਬ ਨਾਲ ਧੱਕਾ ਕਰਨ ਦੇ ਦੋਸ਼ ਲਾਏ।

# ਏਅਰ ਇੰਡੀਆ ਦੇ ਸ਼ਰਾਬ ਪੀ ਕੇ ਡਿਊਟੀ ਕਰਨ ਵਾਲੇ ਪਾਇਲਟ ਦੀ ਹੋਵੇਗੀ ਜਾਂਚ

ਨਵੀਂ ਦਿੱਲੀ, (ਪੰਜਾਬ ਮੇਲ)- ਕੈਨੇਡਾ ਦੇ ਟਰਾਂਸਪੋਰਟ ਰੈਗੂਲੇਟਰ ਨੇ ਏਅਰ ਇੰਡੀਆ ਨੂੰ ਕਿਹਾ ਹੈ ਕਿ ਉਸ ਦਾ ਇਕ ਪਾਇਲਟ ਸ਼ਰਾਬ ਪੀ ਕੇ ਡਿਊਟੀ ਲਈ ਰਿਪੋਰਟ ਕਰ ਰਿਹਾ ਸੀ ਅਤੇ ਉਸ ਦਾ ਸ਼ਰਾਬ ਜਾਂਚਣ ਵਾਲਾ ਟੈਸਟ ਕੀਤਾ ਗਿਆ, ਜਿਸ ਵਿਚ ਉਸ ਦੇ ਸ਼ਰਾਬ ਪੀਣ ਦੀ ਪੁਸ਼ਟੀ ਹੋਈ ਤੇ ਉਸ ਨੂੰ ਜਹਾਜ਼ ਵਿਚੋਂ ਬਾਹਰ ਜਾਣ ਲਈ ਕਿਹਾ ਗਿਆ। ਇਸ ਮਾਮਲੇ ਤੋਂ ਜਾਣੂ ਇਕ ਵਿਅਕਤੀ ਨੇ ਕਿਹਾ ਕਿ ਇਹ ਟੈਸਟ ਵੈਨਕੂਵਰ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਕੈਨੇਡੀਅਨ ਪੁਲਿਸ ਵਲੋਂ ਕੀਤੇ ਗਏ ਸਨ ਤੇ ਟੈਸਟ ਤੋਂ ਬਾਅਦ ਪਾਇਲਟ ਨੂੰ ਜਹਾਜ਼ ਛੱਡ ਕੇ ਜਾਣ ਲਈ ਕਿਹਾ ਗਿਆ ਸੀ।




ਟਰਾਂਸਪੋਰਟ ਕੈਨੇਡਾ ਵੱਲੋਂ ਏਅਰ ਇੰਡੀਆ ਨੂੰ ਲਿਖੇ ਇਕ ਪੱਤਰ ਵਿਚ ਇਸ ਘਟਨਾ ਨੂੰ ਗੰਭੀਰ ਮਾਮਲਾ ਦੱਸਿਆ ਗਿਆ ਹੈ ਅਤੇ ਅਧਿਕਾਰੀਆਂ ਵੱਲੋਂ ਇਸ ਮਾਮਲੇ ਵਿਚ ਕਾਰਵਾਈ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਵਿਅਕਤੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਬੇਨਤੀ ਕੀਤੀ ਕਿਉਂਕਿ ਉਸ ਨੂੰ ਮੀਡੀਆ ਨਾਲ ਗੱਲ ਕਰਨ ਦਾ ਅਧਿਕਾਰ ਨਹੀਂ ਹੈ। ਇਸ ਸਬੰਧੀ ਟਰਾਂਸਪੋਰਟ ਕੈਨੇਡਾ ਨੂੰ ਟਿੱਪਣੀ ਲਈ ਈਮੇਲ ਕੀਤੀ ਗਈ ਪਰ ਇਸ ਦਾ ਕੋਈ ਜਵਾਬ ਨਹੀਂ ਆਇਆ।

ਏਅਰ ਇੰਡੀਆ ਨੇ ਵੀ ਪੁਸ਼ਟੀ ਕੀਤੀ ਹੈ ਕਿ ਇਹ ਘਟਨਾ 23 ਦਸੰਬਰ ਨੂੰ ਵੈਨਕੂਵਰ ਤੋਂ ਦਿੱਲੀ ਜਾਣ ਵਾਲੀ ਉਡਾਣ ਵਿਚ ਵਾਪਰੀ ਸੀ, ਜਿਸ ਕਾਰਨ ਉਡਾਣ ਭਰਨ ਵਿਚ ਆਖਰੀ ਸਮੇਂ ਵਿਚ ਦੇਰੀ ਹੋਈ। ਏਅਰ ਇੰਡੀਆ ਨੇ ਕਿਹਾ ਕਿ ਇਸ ਤੋਂ ਬਾਅਦ ਦੂਜੇ ਪਾਇਲਟ ਦਾ ਇੰਤਜ਼ਾਮ ਕੀਤਾ ਗਿਆ ਤੇ ਉਡਾਣ ਭਾਰਤ ਭੇਜੀ ਗਈ।

# ਜੱਲਾਦ ਬਣੇ ਡਾਕਟਰਾਂ ਨੂੰ ਚੁਰਾਹੇ 'ਚ ਨੰਗਾ ਕਰੇਗੀ ਸ਼ਿਵਚਰਨ ਜੱਗੀ ਕੁੱਸਾ ਦੁਆਰਾ ਲਿਖੀ ਫ਼ਿਲਮ "ਇੱਕ ਸੀ ਲਾਲੀ"

**■ ਸ਼ਿਵਚਰਨ ਜੱਗੀ ਕੁੱਸਾ ਦੇ ਇੱਕ ਹੋਰ ਵੱਡੇ ਫਿਲਮੀ ਪ੍ਰਾਜੈਕਟ "ਇੱਕ ਸੀ ਲਾਲੀ" ਦਾ ਐਲਾਨ**




**ਗਲਾਸਗੋ/ਲੰਡਨ, (ਮਨਦੀਪ ਖੁਰਮੀ ਹਿੰਮਤਪੁਰਾ/ਪੰਜਾਬ ਮੇਲ)-** ਸਿਰਫ਼ ਪੰਜਾਬ ਵਿਚ ਹੀ ਨਹੀਂ, ਸ਼ਾਇਦ ਪੂਰੇ ਭਾਰਤ ਵਿਚ ਹੀ ਘੱਟੋ-ਘੱਟ ਸੱਠ-ਸੱਤਰ ਪ੍ਰਤੀਸ਼ਤ ਉਹ ਲੋਕ ਵਸਦੇ ਹੋਣਗੇ, ਜਿਨ੍ਹਾਂ ਦਾ ਬੁਰਕੇ ਵਾਲੇ ਲੁਟੇਰਿਆਂ ਅਰਥਾਤ ਠੱਗ ਡਾਕਟਰਾਂ ਨਾਲ ਸਿੱਧਾ ਵਾਹ ਪਿਆ ਹੋਵੇਗਾ। ਮਰੇ ਪਏ ਬੰਦੇ ਨੂੰ ਵੈਂਟੀਲੇਟਰ ਉੱਪਰ ਪਾਈ ਰੱਖਣਾ, ਸਿਰਫ਼ ਪੈਸਾ ਬਣਾਉਣ ਲਈ ਆਕਸੀਜ਼ਨ ਲਾਈ ਰੱਖਣੀ। ਇੱਥੋਂ ਤੱਕ ਕਿ ਮਰੇ ਬੰਦੇ ਦਾ ਕਈ-ਕਈ ਦਿਨ 'ਡਾਇਲਸੈੱਸ' ਕਰੀ ਜਾਣਾ। ਪੰਜਾਬੀ ਦੇ ਚਰਚਿਤ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਨੇ ਇਹ ਦੁਖਾਂਤ ਖ਼ੁਦ ਆਪਣੇ ਪਿੰਡੇ ਉੱਪਰ ਹੰਢਾਇਆ ਹੈ। ਉਹ ਖ਼ੂਨੀਂ ਪੰਜੇ ਅਤੇ ਆਦਮਖੋਰ ਡਾਕਟਰ ਬੜਾ ਨਜ਼ਦੀਕ ਹੋ ਕੇ ਦੇਖੇ ਹਨ, ਜੋ ਸਿਰਫ਼ ਆਪਣੇ 'ਟਾਰਗਿੱਟ' ਪੂਰੇ ਕਰਨ ਲਈ ਬੇਕਸੂਰ ਮਰੀਜ਼ਾਂ ਦੀ 'ਬਲੀ' ਦਿੰਦੇ ਹਨ ਅਤੇ ਹਰ ਵਗਦੀ ਗੰਗਾ ਵਿਚ ਹੱਥ ਧੋਣਾ ਆਪਣਾ ਜੱਦੀ ਪੁਸ਼ਤੀ ਅਧਿਕਾਰ ਸਮਝਦੇ ਹਨ। ਉਨ੍ਹਾਂ ਨੂੰ ਆਪਣੀ ਨੈਤਿਕ ਜ਼ਿੰਮੇਵਾਰੀ ਦਾ ਕੋਈ ਅਹਿਸਾਸ, ਜਾਂ ਇਸ ਜਵਾਬਦੇਹੀ ਨਾਲ ਕੋਈ ਵੀ ਲੈਣਾ-ਦੇਣਾ ਨਹੀਂ। ਉਹ ਹਰ ਮਰੀਜ਼ ਨੂੰ ਸੋਨੇ ਦੀ ਮੁਰਗੀ ਸਮਝ ਕੇ ਝਟਕਾਉਣਾ ਆਪਣਾ ਬੁਨਿਆਦੀ ਹੱਕ ਸਮਝਦੇ ਹਨ। ਕੀ ਸਮੇਂ ਦੀਆਂ ਸਰਕਾਰਾਂ ਵੱਡੇ-ਵੱਡੇ ਹਸਪਤਾਲਾਂ ਵਿਚ ਹੁੰਦੇ ਇਸ ਲੁੱਟ-ਖਸੁੱਟ ਵਾਲੇ ਵਰਤਾਰੇ ਤੋਂ ਬੇਖ਼ਬਰ ਹਨ? ਜਾਂ ਸਰਕਾਰਾਂ ਨੇ ਵੈਸੇ ਹੀ ਘੇਸਲ ਵੱਟੀ ਹੋਈ ਹੈ? ਜਾਂ ਸਮੇਂ-ਸਮੇਂ ਦੀਆਂ ਸਰਕਾਰਾਂ ਦੀ ਇਸ ਵਰਤਾਰੇ ਵਿਚ ਕੋਈ ਭਾਈਵਾਲੀ ਹੈ? ਕਿਤੇ ਚੋਰ ਅਤੇ ਕੁੱਤੀ ਰਲ ਕੇ ਸਾਂਝੀ ਖੇਡ ਤਾਂ ਨਹੀਂ ਖੇਡ ਰਹੇ?

ਪੰਜਾਬੀ ਨਾਵਲਕਾਰਾਂ ਵਿਚੋਂ ਬਹੁਤ ਘੱਟ ਲੋਕਾਂ ਨੂੰ ਇਤਨੀ ਸ਼ੁਹਰਤ ਨਸੀਬ ਹੋਈ, ਜਿਤਨੀ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦੇ ਹਿੱਸੇ ਆਈ। ਕਿਸਮਤ ਪੱਖੋਂ ਉਹ ਰੱਜਿਆ-ਪੁੱਜਿਆ ਇਨਸਾਨ ਹੈ। ਪਰ ਜਦ ਉਸ ਦੀ ਲਿਆਕਤਮੰਦ ਜੁਆਨ ਬੇਟੀ ਲਾਲੀ ਦੀ ਮੌਤ ਲੁਧਿਆਣਾ ਦੇ ਇੱਕ ਨਾਮਵਰ ਹਸਪਤਾਲ ਵਿਚ ਹੋਈ, ਤਾਂ ਉਹ ਮਾਨਸਿਕ ਤੌਰ 'ਤੇ ਟੁੱਟ ਗਿਆ। ਪਰ ਉਸ ਦੇ ਕ੍ਰਾਂਤੀਕਾਰੀ ਸੁਭਾਅ ਨੇ ਉਬਾਲਾ ਮਾਰਿਆ ਅਤੇ "ਮੈਡੀਕਲ ਅੱਤਵਾਦ" ਉੱਪਰ ਇੱਕ ਵੱਡ-ਅਕਾਰੀ ਨਾਵਲ "ਕੱਲਾ ਨਾ ਹੋਵੇ ਪੁੱਤ ਜੱਟ ਦਾ" ਲਿਖ ਕੇ ਮਾਰਕੀਟ ਵਿਚ ਦਿੱਤਾ ਅਤੇ ਇੱਕ ਫ਼ਿਲਮ ਲਿਖੀ "ਇੱਕ ਸੀ ਲਾਲੀ।"

ਹਾਲਾਂਕਿ ਉਸ ਦੀ ਹੀ ਲਿਖੀ ਫ਼ੀਚਰ ਫ਼ਿਲਮ "ਬੇਗੋ" ਦੀ ਸ਼ੂਟਿੰਗ 15 ਦਸੰਬਰ ਤੋਂ ਜੰਗੀ ਪੱਧਰ 'ਤੇ ਚੱਲ ਰਹੀ ਹੈ ਅਤੇ ਹੁਣ ਉਸ ਦੀ ਲਿਖੀ ਫ਼ਿਲਮ "ਇੱਕ ਸੀ ਲਾਲੀ" ਦਾ ਵੀ ਐਲਾਨ ਹੋ ਗਿਆ ਹੈ। ਅਸੀਂ ਇੱਕ ਗੱਲ ਦਾਅਵੇ ਨਾਲ ਕਹਿ ਸਕਦੇ ਹਾਂ, ਕਿ "ਇੱਕ ਸੀ ਲਾਲੀ" ਬਹੁਤੇ ਲੋਕਾਂ ਦੇ ਨਾਸੂਰਾਂ ਉੱਪਰ ਮੱਲ੍ਹਮ ਦਾ ਕਾਰਜ ਕਰੇਗੀ ਅਤੇ ਮੈਡੀਕਲ ਅੱਤਵਾਦ ਦੇ ਪਰਦੇਫ਼ਾਸ਼ ਕਰੇਗੀ। "ਇੱਕ ਸੀ ਲਾਲੀ" ਦੇ ਨਿਰਦੇਸ਼ਕ ਦੀ ਜ਼ਿੰਮੇਵਾਰੀ ਲਵਲੀ ਸ਼ਰਮਾ ਧੂੜਕੋਟ ਦੇ ਮੋਢਿਆਂ 'ਤੇ ਪਈ ਹੈ। ਇਸ ਪ੍ਰਤੀਨਿਧ ਨਾਲ ਗੱਲਬਾਤ ਦੌਰਾਨ ਵਿਸ਼ਵ-ਪ੍ਰਸਿੱਧ ਨਾਵਲਕਾਰ ਅਤੇ ਫ਼ਿਲਮ ਲੇਖਕ ਸ਼ਿਵਚਰਨ ਜੱਗੀ ਕੁੱਸਾ ਨੇ ਕਿਹਾ ਕਿ ਬੇਸ਼ੱਕ ਇਹ ਫ਼ਿਲਮ ਉਨ੍ਹਾਂ ਦੇ ਦਿਲ ਦੇ ਟੋਟੇ, ਧੀ ਰਾਣੀ ਲਾਲੀ ਕੁੱਸਾ ਨੂੰ ਸਮਰਪਿਤ ਹੋਵੇਗੀ, ਪਰ ਮੈਡੀਕਲ ਮਾਫ਼ੀਆ ਹੱਥੋਂ ਲੁੱਟੇ-ਪੁੱਟੇ ਗਏ ਲੋਕ ਕੁਝ ਰਾਹਤ ਜ਼ਰੂਰ ਮਹਿਸੂਸ ਕਰਨਗੇ। ਡਾਕਟਰ ਰੂਪੀ ਲਿਬਾਸ ਪਹਿਨ ਕੇ ਲੋਕਾਂ ਦਾ ਖ਼ੂਨ ਪੀ ਰਹੇ ਜੱਲਾਦਾਂ ਨੂੰ ਲੋਕ ਕਚਿਹਰੀ ਵਿਚ ਨੰਗਾ ਕਰਨ ਲਈ ਫ਼ਿਲਮ "ਇੱਕ ਸੀ ਲਾਲੀ" ਆਪਣਾ ਬਣਦਾ-ਸਰਦਾ ਯੋਗਦਾਨ ਪਾਵੇਗੀ। ਉਨ੍ਹਾਂ ਕਿਹਾ ਫ਼ਿਲਮ "ਬੇਗੋ" ਦੀ ਸ਼ੂਟਿੰਗ ਮੁਕੰਮਲ ਹੋਣ ਉਪਰੰਤ "ਇੱਕ ਸੀ ਲਾਲੀ" ਦੇ ਨਿਰਮਾਣ ਕਾਰਜ ਆਰੰਭ ਦਿੱਤੇ ਜਾਣਗੇ। ਜ਼ਿਕਰਯੋਗ ਹੈ ਕਿ ਇਸ ਫ਼ਿਲਮ ਦੇ ਪ੍ਰੋਡਿਊਸਰ ਐੱਮ.ਪੀ. ਨਿਹਾਲੇਵਾਲੀਆ, ਸ਼ੇਰਾ ਧੂੜਕੋਟੀਆ ਤੇ ਦਿਲਵੀਰ ਸਿੰਘ ਹਨ ਅਤੇ ਇਸ ਫਿਲਮ ਨੂੰ "ਯੁੱਗ ਫ਼ਿਲਮ ਸਟੂਡੀਓ" ਦੇ ਬੈਨਰ ਹੇਠ ਰਿਲੀਜ਼ ਕੀਤਾ ਜਾਵੇਗਾ।

## ਅੰਮ੍ਰਿਤਸਰ 'ਚ 'ਆਪ' ਸਰਪੰਚ ਦਾ ਗੋਲੀਆਂ ਮਾਰ ਕੇ ਕਤਲ

**ਅੰਮ੍ਰਿਤਸਰ, (ਪੰਜਾਬ ਮੇਲ)-** ਅੰਮ੍ਰਿਤਸਰ 'ਚ ਤਰਨਤਾਰਨ ਦੇ ਆਮ ਆਦਮੀ ਪਾਰਟੀ ਦੇ ਇੱਕ ਸਰਪੰਚ ਦੀ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਇਸ ਮੰਦਭਾਗੀ ਘਟਨਾ ਨੇ ਪੂਰੇ ਇਲਾਕੇ ਨੂੰ ਹਿਲਾ ਕੇ ਰੱਖ ਦਿੱਤਾ ਹੈ ਅਤੇ ਇਲਾਕੇ ਵਿਚ ਸਹਿਮ ਦਾ ਮਾਹੌਲ ਵੇਖਣ ਨੂੰ ਮਿਲ ਰਿਹਾ ਹੈ। ਜਾਣਕਾਰੀ ਮੁਤਾਬਕ ਸਰਪੰਚ ਜਰਮਲ ਸਿੰਘ ਅੰਮ੍ਰਿਤਸਰ ਵਿਖੇ ਇਕ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਲਈ ਆਏ ਸਨ। ਇਸ ਦੌਰਾਨ ਬਦਮਾਸ਼ਾਂ ਨੇ ਮੈਰਿਜ ਪੈਲੇਸ ਵਿਚ ਆ ਕੇ ਅਚਾਨਕ ਫਾਇਰਿੰਗ ਸ਼ੁਰੂ ਕਰ ਦਿੱਤੀ। ਬਦਮਾਸ਼ਾਂ ਨੇ ਸਰਪੰਚ ਦੇ ਸਿਰ ਵਿਚ ਗੋਲੀਆਂ ਮਾਰੀਆਂ। ਗੋਲੀ ਲੱਗਣ ਕਾਰਨ ਸਰਪੰਚ ਜਰਮਲ ਸਿੰਘ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਉਨ੍ਹਾਂ ਨੂੰ ਗੰਭੀਰ ਹਾਲਤ ਵਿਚ ਤੁਰੰਤ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਨ੍ਹਾਂ ਨੇ ਦਮ ਤੋੜ ਦਿੱਤਾ। ਮ੍ਰਿਤਕ ਸਰਪੰਚ ਜਰਮਲ ਸਿੰਘ ਤਰਨਤਾਰਨ ਜ਼ਿਲ੍ਹੇ ਦੇ ਵਲਟੋਹਾ ਪਿੰਡ ਦੇ ਰਹਿਣ ਵਾਲੇ ਸਨ ਅਤੇ ਮੌਜੂਦਾ ਸਰਪੰਚ ਸਨ। ਪੁਲਿਸ ਜਾਂਚ ਦੇ ਅਨੁਸਾਰ, ਉਨ੍ਹਾਂ 'ਤੇ ਪਹਿਲਾਂ ਵੀ 3 ਵਾਰ ਹਮਲਾ ਹੋ ਚੁੱਕਾ ਸੀ। ਫਾਇਰਿੰਗ ਦੀ ਸੂਚਨਾ ਮਿਲਣ 'ਤੇ ਪੁਲਿਸ ਪੈਲੇਸ ਪਹੁੰਚੀ ਅਤੇ ਪੂਰੇ ਪੈਲੇਸ ਨੂੰ ਘੇਰ ਕੇ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਵਿਆਹ ਸਮਾਗਮ ਵਿਚ ਆਏ ਲੋਕਾਂ ਤੋਂ ਵੀ ਪੁੱਛਗਿੱਛ ਕਰ ਰਹੀ ਹੈ। ਪੁਲਸ ਨੂੰ ਸ਼ੱਕ ਹੈ ਕਿ ਸਰਪੰਚ ਦੀ ਰੈਕੀ ਕੀਤੀ ਜਾ ਰਹੀ ਸੀ। ਪੁਲਿਸ ਆਸ-ਪਾਸ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਵੀ ਖੰਗਾਲ ਰਹੀ ਹੈ।

# ਪੰਜਾਬੀ ਦੀ ਬਹੁ-ਵਿਧਾਵੀ ਲੇਖਿਕਾ ਸੁਰਜੀਤ ਕੌਰ ਬੈਂਸ ਦਾ ਦੇਹਾਂਤ

**■ ਅੰਤਮ ਸਸਕਾਰ 8 ਨੂੰ**



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬੀ ਦੀ ਬਹੁ-ਵਿਧਾਵੀ ਲੇਖਿਕਾ ਸੁਰਜੀਤ ਕੌਰ ਬੈਂਸ ਦਾ ਸੰਖੇਪ ਬਿਮਾਰੀ ਤੋਂ ਬਾਅਦ ਤੜਕਸਾਰ ਮੋਹਾਲੀ ਦੇ ਆਪਣੇ ਘਰ 'ਚ ਦੇਹਾਂਤ ਹੋ ਗਿਆ। ਉਹ 86 ਵਰ੍ਹਿਆਂ ਦੇ ਸਨ। ਉਨ੍ਹਾਂ ਦਾ ਅੰਤਮ-ਸਸਕਾਰ 8 ਜਨਵਰੀ ਨੂੰ ਦੁਪਹਿਰ 12.30 ਵਜੇ ਬਲੌਂਗੀ, ਮੋਹਾਲੀ ਦੇ ਸ਼ਮਸ਼ਾਨਘਾਟ ਵਿਖੇ ਕੀਤਾ ਜਾਵੇਗਾ।

ਪੰਜਾਬੀ ਕਵਿਤਾ, ਕਹਾਣੀ ਅਤੇ ਵਾਰਤਕ ਵਿਚ ਇੱਕੋ ਜਿੰਨੀ ਸ਼ਿੱਦਤ ਅਤੇ ਸਮਰੱਥਾ ਨਾਲ਼ ਲਿਖਣ ਵਾਲੇ ਸੁਰਜੀਤ ਕੌਰ ਬੈਂਸ 10 ਦੇ ਕਰੀਬ ਪੁਸਤਕਾਂ ਦੇ ਰਚੇਤਾ ਸਨ। ਉਨ੍ਹਾਂ ਦੀਆਂ ਬੇਹੱਦ ਪਸੰਦ ਕੀਤੀਆਂ ਗਈਆਂ ਕਿਤਾਬਾਂ ਵਿਚ 'ਇਕ ਰਾਤ ਜਾਗਦੀ ਏ' (1969), 'ਰੀਝਾਂ' (2006), 'ਸੁਨੈਣਾ' (2008), 'ਰੇਸ਼ਮੀ ਕੁੜੀ' (2014), 'ਸੁਣ ਸੁਰਜੀਤ' (2018) ਅਤੇ 'ਮੈਂ ਤੇ ਮੇਰੇ' (2023) ਸ਼ਾਮਲ ਹਨ। ਉਨ੍ਹਾਂ ਦੀਆਂ ਲਿਖਤਾਂ ਨਾ ਸਿਰਫ਼ ਜੀਵਨ ਦੀਆਂ ਗਹਿਰਾਈਆਂ ਨੂੰ ਉਜਾਗਰ ਕਰਦੀਆਂ ਹਨ, ਸਗੋਂ ਔਰਤਾਂ ਦੇ ਅੰਦਰੂਨੀ ਸੰਘਰਸ਼ਾਂ ਅਤੇ ਸਮਾਜਿਕ ਹਕੀਕਤਾਂ ਨੂੰ ਵੀ ਬੇਬਾਕ ਤਰੀਕੇ ਨਾਲ ਪੇਸ਼ ਕਰਦੀਆਂ ਹਨ।

ਸੁਰਜੀਤ ਕੌਰ ਬੈਂਸ ਆਪਣੀ ਲਿਖਤਾਂ ਵਾਂਗ ਹੀ ਬੇਹੱਦ ਦਿਲਚਸਪ ਅਤੇ ਜ਼ਿੰਦਾ-ਦਿਲ ਇਨਸਾਨ ਸਨ। ਉਨ੍ਹਾਂ ਉਮਰ ਭਰ ਜ਼ਿੰਦਗੀ ਦੀਆਂ ਤਮਾਮ ਮੁਸੀਬਤਾਂ ਦਾ ਹੱਸ ਕੇ ਟਾਕਰਾ ਹੀ ਨਹੀਂ ਕੀਤਾ, ਸਗੋਂ ਸ਼ਬਦਾਂ ਦੇ ਆਸਰੇ ਨਵੇਂ ਰਾਹ-ਰਸਤੇ ਤਲਾਸ਼ ਕਰਨ ਵਿਚ ਵੀ ਸਫਲ ਰਹੇ।

ਸੁਰਜੀਤ ਕੌਰ ਬੈਂਸ ਦੇ ਅਚਾਨਕ ਦੇਹਾਂਤ 'ਤੇ ਪੰਜਾਬੀ ਸਾਹਿਤ ਜਗਤ ਨੇ ਗਹਿਰਾ ਸੋਗ ਪ੍ਰਗਟਾਇਆ ਹੈ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸਾਬਕਾ ਚੇਅਰਮੈਨ, ਸ਼ੇਖ਼ ਬਾਬਾ ਫ਼ਰੀਦ ਚੇਅਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਡਾ. ਦੀਪਕ ਮਨਮੋਹਨ ਸਿੰਘ, ਪੰਜਾਬੀ ਸਾਹਿਤ ਸਭਾ (ਰਜਿ.) ਮੋਹਾਲੀ ਦੇ ਪ੍ਰਧਾਨ ਡਾ. ਸ਼ਿੰਦਰਪਾਲ ਸਿੰਘ, ਜਨਰਲ ਸਕੱਤਰ ਡਾ. ਸਵੈ ਰਾਜ ਸੰਧੂ, ਪੰਜਾਬੀ ਲੇਖਕ ਸਭਾ (ਰਜਿ.) ਚੰਡੀਗੜ੍ਹ ਦੇ ਪ੍ਰਧਾਨ ਦੀਪਕ ਸ਼ਰਮਾ ਚਨਾਰਥਲ, ਜਨਰਲ ਸਕੱਤਰ ਭੁਪਿੰਦਰ ਮਲਿਕ ਅਤੇ ਪ੍ਰਸਿੱਧ ਲੇਖਕਾਂ ਜਸਬੀਰ ਭੁੱਲਰ, ਜੰਗ ਬਹਾਦਰ ਗੋਇਲ, ਗੁਰਨਾਮ ਕੰਵਰ, ਡਾ. ਸੁਖਦੇਵ ਸਿੰਘ ਸਿਰਸਾ, ਦਵਿੰਦਰ ਦਮਨ, ਜਸਵੰਤ ਦਮਨ, ਡਾ. ਗੁਰਮਿੰਦਰ ਸਿੱਧੂ, ਡਾ.ਬਲਦੇਵ ਸਿੰਘ ਖਹਿਰਾ, ਅਤੈ ਸਿੰਘ, ਸੁਰਿੰਦਰ ਅਤੈ ਸਿੰਘ, ਹਰਭਜਨ ਕੌਰ ਢਿੱਲੋਂ, ਅਮਰਜੀਤ ਕੋਮਲ, ਕਮਲ ਦੁਸਾਂਝ, ਪ੍ਰਿੰ. ਗੁਰਦੇਵ ਪਾਲ ਕੌਰ, ਮਨਮੋਹਨ ਸਿੰਘ ਦਾਊਂ, ਉਮਰਾਓ ਸਿੰਘ, ਹਰਪ੍ਰੀਤ ਕੌਰ ਸੰਧੂ ਅਤੇ ਮਲਕੀਅਤ ਬਸਰਾ ਨੇ ਸੁਰਜੀਤ ਕੌਰ ਬੈਂਸ ਦੇ ਦੇਹਾਂਤ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਪਰਿਵਾਰ ਨਾਲ਼ ਦਿਲੀ ਸੰਵੇਦਨਾ ਪ੍ਰਗਟਾਈ ਹੈ।






# ਵੈਨੇਜ਼ੁਏਲਾ ਮਗਰੋਂ ਟਰੰਪ ਨੇ ਹੁਣ 3 ਹੋਰ ਦੇਸ਼ਾਂ ਨੂੰ ਦਿੱਤੀ ਸਖਤ ਚਿਤਾਵਨੀ!




**ਵਾਸ਼ਿੰਗਟਨ, (ਪੰਜਾਬ ਮੇਲ)-** ਬੀਤੇ ਦਿਨੀਂ ਅਮਰੀਕਾ ਨੇ ਵੈਨੇਜ਼ੁਏਲਾ ’ਤੇ ਵੱਡੀ ਏਅਰਸਟ੍ਰਾਈਕ ਕੀਤੀ ਤੇ ਉੱਥੋਂ ਦੇ ਰਾਸ਼ਟਰਪਤੀ ਮਾਦੂਰੋ ਤੇ ਉਨ੍ਹਾਂ ਦੀ ਪਤਨੀ ਨੂੰ ਹਿਰਾਸਤ ’ਚ ਲੈ ਲਿਆ। ਇਸ ਕਾਰਵਾਈ ਤੋਂ ਬਾਅਦ ਰਾਸ਼ਟਰਪਤੀ ਟਰੰਪ ਨੇ ਹੁਣ ਮੈਕਸੀਕੋ, ਕਿਊਬਾ ਅਤੇ ਕੋਲੰਬੀਆ ਨੂੰ ਸਖ਼ਤ ਚਿਤਾਵਨੀ ਦਿੱਤੀ ਹੈ। ਟਰੰਪ ਨੇ ਇਨ੍ਹਾਂ ਦੇਸ਼ਾਂ ’ਤੇ ਨਸ਼ਾ-ਤਸਕਰੀ ਅਤੇ ਨਾਰਕੋ-ਟੈਰਰਿਜ਼ਮ ਨੂੰ ਸ਼ਹਿ ਦੇਣ ਦੇ ਦੋਸ਼ ਲਗਾਉਂਦੇ ਹੋਏ ਕਿਹਾ ਹੈ ਕਿ ਜੇਕਰ ਉਨ੍ਹਾਂ ਨੇ ਸਥਿਤੀ ਨਾ ਸੁਧਾਰੀ, ਤਾਂ ਅਗਲੀ ਵਾਰੀ ਉਨ੍ਹਾਂ ਦੀ ਹੋ ਸਕਦੀ ਹੈ।

ਟਰੰਪ ਨੇ ਕਿਊਬਾ ਨੂੰ ਇੱਕ ਫੇਲ੍ਹ ਦੇਸ਼ ਦੱਸਿਆ ਅਤੇ ਕੋਲੰਬੀਆ ’ਤੇ ਕੋਕੀਨ ਦੀਆਂ ਫੈਕਟਰੀਆਂ ਚਲਾਉਣ ਦੇ ਦੋਸ਼ ਲਾਏ। ਮੈਕਸੀਕੋ ਬਾਰੇ ਉਨ੍ਹਾਂ ਦਾਅਵਾ ਕੀਤਾ ਕਿ ਉੱਥੇ ਸਰਕਾਰ ਦੀ ਬਜਾਏ ਡਰੱਗ ਕਾਰਟੇਲ ਦਾ ਕਬਜ਼ਾ ਹੈ।

ਭਾਰਤ ਨੇ ਵੈਨੇਜ਼ੁਏਲਾ ’ਚ ਬਣੀ ਇਸ ਸਥਿਤੀ ’ਤੇ ਡੂੰਘੀ ਚਿੰਤਾ ਜ਼ਾਹਰ ਕੀਤੀ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਅਪੀਲ ਕੀਤੀ ਹੈ ਕਿ ਖੇਤਰ ਵਿਚ ਸ਼ਾਂਤੀ ਬਣਾਈ ਰੱਖਣ ਲਈ ਸਾਰੇ ਵਿਵਾਦਾਂ ਨੂੰ ਗੱਲਬਾਤ ਅਤੇ ਸ਼ਾਂਤੀਪੂਰਨ ਤਰੀਕੇ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ।

ਕਿਊਬਾ ਦੇ ਰਾਸ਼ਟਰਪਤੀ ਨੇ ਇਸ ਹਮਲੇ ਨੂੰ ਕਾਇਰਤਾਪੂਰਨ ਅਤੇ ਅਪਰਾਧਿਕ ਦੱਸਿਆ ਹੈ, ਜਦਕਿ ਮੈਕਸੀਕੋ ਨੇ ਇਸ ਨੂੰ ਖੇਤਰੀ ਸ਼ਾਂਤੀ ਲਈ ਖਤਰਾ ਕਰਾਰ ਦਿੱਤਾ ਹੈ। ਅਮਰੀਕਾ ਦੇ ਅੰਦਰ ਵੀ ਕਈ ਸੰਸਦ ਮੈਂਬਰਾਂ ਨੇ ਬਿਨਾਂ ਕਾਂਗਰਸ ਦੀ ਮਨਜ਼ੂਰੀ ਦੇ ਇਸ ਕਾਰਵਾਈ ਨੂੰ ਸ਼ੁਰੂ ਕਰਨ ਲਈ ਟਰੰਪ ਦੀ ਆਲੋਚਨਾ ਕੀਤੀ ਹੈ। ਇਸੇ ਦੌਰਾਨ ਰੂਸ ਅਤੇ ਚੀਨ ਵਰਗੇ ਦੇਸ਼ਾਂ ਵੱਲੋਂ ਵੀ ਇਸ ਕਾਰਵਾਈ ਵਿਰੁੱਧ ਜਵਾਬੀ ਕਾਰਵਾਈ ਦੇ ਸੰਕੇਤ ਦਿੱਤੇ ਗਏ ਹਨ, ਜਿਸ ਨਾਲ ਖੇਤਰ ਵਿਚ ਤਣਾਅ ਹੋਰ ਵਧ ਗਿਆ ਹੈ। ਭਾਰਤ ਨੇ ਕਿਹਾ ਹੈ ਕਿ ਉਹ ਵੈਨੇਜ਼ੁਏਲਾ ਵਿਚ ਬਦਲ ਰਹੀ ਸਥਿਤੀ ’ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ।

ਜ਼ਿਕਰਯੋਗ ਹੈ ਕਿ ਅਮਰੀਕੀ ਫੌਜ ਨੇ ਵੈਨੇਜ਼ੁਏਲਾ ਵਿਚ ‘ਲਾਰਜ ਸਕੇਲ ਸਟ੍ਰਾਈਕ’ ਕੀਤੀ ਅਤੇ ਮਾਦੂਰੋ ਨੂੰ ਕਾਬੂ ਕਰ ਕੇ ਨਿਊਯਾਰਕ ਲਿਜਾਇਆ ਗਿਆ ਹੈ। ਇਸ ਕਾਰਵਾਈ ਤੋਂ ਬਾਅਦ ਵੈਨੇਜ਼ੁਏਲਾ ਦੀ ਉਪ ਰਾਸ਼ਟਰਪਤੀ ਡੈਲਸੀ ਰੋਡਰਿਗਜ਼ ਨੂੰ ਦੇਸ਼ ਦੀ ਰਾਸ਼ਟਰਪਤੀ ਨਿਯੁਕਤ ਕੀਤਾ ਗਿਆ ਹੈ ਤੇ ਦੇਸ਼ ’ਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਗਿਆ ਹੈ।

# ਵੈਨੇਜ਼ੁਏਲਾ ’ਤੇ ਹਮਲੇ ਤੋਂ ਬਾਅਦ ਅਮਰੀਕੀ ਸਿਆਸਤ ਭਖੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੈਨਾ ਵੱਲੋਂ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਤੇ ਉਨ੍ਹਾਂ ਦੀ ਪਤਨੀ ਸਿਲਿਆ ਫਲੋਰਸ ਨੂੰ ਹਿਰਾਸਤ ਵਿਚ ਲਏ ਜਾਣ ਤੋਂ ਬਾਅਦ ਅਮਰੀਕਾ ਦੀ ਅੰਦਰੂਨੀ ਸਿਆਸਤ ਪੂਰੀ ਤਰ੍ਹਾਂ ਭਖ ਗਈ ਹੈ। ਅਮਰੀਕਾ ਦੀ ਸਾਬਕਾ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨੇ ਇਸ ਸੈਨਿਕ ਕਾਰਵਾਈ ਦੀ ਸਖ਼ਤ ਨਿੰਦਾ ਕਰਦਿਆਂ ਇਸ ਨੂੰ “ਗੈਰ-ਕਾਨੂੰਨੀ” ਅਤੇ “ਬੇਵਕੂਫੀ ਭਰਿਆ” ਕਦਮ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਡੋਨਾਲਡ ਟਰੰਪ ਦੀਆਂ ਇਹ ਕਾਰਵਾਈਆਂ ਅਮਰੀਕਾ ਨੂੰ ਵਧੇਰੇ ਸੁਰੱਖਿਅਤ ਜਾਂ ਮਜ਼ਬੂਤ ਨਹੀਂ ਬਣਾਉਂਦੀਆਂ।

ਕਮਲਾ ਹੈਰਿਸ ਨੇ ਸੋਸ਼ਲ ਮੀਡੀਆ ’ਤੇ ਪੋਸਟ ਕਰਦਿਆਂ ਕਿਹਾ ਕਿ ਮਾਦੂਰੋ ਭਾਵੇਂ ਇੱਕ ਕਰੂਰ ਤਾਨਾਸ਼ਾਹ ਹੋ ਸਕਦਾ ਹੈ, ਪਰ ਅਮਰੀਕੀ ਕਾਰਵਾਈ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ। ਉਨ੍ਹਾਂ ਇਲਜ਼ਾਮ ਲਗਾਇਆ ਕਿ ਇਹ ਕਾਰਵਾਈ ਲੋਕਤੰਤਰ ਬਚਾਉਣ ਲਈ ਨਹੀਂ, ਸਗੋਂ ਤੇਲ ਤੇ ਡੋਨਾਲਡ ਟਰੰਪ ਦੀ ਖੇਤਰੀ ਤਾਕਤਵਰ ਨੇਤਾ ਬਣਨ ਦੀ ਇੱਛਾ ਨਾਲ ਜੁੜੀ ਹੋਈ ਹੈ। ਹੈਰਿਸ ਅਨੁਸਾਰ, ਅਜਿਹੇ ਯੁੱਧ ਅੰਤ ਵਿਚ ਅਰਾਜਕਤਾ ਵਿਚ ਬਦਲ ਜਾਂਦੇ ਹਨ ਅਤੇ ਇਸ ਦੀ ਭਾਰੀ ਕੀਮਤ ਅਮਰੀਕੀ ਪਰਿਵਾਰਾਂ ਨੂੰ ਚੁਕਾਉਣੀ ਪੈਂਦੀ ਹੈ।

**■ ਕਮਲਾ ਹੈਰਿਸ ਨੇ ਵੈਨੇਜ਼ੁਏਲਾ ’ਤੇ ਹਮਲੇ ਨੂੰ ਲੈ ਕੇ ਘੇਰੀ ਟਰੰਪ ਸਰਕਾਰ**

ਰਿਪੋਰਟ ਅਨੁਸਾਰ ਅਮਰੀਕੀ ਸੈਨਾ ਦੀ ਡੇਲਟਾ ਫੋਰਸ ਨੇ ਐੱਫ.ਬੀ.ਆਈ. ਦੇ ਸਹਿਯੋਗ ਨਾਲ ਇੱਕ ਅਚਨਚੇਤ ਰਾਤਰੀ ਅਪ੍ਰੇਸ਼ਨ ਚਲਾਇਆ। ਅਮਰੀਕੀ ਕਮਾਂਡੋ ਕਾਰਾਕਾਸ ਦੇ ਸਖ਼ਤ ਸੁਰੱਖਿਆ ਵਾਲੇ ਫੋਰਟ ਤਿਊਨਾ (Fort Tiuna) ਫੌਜੀ ਕੰਪਲੈਕਸ ਵਿਚ ਦਾਖਲ ਹੋਏ ਅਤੇ ਮਾਦੂਰੋ ਤੇ ਉਨ੍ਹਾਂ ਦੀ ਪਤਨੀ ਨੂੰ ਉਨ੍ਹਾਂ ਦੇ ਬੈਡਰੂਮ ਵਿਚੋਂ ਹਿਰਾਸਤ ਵਿਚ ਲੈ ਲਿਆ। ਇਹ ਪੂਰੀ ਕਾਰਵਾਈ 30 ਮਿੰਟ ਤੋਂ ਵੀ ਘੱਟ ਸਮੇਂ ਵਿਚ ਪੂਰੀ ਹੋ ਗਈ ਅਤੇ ਇਸ ਵਿਚ ਕਿਸੇ ਵੀ ਅਮਰੀਕੀ ਸੈਨਿਕ ਦਾ ਕੋਈ ਨੁਕਸਾਨ ਨਹੀਂ ਹੋਇਆ।

ਸਿਰਫ਼ ਕਮਲਾ ਹੈਰਿਸ ਹੀ ਨਹੀਂ, ਸਗੋਂ ਨਿਊਯਾਰਕ ਦੇ ਮੇਅਰ ਜੋਹਰਾਨ ਮੰਮਦਾਨੀ ਨੇ ਵੀ ਇਸ ਨੂੰ ਇੱਕਪਾਸੜ ਕਾਰਵਾਈ ਦੱਸਦਿਆਂ ਇਸ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਹੈ ਅਤੇ ਇਸ ਨੂੰ “ਯੁੱਧ ਦੀ ਕਾਰਵਾਈ” ਮੰਨਿਆ ਜਾਣਾ ਚਾਹੀਦਾ ਹੈ। ਉਨ੍ਹਾਂ ਚਿੰਤਾ ਜਤਾਈ ਕਿ ਇਸ ਦਾ ਅਸਰ ਨਿਊਯਾਰਕ ਵਿਚ ਰਹਿ ਰਹੇ ਹਜ਼ਾਰਾਂ ਵੈਨੇਜ਼ੁਏਲਾ ਦੇ ਨਾਗਰਿਕਾਂ ’ਤੇ ਵੀ ਪਵੇਗਾ।

ਹੈਰਿਸ ਨੇ ਚਿਤਾਵਨੀ ਦਿੱਤੀ ਹੈ ਕਿ ਰਾਸ਼ਟਰਪਤੀ ਟਰੰਪ ਬਿਨਾਂ ਕਿਸੇ ਠੋਸ ਯੋਜਨਾ ਜਾਂ ਕਾਨੂੰਨੀ ਆਧਾਰ ਦੇ ਅਰਬਾਂ ਡਾਲਰ ਖ਼ਰਚ ਕਰ ਰਹੇ ਹਨ ਅਤੇ ਅਮਰੀਕੀ ਸੈਨਿਕਾਂ ਦੀ ਜਾਨ ਜ਼ੋਖ਼ਮ ਵਿਚ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਨੂੰ ਅਜਿਹੇ ਲੀਡਰ ਦੀ ਲੋੜ ਹੈ, ਜੋ ਆਪਣੇ ਸਹਿਯੋਗੀ ਦੇਸ਼ਾਂ ਨੂੰ ਮਜ਼ਬੂਤ ਕਰੇ ਅਤੇ ਅਮਰੀਕੀ ਜਨਤਾ ਦੇ ਹਿੱਤਾਂ ਨੂੰ ਸਭ ਤੋਂ ਉੱਪਰ ਰੱਖੇ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com

# ਟਰੰਪ ਵੱਲੋਂ ਵੈਨੇਜ਼ੁਏਲਾ ਦੀ ਅੰਤਰਿਮ ਰਾਸ਼ਟਰਪਤੀ ਨੂੰ ਧਮਕੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੈਨੇਜ਼ੁਏਲਾ ਦੀ ਰਾਸ਼ਟਰਪਤੀ ਡੈਲਸੀ ਰੋਡਰਿਗਜ਼ ਨੂੰ ਧਮਕੀ ਦਿੰਦਿਆਂ ਕਿਹਾ ਕਿ ਜੇ ਉਨ੍ਹਾਂ ਨੇ ਅਮਰੀਕਾ ਦੇ ਹੁਕਮਾਂ ਦਾ ਪਾਲਣ ਨਾ ਕੀਤਾ, ਤਾਂ ਉਨ੍ਹਾਂ ਦਾ ਹਸ਼ਰ ਨਿਕੋਲਸ ਮਾਦੂਰੋ ਤੋਂ ਵੀ ਬੁਰਾ ਹੋਵੇਗਾ। ਅਮਰੀਕੀ ਰਾਸ਼ਟਰਪਤੀ ਨੇ ਇਹ ਗੱਲ ਇਕ ਮੈਗਜ਼ੀਨ ਨੂੰ ਇੰਟਰਵਿਊ ਦਿੰਦਿਆਂ ਕਹੀ।

ਇਸ ਤੋਂ ਇਕ ਦਿਨ ਪਹਿਲਾਂ ਹੀ ਟਰੰਪ ਨੇ ਕਿਹਾ ਸੀ ਕਿ ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਡੈਲਸੀ ਨਾਲ ਗੱਲਬਾਤ ਕੀਤੀ ਹੈ ਤੇ ਉਹ ਵੈਨੇਜ਼ੁਏਲਾ ਵਾਸੀਆਂ ਦੀ ਹਾਲਤ ਸੁਧਾਰਨ ਲਈ ਅਮਰੀਕਾ ਅਨੁਸਾਰ ਕੰਮ ਕਰਨ ਲਈ ਤਿਆਰ ਹੈ ਪਰ ਇਸ ਤੋਂ ਬਾਅਦ ਹੀ ਅੰਤਰਿਮ ਰਾਸ਼ਟਰਪਤੀ ਡੈਲਸੀ ਨੇ ਟੀ.ਵੀ. ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਵੈਨੇਜ਼ੁਏਲਾ ਦਾ ਰਾਸ਼ਟਰਪਤੀ ਨਿਕੋਲਸ ਮਾਦੂਰੋ ਹੀ ਹੈ ਤੇ ਉਨ੍ਹਾਂ ਅਮਰੀਕਾ ਵਲੋਂ ਨਿਕੋਲਸ ਨੂੰ ਗ੍ਰਿਫ਼ਤਾਰ ਕਰਨ ਦੀ ਨਿਖੇਧੀ ਵੀ ਕੀਤੀ ਸੀ। ਟਰੰਪ ਨੇ ਇਹ ਵੀ ਕਿਹਾ ਕਿ ਜੇ ਡੈਲਸੀ ਅਮਰੀਕਾ ਅਨੁਸਾਰ ਕੰਮ ਕਰੇਗੀ, ਤਾਂ ਵੈਨੇਜ਼ੁਏਲਾ ਵਿਚ ਅਮਰੀਕੀ ਫੌਜੀ ਤਾਇਨਾਤ ਨਹੀਂ ਕੀਤੇ ਜਾਣਗੇ।

# ਵੈਨੇਜ਼ੁਏਲਾ ’ਤੇ ਏਅਰ ਸਟਰਾਈਕ ਕਰਨ ’ਤੇ ਅਮਰੀਕਾ ’ਚ ਹੀ ਘਿਰਨ ਲੱਗਾ ਟਰੰਪ ਪ੍ਰਸ਼ਾਸਨ

**ਵਾਸ਼ਿੰਗਟਨ, (ਪੰਜਾਬ ਮੇਲ)-** ਸ਼ਨੀਵਾਰ ਨੂੰ ਅਮਰੀਕੀ ਪ੍ਰਸ਼ਾਸਨ ਨੇ ਵੈਨੇਜ਼ੁਏਲਾ ਵਿਚ ਇੱਕ ਵੱਡੀ ਫੌਜੀ ਕਾਰਵਾਈ ਕਰਦੇ ਹੋਏ ਉੱਥੋਂ ਦੇ ਰਾਸ਼ਟਰਪਤੀ ਨਿਕੋਲਸ ਮਦੂਰੋ ਨੂੰ ਸੱਤਾ ਤੋਂ ਲਾਂਭੇ ਕਰ ਦਿੱਤਾ ਗਿਆ ਹੈ ਤੇ ਗ੍ਰਿਫ਼ਤਾਰ ਕਰ ਕੇ ਅਮਰੀਕਾ ਲੈ ਜਾਇਆ ਗਿਆ ਹੈ। ਅੱਧੀ ਰਾਤ ਨੂੰ ਕੀਤੀ ਗਈ ਇਸ ਕਾਰਵਾਈ ਦੌਰਾਨ ਮਦੂਰੋ ਅਤੇ ਉਨ੍ਹਾਂ ਦੀ ਪਤਨੀ, ਸੀਲੀਆ ਫਲੋਰਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਅਤੇ ਉਨ੍ਹਾਂ ਨੂੰ ਨਾਰਕੋ-ਟੈਰੋਰਿਜ਼ਮ ਦੇ ਦੋਸ਼ਾਂ ਦਾ ਸਾਹਮਣਾ ਕਰਨ ਲਈ ਨਿਊਯਾਰਕ ਲਿਜਾਇਆ ਗਿਆ ਹੈ। ਅਮਰੀਕੀ ਅਟਾਰਨੀ ਜਨਰਲ ਪੈਮ ਬੋਂਡੀ ਨੇ ਕਿਹਾ ਕਿ ਉਨ੍ਹਾਂ ਨੂੰ ਅਮਰੀਕੀ ਅਦਾਲਤਾਂ ਵਿਚ ਇਨਸਾਫ਼ ਦਾ ਸਾਹਮਣਾ ਕਰਨਾ ਪਵੇਗਾ।

ਇਸ ਕਾਰਵਾਈ ਮਗਰੋਂ ਰਾਸ਼ਟਰਪਤੀ ਟਰੰਪ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਅਸਥਾਈ ਤੌਰ ’ਤੇ ਵੈਨੇਜ਼ੁਏਲਾ ਦਾ ਪ੍ਰਬੰਧ ਚਲਾਏਗਾ ਅਤੇ ਦੇਸ਼ ਦੇ ਵਿਸ਼ਾਲ ਤੇਲ ਭੰਡਾਰਾਂ ਦੀ ਵਰਤੋਂ ਦੂਜੇ ਦੇਸ਼ਾਂ ਨੂੰ ਤੇਲ ਵੇਚਣ ਲਈ ਕਰੇਗਾ। ਇਸ ਫੌਜੀ ਕਾਰਵਾਈ ਦੇ ਵਿਰੋਧ ਵਿਚ ਵ੍ਹਾਈਟ ਹਾਊਸ, ਨਿਊਯਾਰਕ, ਮਿਆਮੀ, ਬੋਸਟਨ ਅਤੇ ਫਿਲਾਡੇਲਫੀਆ ਸਮੇਤ ਅਮਰੀਕਾ ਦੇ ਕਈ ਸ਼ਹਿਰਾਂ ਵਿਚ ਪ੍ਰਦਰਸ਼ਨ ਕੀਤੇ ਗਏ। ਪ੍ਰਦਰਸ਼ਨਕਾਰੀ ਇਸ ਕਾਰਵਾਈ ਨੂੰ “ਤੇਲ ਦੀ ਜੰਗ” ਅਤੇ ਇੱਕ “ਗੈਰ-ਕਾਨੂੰਨੀ ਕਬਜ਼ਾ” ਦੱਸ ਰਹੇ ਹਨ। ਉਹ ਰਾਸ਼ਟਰਪਤੀ ਟਰੰਪ ਅਤੇ ਰੱਖਿਆ ਸਕੱਤਰ ਪੀਟ ਹੇਗਸੇਥ ’ਤੇ ਮਹਾਂਦੋਸ਼ ਦੀ ਮੰਗ ਕਰ ਰਹੇ ਹਨ।

ਜਿੱਥੇ ਪ੍ਰਦਰਸ਼ਨਕਾਰੀ ਇਸ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਸਮਰਾਜਵਾਦ ਕਹਿ ਰਹੇ ਹਨ, ਉੱਥੇ ਹੀ ਦੱਖਣੀ ਫਲੋਰੀਡਾ ਵਿਚ ਰਹਿ ਰਹੇ ਵੈਨੇਜ਼ੁਏਲਾ ਦੇ ਪ੍ਰਵਾਸੀਆਂ ਵਿਚ ਭਾਰੀ ਉਤਸ਼ਾਹ ਦੇਖਿਆ ਗਿਆ। ਉਹ ਇਸ ਨੂੰ ਆਪਣੇ ਦੇਸ਼ ਦੀ ਆਜ਼ਾਦੀ ਅਤੇ ਆਰਥਿਕ ਸੁਧਾਰ ਦੀ ਇੱਕ ਨਵੀਂ ਉਮੀਦ ਵਜੋਂ ਦੇਖ ਰਹੇ ਹਨ।

ਅਮਰੀਕੀ ਅਧਿਕਾਰੀਆਂ ਨੇ ਇਸ ਆਪ੍ਰੇਸ਼ਨ ਨੂੰ ਨਸ਼ਿਆਂ ਦੇ ਪ੍ਰਵਾਹ ਨੂੰ ਰੋਕਣ ਲਈ ਜ਼ਰੂਰੀ ਦੱਸਿਆ ਹੈ, ਜਦਕਿ ਵਿਰੋਧੀ ਇਸ ਨੂੰ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਮੰਨਦੇ ਹਨ। ਇਹ ਸਥਿਤੀ ਇੱਕ ਅਜਿਹੇ ਗੁੰਝਲਦਾਰ ਆਪ੍ਰੇਸ਼ਨ ਵਾਂਗ ਹੈ, ਜਿੱਥੇ ਇੱਕ ਪੁਰਾਣੇ ਢਾਂਚੇ ਨੂੰ ਜੜ੍ਹੋਂ ਉਖਾੜ ਦਿੱਤਾ ਗਿਆ ਹੈ, ਪਰ ਹੁਣ ਸਭ ਦੀਆਂ ਨਜ਼ਰਾਂ ਇਸ ਗੱਲ ’ਤੇ ਹਨ ਕਿ ਕੀ ਇਸ ਦੀ ਥਾਂ ਬਣਨ ਵਾਲੀ ਨਵੀਂ ਨੀਂਹ ਵੈਨੇਜ਼ੁਏਲਾ ਦੇ ਲੋਕਾਂ ਲਈ ਅਸਲ ਸਥਿਰਤਾ ਲਿਆਵੇਗੀ ਜਾਂ ਸਿਰਫ ਨਵੇਂ ਵਿਵਾਦਾਂ ਨੂੰ ਜਨਮ ਦੇਵੇਗੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com






# ਦਸੰਬਰ 'ਚ ਭਾਰਤ ਦੀ ਰੂਸ ਤੋਂ ਕੱਚੇ ਤੇਲ ਦੀ ਦਰਾਮਦ ਘਟੀ



**ਨਵੀਂ ਦਿੱਲੀ, (ਪੰਜਾਬ ਮੇਲ)-** ਦਸੰਬਰ 'ਚ ਭਾਰਤ ਦੀ ਰੂਸ ਤੋਂ ਕੱਚੇ ਤੇਲ ਦੀ ਦਰਾਮਦ ਤੇਜ਼ੀ ਨਾਲ ਘਟੀ ਹੈ ਪਰ ਇਹ ਗਿਰਾਵਟ ਸਪਲਾਈ ਸਰੋਤਾਂ ਵਿਚ ਕਿਸੇ ਢਾਂਚਾਗਤ ਤਬਦੀਲੀ ਦੀ ਬਜਾਏ ਘੱਟ ਮਿਆਦ ਵਾਲੇ ਅੜਿੱਕਿਆਂ ਕਰ ਕੇ ਹੈ। ਤਾਜ਼ਾ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਵਾਲੀ ਕੰਪਨੀ ਕਪਲਰ ਮੁਤਾਬਕ ਦਸੰਬਰ ਵਿਚ ਭਾਰਤ ਦੀ ਰੂਸ ਤੋਂ ਕੱਚੇ ਤੇਲ ਦੀ ਦਰਾਮਦ ਘੱਟ ਕੇ ਲਗਪਗ 12 ਲੱਖ ਬੈਰਲ ਰੋਜ਼ਾਨਾ ਰਹਿਣ ਦਾ ਅਨੁਮਾਨ ਹੈ, ਜੋ ਨਵੰਬਰ ਵਿਚ 18.4 ਲੱਖ ਬੈਰਲ ਸੀ। ਇਹ ਪੱਧਰ ਦਸੰਬਰ 2022 ਤੋਂ ਬਾਅਦ ਸਭ ਤੋਂ ਹੇਠਲਾ ਹੋਵੇਗਾ। ਭਾਰਤੀ ਰਿਫਾਇਨਰੀਆਂ ਵੱਲੋਂ ਗੈਰ-ਪਾਬੰਦੀਸ਼ੁਦਾ ਇਕਾਈਆਂ ਤੋਂ ਰੂਸੀ ਕੱਚੇ ਤੇਲ ਦੀ ਖ਼ਰੀਦ ਜਾਰੀ ਹੈ।

ਵਿਸ਼ਲੇਸ਼ਕਾਂ ਨੇ ਅਕਤੂਬਰ ਵਿਚ ਹੀ ਇਸ ਗਿਰਾਵਟ ਵੱਲ ਇਸ਼ਾਰਾ ਕਰ ਦਿੱਤਾ ਸੀ। ਅਜਿਹਾ ਰੂਸ ਦੇ ਚੋਟੀ ਦੇ ਬਰਾਮਦਕਾਰਾਂ ਰੋਸਨੈਫਟ ਤੇ ਲੁਕਆਇਲ ਖ਼ਿਲਾਫ਼ ਅਮਰੀਕੀ ਕਾਰਵਾਈ ਅਤੇ ਰੂਸ ਨਾਲ ਜੁੜੇ ਉਤਪਾਦ ਪ੍ਰਵਾਹ 'ਤੇ ਯੂਰਪੀਅਨ ਯੂਨੀਅਨ ਦੀਆਂ ਪਾਬੰਦੀਆਂ ਕਾਰਨ ਹੋਇਆ ਹੈ। ਕਪਲਰ ਦੇ ਮੁੱਖ ਖੋਜ ਵਿਸ਼ਲੇਸ਼ਕ ਸੁਮਿਤ ਰਿਤੋਲੀਆ ਨੇ ਕਿਹਾ, "ਦਸੰਬਰ ਵਿਚ ਭਾਰਤ 'ਚ ਰੂਸੀ ਕੱਚੇ ਤੇਲ ਦੀ ਮੰਗ ਤੇਜ਼ੀ ਨਾਲ ਘਟੀ ਹੈ ਅਤੇ ਬਰਾਮਦ 2022 ਤੋਂ ਬਾਅਦ ਸਭ ਤੋਂ ਹੇਠਲੇ ਪੱਧਰ 'ਤੇ ਆ ਗਈ ਹੈ। ਮੁੱਖ ਰਿਫਾਇਨਰੀ ਨੇ ਰੋਸਨੈਫਟ ਅਤੇ ਲੁਕਆਇਲ 'ਤੇ ਲੱਗੀਆਂ ਪਾਬੰਦੀਆਂ ਤੋਂ ਬਾਅਦ ਖ਼ਰੀਦ ਘਟਾ ਦਿੱਤੀ ਹੈ। ਇਹ ਘੱਟ ਮਿਆਦ ਵਾਲਾ ਹੱਲ ਲੱਗਦਾ ਹੈ ਅਤੇ ਜਨਵਰੀ ਤੋਂ ਨਵੇਂ ਵਿਚੋਲੀਆਂ ਦੇ ਆਉਣ ਅਤੇ ਸਪਲਾਈ ਚੇਨਾਂ ਦੇ ਦੁਬਾਰਾ ਸਥਾਪਤ ਹੋਣ ਨਾਲ ਦਰਾਮਦ ਵਿਚ ਹੌਲੀ-ਹੌਲੀ ਸੁਧਾਰ ਦੀ ਆਸ ਹੈ।" ਭਾਰਤ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਤੇਲ ਦਰਾਮਦਕਾਰ ਹੈ ਅਤੇ ਉਹ ਫਰਵਰੀ 2022 ਵਿਚ ਯੂਕਰੇਨ 'ਤੇ ਰੂਸ ਦੇ ਹਮਲੇ ਤੋਂ ਬਾਅਦ ਰੂਸੀ ਕੱਚੇ ਤੇਲ ਦਾ ਸਭ ਤੋਂ ਵੱਡਾ ਖ਼ਰੀਦਦਾਰ ਬਣ ਗਿਆ ਸੀ।

## 'ਆਪਰੇਸ਼ਨ ਸਿੰਧੂਰ' ਦੌਰਾਨ ਚੀਨ ਦੀ ਭੂਮਿਕਾ 'ਤੇ ਪਾਕਿਸਤਾਨ ਦੀ ਮੋਹਰ: ਚੀਨ ਵੱਲੋਂ ਦਾਅਵੇ ਦਾ ਸਮਰਥਨ

**ਇਸਲਾਮਾਬਾਦ, (ਪੰਜਾਬ ਮੇਲ)-** ਪਾਕਿਸਤਾਨ ਨੇ ਚੀਨ ਦੇ ਉਸ ਦਾਅਵੇ ਦਾ ਸਮਰਥਨ ਕੀਤਾ ਹੈ, ਜਿਸ ਵਿਚ ਬੀਜਿੰਗ ਨੇ ਪਿਛਲੇ ਸਾਲ ਆਪਰੇਸ਼ਨ ਸਿੰਧੂਰ ਦੌਰਾਨ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਘਟਾਉਣ 'ਚ ਅਹਿਮ ਭੂਮਿਕਾ ਨਿਭਾਉਣ ਦੀ ਗੱਲ ਕਹੀ ਸੀ।

ਪਾਕਿਸਤਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਤਾਹਿਰ ਅੰਦਰਾਬੀ ਨੇ ਇਸ ਨੂੰ 'ਸ਼ਾਂਤੀ ਲਈ ਕੂਟਨੀਤੀ' ਕਰਾਰ ਦਿੰਦਿਆਂ ਕਿਹਾ ਕਿ 6 ਤੋਂ 10 ਮਈ ਦੇ ਨਾਜ਼ੁਕ ਦਿਨਾਂ ਦੌਰਾਨ ਚੀਨੀ ਲੀਡਰਸ਼ਿਪ ਪਾਕਿਸਤਾਨ ਅਤੇ ਭਾਰਤ ਦੋਵਾਂ ਦੇ ਸੰਪਰਕ ਵਿਚ ਸੀ। ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਹਾਲ ਹੀ ਵਿਚ 2025 ਦੇ ਵਿਸ਼ਵ ਵਿਵਾਦਾਂ ਦੀ ਸੂਚੀ ਵਿਚ ਭਾਰਤ-ਪਾਕਿਸਤਾਨ ਤਣਾਅ ਨੂੰ ਇੱਕ ਅਜਿਹੇ ਮੁੱਦੇ ਵਜੋਂ ਪੇਸ਼ ਕੀਤਾ ਸੀ, ਜਿਸ ਵਿਚ ਚੀਨ ਨੇ ਵਿਚੋਲਗੀ ਕੀਤੀ ਸੀ।

# ਦਿੱਲੀ ਦੰਗੇ 2020: ਸੁਪਰੀਮ ਕੋਰਟ ਵੱਲੋਂ ਉਮਰ ਖਾਲਿਦ ਤੇ ਸ਼ਰਜੀਲ ਇਮਾਮ ਨੂੰ ਜ਼ਮਾਨਤ ਦੇਣ ਤੋਂ ਇਨਕਾਰ

**ਨਵੀਂ ਦਿੱਲੀ, (ਪੰਜਾਬ ਮੇਲ)-** ਦੇਸ਼ ਦੀ ਸਰਵਉਚ ਅਦਾਲਤ ਨੇ 2020 ਦੇ ਦਿੱਲੀ ਦੰਗਿਆਂ ਦੇ ਸਾਜ਼ਿਸ਼ ਮਾਮਲੇ 'ਚ ਉਮਰ ਖਾਲਿਦ ਅਤੇ ਸ਼ਰਜੀਲ ਇਮਾਮ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਇਹ ਉਨ੍ਹਾਂ ਵਿਰੁੱਧ ਪਹਿਲੀ ਨਜ਼ਰੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਤਹਿਤ ਦਰਜ ਹੋਇਆ ਮਾਮਲਾ ਲੱਗਦਾ ਹੈ।

ਹਾਲਾਂਕਿ, ਜਸਟਿਸ ਅਰਵਿੰਦ ਕੁਮਾਰ ਅਤੇ ਐੱਨ.ਵੀ. ਅੰਜਾਰੀਆ ਦੇ ਬੈਂਚ ਨੇ ਇਸ ਮਾਮਲੇ ਵਿਚ ਗੁਲਫਿਸ਼ਾ ਫਾਤਿਮਾ, ਮੀਰਾਨ ਹੈਦਰ, ਸ਼ਿਫਾ ਉਰ ਰਹਿਮਾਨ, ਮੁਹੰਮਦ ਸਲੀਮ ਖਾਨ ਅਤੇ ਸ਼ਾਦਾਬ ਅਹਿਮਦ ਨੂੰ ਜ਼ਮਾਨਤ ਦੇ ਦਿੱਤੀ।

ਬੈਂਚ ਨੇ ਕਿਹਾ, 'ਇਹ ਅਦਾਲਤ ਇਸ ਗੱਲ ਤੋਂ ਸੰਤੁਸ਼ਟ ਹੈ ਕਿ ਇਸਤਗਾਸਾ ਨੇ ਅਪੀਲਕਰਤਾ ਉਮਰ ਖਾਲਿਦ ਅਤੇ ਸ਼ਰਜੀਲ ਇਮਾਮ ਵਿਰੁੱਧ ਪਹਿਲੀ ਨਜ਼ਰੇ ਦੋਸ਼ ਦਾ ਖੁਲਾਸਾ ਕੀਤਾ ਹੈ। ਕਾਰਵਾਈ ਦਾ ਇਹ ਪੜਾਅ ਉਨ੍ਹਾਂ ਦੀ ਜ਼ਮਾਨਤ 'ਤੇ ਵਾਧੇ ਨੂੰ ਜਾਇਜ਼ ਨਹੀਂ ਠਹਿਰਾਉਂਦਾ।'

ਸੁਪਰੀਮ ਕੋਰਟ ਨੇ 10 ਦਸੰਬਰ ਨੂੰ ਦਿੱਲੀ ਪੁਲਿਸ ਵੱਲੋਂ ਪੇਸ਼ ਹੋਏ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਅਤੇ ਐਡੀਸ਼ਨਲ ਸੌਲੀਸਿਟਰ ਜਨਰਲ ਐੱਸ.ਵੀ. ਰਾਜੂ ਅਤੇ ਮੁਲਜ਼ਮਾਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ, ਅਭਿਸ਼ੇਕ ਸਿੰਘਵੀ, ਸਿਧਾਰਥ ਦਵੇ, ਸਲਮਾਨ ਖੁਰਸ਼ੀਦ ਅਤੇ ਸਿਧਾਰਥ ਲੂਥਰਾ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮੁਲਜ਼ਮਾਂ ਦੀਆਂ ਵੱਖ-ਵੱਖ ਪਟੀਸ਼ਨਾਂ 'ਤੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਸੀ।

ਉਮਰ, ਸ਼ਰਜੀਲ ਅਤੇ ਹੋਰ ਮੁਲਜ਼ਮਾਂ 'ਤੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂ.ਏ.ਪੀ.ਏ.) ਤੇ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਜ਼ਮਾਨਤ ਅਰਜ਼ੀਆਂ ਦਾ ਵਿਰੋਧ ਕਰਦਿਆਂ ਦਿੱਲੀ ਪੁਲਿਸ ਨੇ ਕਿਹਾ ਸੀ ਕਿ ਫਰਵਰੀ 2020 ਦੇ ਦੰਗੇ ਅਚਾਨਕ ਨਹੀਂ ਹੋਏ ਸਨ, ਸਗੋਂ ਇਹ ਸੋਚੀ-ਸਮਝੀ ਸਾਜ਼ਿਸ਼ ਤਹਿਤ ਭਾਰਤ ਦੀ ਖ਼ੁਦਮੁਖਤਿਆਰੀ 'ਤੇ ਹਮਲਾ ਸੀ। ਪੁਲਿਸ ਨੇ ਕਿਹਾ ਸੀ ਕਿ ਸ਼ਰਜੀਲ ਇਮਾਮ ਦੇ ਭਾਸ਼ਣ ਹੋਰ ਮੁਲਜ਼ਮਾਂ ਨਾਲ ਸਬੰਧਤ ਹਨ ਅਤੇ ਮਾਮਲੇ 'ਚ ਉਨ੍ਹਾਂ ਖ਼ਿਲਾਫ਼ ਸਬੂਤ ਵਜੋਂ ਵਰਤੇ ਜਾ ਸਕਦੇ ਹਨ। ਦਿੱਲੀ ਪੁਲਿਸ ਵੱਲੋਂ ਪੇਸ਼ ਹੋਏ ਵਧੀਕ ਸੌਲੀਸਿਟਰ ਜਨਰਲ ਐੱਸ.ਵੀ. ਰਾਜੂ ਨੇ ਦਲੀਲ ਦਿੱਤੀ ਸੀ ਕਿ ਸਾਜ਼ਿਸ਼ 'ਚ ਸ਼ਾਮਲ ਸਾਰੇ ਵਿਅਕਤੀ ਇਕ-ਦੂਜੇ ਦੇ ਕਾਰਿਆਂ ਲਈ ਜ਼ਿੰਮੇਵਾਰ ਹਨ। ਉਨ੍ਹਾਂ ਇਹ ਵੀ ਆਖਿਆ ਸੀ ਕਿ ਖਾਲਿਦ ਜਾਣਬੁੱਝ ਕੇ ਦੰਗਿਆਂ ਤੋਂ ਪਹਿਲਾਂ ਹੀ ਦਿੱਲੀ ਤੋਂ ਬਾਹਰ ਚਲਾ ਗਿਆ ਸੀ।

## ਭਾਰਤ ਵੱਲੋਂ ਚੀਨੀ ਨਾਗਰਿਕਾਂ ਲਈ ਨਵਾਂ ਈ-ਬਿਜ਼ਨਸ ਵੀਜ਼ਾ ਸ਼ੁਰੂ

**ਬੀਜਿੰਗ, (ਪੰਜਾਬ ਮੇਲ)-** ਭਾਰਤ ਨੇ 'ਈ-ਪ੍ਰੋਡਕਸ਼ਨ ਇਨਵੈਸਟਮੈਂਟ ਬਿਜ਼ਨਸ ਵੀਜ਼ਾ' ਜਿਸ ਨੂੰ ਈ-ਬੀ-4 ਵੀਜ਼ਾ ਕਿਹਾ ਜਾਂਦਾ ਹੈ, ਪੇਸ਼ ਕੀਤਾ ਹੈ, ਤਾਂ ਜੋ ਚੀਨੀ ਕਾਰੋਬਾਰੀ ਸਾਜ਼ੋ-ਸਾਮਾਨ ਦੀ ਸਥਾਪਨਾ ਅਤੇ ਚਾਲੂ ਕਰਨ ਸਮੇਤ ਵਿਸ਼ੇਸ਼ ਵਪਾਰਕ ਗਤੀਵਿਧੀਆਂ ਲਈ ਭਾਰਤ ਦੀ ਯਾਤਰਾ ਕਰ ਸਕਣ।

ਭਾਰਤੀ ਦੂਤਾਵਾਸ ਦੀ ਵੈੱਬਸਾਈਟ 'ਤੇ ਜਾਰੀ ਤਾਜ਼ਾ ਸਲਾਹ ਅਨੁਸਾਰ ਇਹ ਵੀਜ਼ਾ 1 ਜਨਵਰੀ ਤੋਂ ਲਾਗੂ ਕੀਤਾ ਗਿਆ ਹੈ ਅਤੇ ਇਸ ਲਈ ਦੂਤਾਵਾਸ ਜਾਂ ਏਜੰਟਾਂ ਕੋਲ ਜਾਣ ਦੀ ਲੋੜ ਨਹੀਂ ਹੈ, ਸਗੋਂ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ। ਵਪਾਰਕ ਵੀਜ਼ਿਆਂ ਦੀ ਵਧਦੀ ਮੰਗ ਨੂੰ ਦੇਖਦੇ ਹੋਏ ਸ਼ੁਰੂ ਕੀਤਾ ਗਿਆ ਇਹ ਵੀਜ਼ਾ ਲਗਪਗ 45 ਤੋਂ 50 ਦਿਨਾਂ ਵਿਚ ਜਾਰੀ ਕੀਤਾ ਜਾਵੇਗਾ, ਜਿਸ ਤਹਿਤ ਭਾਰਤ ਵਿਚ ਛੇ ਮਹੀਨਿਆਂ ਤੱਕ ਰਹਿਣ ਦੀ ਇਜਾਜ਼ਤ ਮਿਲੇਗੀ। ਇਸ ਦੀ ਵਰਤੋਂ ਪਲਾਂਟ ਡਿਜ਼ਾਈਨ, ਸਿਖਲਾਈ, ਕੁਆਲਿਟੀ ਚੈੱਕ, ਆਈ.ਟੀ. ਰੈਂਪ-ਅੱਪ ਅਤੇ ਸੀਨੀਅਰ ਮੈਨੇਜਮੈਂਟ ਗਤੀਵਿਧੀਆਂ ਲਈ ਕੀਤੀ ਜਾ ਸਕਦੀ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

# ਭਾਰਤ ਸਰਕਾਰ ਅਤੇ ਯੂਨੀਵਰਸਿਟੀਆਂ ਵਿਰੁੱਧ ਨਵੀਂ ਸਾਈਬਰ ਜਾਸੂਸੀ ਮੁਹਿੰਮ

**ਨਵੀਂ ਦਿੱਲੀ, (ਪੰਜਾਬ ਮੇਲ)-** ਅਤਿ-ਆਧੁਨਿਕ ਤਕਨਾਲੋਜੀ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੇ ਦੌਰ ਵਿਚ, ਭਾਰਤ ਦੇ ਕਈ ਅਦਾਰੇ, ਜਿਨ੍ਹਾਂ ਵਿਚ ਸਰਕਾਰੀ ਪੋਰਟਲ ਅਤੇ ਅਕਾਦਮਿਕ ਸੰਸਥਾਵਾਂ ਸ਼ਾਮਲ ਹਨ, ਸਾਈਬਰ ਜਾਸੂਸੀ ਦੇ ਵੱਧ ਰਹੇ ਖ਼ਤਰੇ ਹੇਠ ਹਨ। ਇੱਕ ਖ਼ਬਰ ਅਨੁਸਾਰ, ਇਹ ਹਮਲੇ ਕਥਿਤ ਤੌਰ 'ਤੇ ਪਾਕਿਸਤਾਨ ਨਾਲ ਜੁੜੇ ਹੈਕਰ ਸਮੂਹ ਦੁਆਰਾ ਕੀਤੇ ਜਾ ਰਹੇ ਹਨ।



ਰਿਪੋਰਟ ਅਨੁਸਾਰ, ਪਾਕਿਸਤਾਨੀ ਹੈਕਰਾਂ ਨੇ ਭਾਰਤ ਸਰਕਾਰ ਅਤੇ ਯੂਨੀਵਰਸਿਟੀਆਂ, ਖਾਸ ਕਰਕੇ ਰਣਨੀਤਕ ਸੰਸਥਾਵਾਂ ਨੂੰ ਨਿਸ਼ਾਨਾ ਬਣਾ ਕੇ ਇੱਕ ਨਵੀਂ ਜਾਸੂਸੀ ਮੁਹਿੰਮ ਸ਼ੁਰੂ ਕੀਤੀ ਹੈ। ਇਸ ਦਾ ਮਕਸਦ ਸਪਾਈਵੇਅਰ ਅਤੇ ਮਾਲਵੇਅਰ ਦੀ ਵਰਤੋਂ ਕਰਕੇ ਸਿਸਟਮ ਨੂੰ ਨਕਾਰਾ ਕਰਨਾ ਅਤੇ ਸੰਵੇਦਨਸ਼ੀਲ ਜਾਣਕਾਰੀ ਚੋਰੀ ਕਰਨਾ ਹੈ।

ਸਾਈਬਰ ਸੁਰੱਖਿਆ ਫਰਮ **Cyfirma** ਦੇ ਖੋਜਕਰਤਾਵਾਂ ਨੇ ਇਸ ਮੁਹਿੰਮ ਦਾ ਪਰਦਾਫਾਸ਼ ਕੀਤਾ ਹੈ। ਉਨ੍ਹਾਂ ਅਨੁਸਾਰ:

* **ਫਿਸ਼ਿੰਗ ਈਮੇਲ:** ਹੈਕਰ 'ਸਪੀਅਰ-ਫਿਸ਼ਿੰਗ' ਈਮੇਲਾਂ ਭੇਜਦੇ ਹਨ, ਜਿਸ ਵਿਚ ਇੱਕ ਜ਼ਿਪ ਫਾਈਲ ਹੁੰਦੀ ਹੈ। ਇਹ ਫਾਈਲ ਦੇਖਣ ਵਿਚ ਇੱਕ ਪੀ.ਡੀ.ਐੱਫ. ਵਰਗੀ ਲੱਗਦੀ ਹੈ।

* **ਮਾਲਵੇਅਰ:** ਇਸ ਫਾਈਲ ਨੂੰ ਖੋਲ੍ਹਣ 'ਤੇ ਸਿਸਟਮ ਵਿਚ ਦੋ ਮਾਲਵੇਅਰ **'ReadOnly'** ਅਤੇ **'WriteOnly'** ਦਾਖਲ ਹੋ ਜਾਂਦੇ ਹਨ।

* **ਰਿਮੋਟ ਕੰਟਰੋਲ:** ਇਹ ਮਾਲਵੇਅਰ ਪੀੜਤ ਦੇ ਕੰਪਿਊਟਰ ਨੂੰ ਰਿਮੋਟਲੀ ਕੰਟਰੋਲ ਕਰ ਸਕਦੇ ਹਨ, ਸਕ੍ਰੀਨਸ਼ਾਟ ਲੈ ਸਕਦੇ ਹਨ ਅਤੇ ਗੁਪਤ ਡਾਟਾ ਚੋਰੀ ਕਰ ਸਕਦੇ ਹਨ। ਇੱਥੋਂ ਤੱਕ ਕਿ ਇਹ ਕ੍ਰਿਪਟੋਕਰੰਸੀ ਲੈਣ-ਦੇਣ ਨੂੰ ਵੀ ਹਾਈਜੈਕ ਕਰ ਸਕਦੇ ਹਨ।

ਇਸ ਜਾਸੂਸੀ ਦਾ ਸਿਹਰਾ **APT36** ਨੂੰ ਦਿੱਤਾ ਗਿਆ ਹੈ, ਜਿਸ ਨੂੰ 'ਟ੍ਰਾਂਸਪੇਰੈਂਟ ਟ੍ਰਾਈਬ' ਵੀ ਕਿਹਾ ਜਾਂਦਾ ਹੈ। ਇਹ ਸਮੂਹ 2013 ਤੋਂ ਸਰਗਰਮ ਹੈ ਅਤੇ ਪਹਿਲਾਂ ਵੀ ਭਾਰਤ, ਅਫਗਾਨਿਸਤਾਨ ਅਤੇ ਲਗਭਗ 30 ਹੋਰ ਦੇਸ਼ਾਂ ਦੇ ਫੌਜੀ ਅਤੇ ਸਰਕਾਰੀ ਸੰਗਠਨਾਂ ਨੂੰ ਨਿਸ਼ਾਨਾ ਬਣਾ ਚੁੱਕਾ ਹੈ। ਹਾਲਾਂਕਿ ਖੋਜਕਰਤਾਵਾਂ ਦਾ ਕਹਿਣਾ ਹੈ ਕਿ ਇਹ ਸਮੂਹ ਤਕਨੀਕੀ ਤੌਰ 'ਤੇ ਬਹੁਤ ਜ਼ਿਆਦਾ ਉੱਨਤ ਨਹੀਂ ਹੈ, ਪਰ ਇਹ ਆਪਣੀ ਰਣਨੀਤੀ ਬਦਲਣ ਅਤੇ ਲੰਬੇ ਸਮੇਂ ਤੱਕ ਹਮਲੇ ਜਾਰੀ ਰੱਖਣ ਵਿਚ ਮਾਹਿਰ ਹੈ।

ਸਫਾ 1 ਦਾ ਬਾਕੀ

## ਸਿੱਖ ਵਿਰੋਧੀ ਮਾਨਸਿਕਤਾ ਦੇ ਦੋਸ਼ ਹੇਠ...

ਜਿਸ ਵਿਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ ਨਾਲ ਉਹ ਇਤਰਾਜ਼ਯੋਗ ਐਕਸ਼ਨ ਕਰਦੇ ਦਿਖਾਈ ਦੇ ਰਹੇ ਹਨ। ਪੱਤਰ 'ਚ ਲਿਖਿਆ ਹੈ ਕਿ ਮੁੱਖ ਮੰਤਰੀ ਉੱਚ ਸੰਵਿਧਾਨਕ ਅਹੁਦੇ 'ਤੇ ਬੈਠੇ ਹਨ ਪਰ ਉਨ੍ਹਾਂ ਦਾ ਵਤੀਰਾ ਰਾਜ ਹੈਂਕੜ ਦਾ ਪ੍ਰਗਟਾਵਾ ਕਰਦਾ ਹੈ।

ਮੀਡੀਆ ਨੂੰ ਸੰਬੋਧਨ ਕਰਦਿਆਂ ਜਥੇਦਾਰ ਗੜਗੱਜ ਨੇ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਪਤਿਤ ਹੈ ਅਤੇ ਸਿੱਖ ਰਵਾਇਤ ਅਨੁਸਾਰ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਦੇ ਸਨਮੁਖ ਪੇਸ਼ ਨਹੀਂ ਕੀਤਾ ਜਾ ਸਕਦਾ ਹੈ। ਇਸ ਲਈ ਉਨ੍ਹਾਂ ਨੂੰ 15 ਜਨਵਰੀ ਨੂੰ ਨਿੱਜੀ ਤੌਰ ਉੱਤੇ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਸੱਦਿਆ ਗਿਆ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਸਿੱਖ ਰਹਿਤ ਮਰਿਯਾਦਾ ਨੂੰ ਚੁਣੌਤੀ ਅਤੇ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਦਾ ਮਾਮਲਾ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਇਤਰਾਜ਼ਯੋਗ ਵੀਡੀਓ ਦੀ ਫੋਰੈਂਸਿਕ ਜਾਂਚ ਕਰਵਾਈ ਜਾਵੇਗੀ ਅਤੇ ਇਹ ਸਹੀ ਸਾਬਤ ਹੋਣ 'ਤੇ ਮੁੱਖ ਮੰਤਰੀ ਭਗਵੰਤ ਮਾਨ ਵਿਰੁੱਧ ਪੰਥਕ ਰਵਾਇਤਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜਥੇਦਾਰ ਨੇ 2015 ਵਿਚ ਬਰਗਾੜੀ 'ਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ 2017 ਵਿਚ ਮੌੜ ਧਮਾਕੇ ਦੇ ਮਾਮਲਿਆਂ ਵਿਚ ਮੌਜੂਦਾ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਬਾਰੇ ਵੀ ਜਵਾਬ ਮੰਗਿਆ ਹੈ। ਉਨ੍ਹਾਂ ਸਰਕਾਰ ਨੂੰ ਸਵਾਲ ਕੀਤਾ ਕਿ ਇਨ੍ਹਾਂ ਮਾਮਲਿਆਂ ਵਿਚ ਗੁਰਮੀਤ ਰਾਮ ਰਹੀਮ, ਹਨੀਪ੍ਰੀਤ ਅਤੇ ਹੋਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਕੇ ਪੰਜਾਬ 'ਚ ਕਿਉਂ ਨਹੀਂ ਲਿਆਂਦਾ ਗਿਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬਰਗਾੜੀ ਬੇਅਦਬੀ ਮਾਮਲੇ ਨੂੰ ਸਿਰਫ਼ ਸਿਆਸੀ ਤੌਰ ਉੱਤੇ ਵਰਤਿਆ ਅਤੇ ਉਹ ਇੱਕ ਧਿਰ ਬਣ ਕੇ ਸਾਧ ਨੂੰ ਬਚਾਉਣ ਲਈ ਕੰਮ ਕਰ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਬੇਅਦਬੀ ਦੇ ਮਾਮਲਿਆਂ ਵਿਚ ਸਿੱਖਾਂ ਨੂੰ ਇਨਸਾਫ਼ ਦੇਣ ਵਿਚ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ।

ਜਥੇਦਾਰ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਤਿੰਨ ਸਾਲ ਪਹਿਲਾਂ ਬਰਗਾੜੀ ਬੇਅਦਬੀ ਮਾਮਲੇ ਵਿਚ ਲੱਗੇ ਮੋਰਚੇ ਵਿਚ ਪਹੁੰਚ ਕੇ ਸੰਗਤ ਪਾਸੋਂ ਤਿੰਨ ਮਹੀਨਿਆਂ ਦਾ ਸਮਾਂ ਮੰਗਦਿਆਂ ਵਾਅਦਾ ਕੀਤਾ ਸੀ ਕਿ ਸਰਕਾਰ ਇਨਸਾਫ਼ ਦਿਵਾਏਗੀ ਪਰ ਹਾਲੇ ਤੱਕ ਇਨਸਾਫ਼ ਨਹੀਂ ਮਿਲਿਆ ਹੈ, ਇਸ ਸਬੰਧੀ ਸਮੁੱਚੇ ਤੱਥ ਇਕੱਤਰ ਕਰਕੇ ਸ੍ਰੀ ਸੰਧਵਾਂ ਪਾਸੋਂ ਵੀ ਜਵਾਬਤਲਬੀ ਕੀਤੀ ਜਾ ਸਕਦੀ ਹੈ।

# ਆਈ.ਪੀ.ਐੱਲ. 2026: ਮੁਸਤਫ਼ਿਜ਼ੁਰ ਰਹਿਮਾਨ ਨੂੰ ਬਾਹਰ ਕੱਢਣ 'ਤੇ ਭਖੀ ਸਿਆਸਤ

**ਨਵੀਂ ਦਿੱਲੀ, (ਪੰਜਾਬ ਮੇਲ)-** ਕੋਲਕਾਤਾ ਨਾਈਟ ਰਾਈਡਰਜ਼ (ਕੇ.ਕੇ.ਆਰ.) ਵੱਲੋਂ ਬੰਗਲਾਦੇਸ਼ੀ ਤੇਜ਼ ਗੇਂਦਬਾਜ਼ ਮੁਸਤਫ਼ਿਜ਼ੁਰ ਰਹਿਮਾਨ ਨੂੰ ਆਈ.ਪੀ.ਐੱਲ. 2026 ਦੇ ਸੀਜ਼ਨ ਤੋਂ ਬਾਹਰ ਕਰਨ ਦੇ ਫੈਸਲੇ ਤੋਂ ਬਾਅਦ ਦੇਸ਼ ਵਿਚ ਸਿਆਸੀ ਮਾਹੌਲ ਗਰਮਾ ਗਿਆ ਹੈ। ਕਾਂਗਰਸੀ ਆਗੂ ਸ਼ਸ਼ੀ ਥਰੂਰ ਅਤੇ ਕਰਨਾਟਕ ਦੇ ਮੰਤਰੀ ਪ੍ਰਿਯੰਕ ਖੜਗੇ ਨੇ ਇਸ ਕਦਮ ਲਈ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਅਤੇ ਭਾਜਪਾ ਸਰਕਾਰ ਦੀ ਸਖ਼ਤ ਨਿੰਦਾ ਕੀਤੀ ਹੈ।

**■ ਥਰੂਰ ਅਤੇ ਖੜਗੇ ਨੇ ਬੀ.ਸੀ.ਸੀ.ਆਈ. ਤੇ ਭਾਜਪਾ ਨੂੰ ਘੇਰਿਆ**



ਥਰੂਰ ਨੇ ਸੋਸ਼ਲ ਮੀਡੀਆ 'ਤੇ ਸਵਾਲ ਚੁੱਕਿਆ ਕਿ ਕੀ ਅਸੀਂ ਕਿਸੇ ਖਿਡਾਰੀ ਨੂੰ ਉਸਦੀ ਕੌਮੀਅਤ ਜਾਂ ਧਰਮ ਦੇ ਆਧਾਰ 'ਤੇ ਸਜ਼ਾ ਦੇ ਰਹੇ ਹਾਂ? ਉਨ੍ਹਾਂ ਕਿਹਾ ਕਿ ਮੁਸਤਫ਼ਿਜ਼ੁਰ ਇੱਕ ਕ੍ਰਿਕਟਰ ਹੈ ਅਤੇ ਉਸਦਾ ਬੰਗਲਾਦੇਸ਼ ਵਿਚ ਹੋ ਰਹੀਆਂ ਘਟਨਾਵਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਥਰੂਰ ਨੇ ਚੇਤਾਵਨੀ ਦਿੱਤੀ ਕਿ ਗੁਆਂਢੀ ਦੇਸ਼ਾਂ ਦੇ ਖਿਡਾਰੀਆਂ ਨੂੰ ਇਸ ਤਰ੍ਹਾਂ ਅਲੱਗ-ਥਲੱਗ ਕਰਨਾ ਭਾਰਤ ਦੇ ਲੰਮੇ ਸਮੇਂ ਦੇ ਹਿੱਤਾਂ ਵਿਚ ਨਹੀਂ ਹੈ।

ਦੂਜੇ ਪਾਸੇ, ਪ੍ਰਿਯੰਕ, ਖੜਗੇ ਨੇ ਬੀ.ਸੀ.ਸੀ.ਆਈ. ਅਤੇ ਕੇਂਦਰੀ ਗ੍ਰਹਿ ਮੰਤਰਾਲੇ ਦੀ ਭੂਮਿਕਾ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਜੇਕਰ ਨਿਯਮ ਬਣਾਉਣੇ ਸਨ, ਤਾਂ ਉਹ ਪਹਿਲਾਂ ਹੀ ਸਪੱਸ਼ਟ ਕਿਉਂ ਨਹੀਂ ਕੀਤੇ ਗਏ।

ਉਨ੍ਹਾਂ ਦੋਸ਼ ਲਾਇਆ ਕਿ ਸੱਤਾਧਾਰੀ ਪਾਰਟੀ ਆਪਣੀ ਸਹੂਲਤ ਅਨੁਸਾਰ ਰਾਸ਼ਟਰਵਾਦ ਦਾ ਇਸਤੇਮਾਲ ਕਰਦੀ ਹੈ। ਖੜਗੇ ਨੇ ਕਿਹਾ ਕਿ ਜਦੋਂ ਲਾਭ ਦੀ ਗੱਲ ਹੁੰਦੀ ਹੈ ਤਾਂ ਆਈ.ਪੀ.ਐੱਲ. ਦੀਆਂ ਨਿਲਾਮੀਆਂ ਵਿਦੇਸ਼ਾਂ ਵਿਚ ਕੀਤੀਆਂ ਜਾਂਦੀਆਂ ਹਨ, ਪਰ ਹੁਣ ਖਿਡਾਰੀਆਂ ਦੇ ਮੁੱਦੇ 'ਤੇ ਰਾਜਨੀਤੀ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਸ਼ਾਹਰੁਖ ਖਾਨ ਨੂੰ ਨਿਸ਼ਾਨਾ ਬਣਾਉਣ ਵਾਲੇ ਭਾਜਪਾ ਆਗੂਆਂ ਨੂੰ ਵੀ ਕਰੜੇ ਹੱਥੀਂ ਲਿਆ। ਜ਼ਿਕਰਯੋਗ ਹੈ ਕਿ ਬੀ.ਸੀ.ਸੀ.ਆਈ. ਨੇ 'ਤਾਜ਼ਾ ਘਟਨਾਕ੍ਰਮ' ਦਾ ਹਵਾਲਾ ਦਿੰਦੇ ਹੋਏ ਕੇ.ਕੇ.ਆਰ. ਨੂੰ ਮੁਸਤਫ਼ਿਜ਼ੁਰ ਨੂੰ ਰਿਲੀਜ਼ ਕਰਨ ਲਈ ਕਿਹਾ ਹੈ, ਜਿਸ ਨੂੰ ਦਸੰਬਰ ਵਿਚ 9.20 ਕਰੋੜ ਰੁਪਏ ਵਿਚ ਖਰੀਦਿਆ ਗਿਆ ਸੀ।

ਸਫਾ 1 ਦਾ ਬਾਕੀ

## ਅਮਰੀਕਾ 'ਚ 2 ਪੰਜਾਬੀ ਟਰੱਕ ਡਰਾਈਵਰ...

ਦੱਸ ਦੇਈਏ ਕਿ ਇਨ੍ਹਾਂ ਟਰੱਕ ਡਰਾਈਵਰਾਂ ਦੀ ਗ੍ਰਿਫ਼ਤਾਰੀ ਅਜਿਹੇ ਸਮੇਂ ਹੋਈ ਹੈ, ਜਦੋਂ ਇੰਮੀਗ੍ਰੇਸ਼ਨ ਸਟੇਟਸ ਪੱਖੋਂ ਅਮਰੀਕਾ ਵਿਚ ਕੱਚੇ ਪੰਜਾਬੀਆਂ ਨੂੰ ਟਰੱਕ ਡਰਾਈਵਿਗ ਦੇ ਕਿੱਤੇ ਤੋਂ ਦੂਰ ਕਰ ਦਿੱਤਾ ਗਿਆ ਹੈ ਅਤੇ ਕਿਸੇ ਵੇਲੇ ਅਮਰੀਕਾ ਤੋਂ ਕੈਨੇਡਾ ਤੱਕ ਗੇੜੇ ਲਾਉਣ ਵਾਲੇ ਡਰਾਈਵਰ ਹੁਣ ਸਿਰਫ਼ ਕੈਲੀਫੋਰਨੀਆ ਵਰਗੇ ਰਾਜਾਂ ਵਿਚ ਟਰੱਕ ਚਲਾਉਣ ਲਈ ਮਜਬੂਰ ਹੋ ਚੁੱਕੇ ਹਨ। ਹਿਰਾਸਤ 'ਚ ਲਏ ਗਏ ਗੁਰਪ੍ਰੀਤ ਸਿੰਘ ਅਤੇ ਜਸਵੀਰ ਸਿੰਘ ਨੂੰ ਡਿਪੋਰਟ ਕੀਤਾ ਜਾ ਸਕਦਾ ਹੈ।

ਕੰਪਾਈਲਰ, ਲੇਖਕ, ਵਕੀਲ
ਕਿਸ਼ਨ ਸੰਮੁਖਦਾਸ ਭਵਨਾਨੀ
ਗੋਂਡੀਆ, ਮਹਾਰਾਸ਼ਟਰ
92841-41425



ਪੰਜਾਬ ਮੇਲ USA

# ਅਮਰੀਕਾ-ਵੈਨੇਜ਼ੁਏਲਾ ਟਕਰਾਅ-ਅੰਤਰਰਾਸ਼ਟਰੀ ਰਾਜਨੀਤੀ, ਕਾਨੂੰਨ ਅਤੇ ਵਿਸ਼ਵ ਸ਼ਾਂਤੀ 'ਤੇ ਇਸਦਾ ਪ੍ਰਭਾਵ - ਇੱਕ ਵਿਸਤ੍ਰਿਤ, ਵਿਆਪਕ ਵਿਸ਼ਲੇਸ਼ਣ

**● ਇਹ ਟਕਰਾਅ ਸਭ ਤੋਂ ਮਹੱਤਵਪੂਰਨ ਅੰਤਰਰਾਸ਼ਟਰੀ ਰਾਜਨੀਤਿਕ ਘਟਨਾਵਾਂ ਵਿਚੋਂ ਇੱਕ ਹੈ, ਜਿਸਦੇ ਨਤੀਜੇ ਦਹਾਕਿਆਂ ਤੱਕ ਵਿਸ਼ਵ ਰਾਜਨੀਤੀ, ਸੁਰੱਖਿਆ ਅਤੇ ਆਰਥਿਕ ਰਣਨੀਤੀ ਨੂੰ ਪ੍ਰਭਾਵਤ ਕਰ ਸਕਦੇ ਹਨ।**

**● ਇਹ ਘਟਨਾ ਸਿਰਫ਼ ਸੰਯੁਕਤ ਰਾਜ ਅਮਰੀਕਾ ਦਾ ਮਾਮਲਾ ਨਹੀਂ ਹੈ, ਸਗੋਂ ਵਿਸ਼ਵ ਸ਼ਕਤੀ ਗਤੀਸ਼ੀਲਤਾ,ਅੰਤਰਰਾਸ਼ਟਰੀ ਕਾਨੂੰਨ, ਪ੍ਰਭੂਸੱਤਾ ਅਤੇ ਵਿਸ਼ਵ ਸੁਰੱਖਿਆ ਢਾਂਚੇ ਦੀ ਪ੍ਰੀਖਿਆ ਵੀ ਹੈ।**



3 ਜਨਵਰੀ, 2026 ਦੀ ਰਾਤ ਨੂੰ, ਸੰਯੁਕਤ ਰਾਜ ਅਮਰੀਕਾ ਨੇ ਆਪ੍ਰੇਸ਼ਨ ਐਬਸੋਲਿਊਟ ਰੈਜ਼ੋਲਵ ਨਾਮਕ ਇੱਕ ਵੱਡੇ ਪੱਧਰ 'ਤੇ ਫੌਜੀ ਕਾਰਵਾਈ ਸ਼ੁਰੂ ਕੀਤੀ, ਤਾਂ ਪੂਰੀ ਦੁਨੀਆਂ ਹੈਰਾਨ ਰਹਿ ਗਈ। ਇਸ ਤਹਿਤ, ਅਮਰੀਕੀ ਹਵਾਈ ਸੈਨਾ ਅਤੇ ਵਿਸ਼ੇਸ਼ ਬਲਾਂ ਨੇ ਵੈਨੇਜ਼ੁਏਲਾ ਦੀ ਰਾਜਧਾਨੀ ਕਰਾਕਸ ਸਮੇਤ ਕਈ ਖੇਤਰਾਂ ਵਿਚ ਹਵਾਈ ਹਮਲੇ ਕੀਤੇ ਅਤੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਅਤੇ ਉਨ੍ਹਾਂ ਦੀ ਪਤਨੀ, ਸੀਲੀਆ ਫਲੋਰੇਸ ਨੂੰ ਹਿਰਾਸਤ ਵਿਚ ਲੈ ਲਿਆ। ਜਨਵਰੀ 2026 ਦੇ ਪਹਿਲੇ ਹਫ਼ਤੇ, ਅਮਰੀਕਾ ਨੇ ਇੱਕ ਤੇਜ਼ ਫੌਜੀ ਕਾਰਵਾਈ ਸ਼ੁਰੂ ਕੀਤੀ। ਅਮਰੀਕੀ ਰਾਸ਼ਟਰਪਤੀ ਨੇ ਪੁਸ਼ਟੀ ਕੀਤੀ ਕਿ ਅਮਰੀਕਾ ਨੇ ਵੈਨੇਜ਼ੁਏਲਾ ਵਿਚ ਹਵਾਈ ਹਮਲਿਆਂ ਅਤੇ ਵਿਸ਼ੇਸ਼ ਕਾਰਵਾਈਆਂ ਰਾਹੀਂ ਮਾਦੂਰੋ ਨੂੰ ਹਿਰਾਸਤ ਵਿਚ ਲਿਆ ਸੀ ਅਤੇ ਉਸਨੂੰ ਵਿਦੇਸ਼ ਲਿਆਂਦਾ ਸੀ। ਅਮਰੀਕੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਮਾਦੂਰੋ 'ਤੇ ਅਮਰੀਕਾ ਵਿਰੁੱਧ ਗੰਭੀਰ ਦੋਸ਼ ਹਨ, ਜਿਨ੍ਹਾਂ ਵਿਚ ਨਾਰਕੋ- ਅੱਤਵਾਦ ਕੋਕੀਨ ਤਸਕਰੀ, ਸਾਜ਼ਿਸ਼ ਅਤੇ ਹਥਿਆਰ ਰੱਖਣਾ ਸ਼ਾਮਲ ਹਨ, ਜੋ ਉਸਨੂੰ ਅਮਰੀਕੀ ਨਿਆਂ ਦੇ ਅਧੀਨ ਕਰਨਗੇ। ਅਮਰੀਕੀ ਅਟਾਰਨੀ ਜਨਰਲ ਨੇ ਸਪੱਸ਼ਟ ਕੀਤਾ ਕਿ ਇਨ੍ਹਾਂ ਦੋਸ਼ਾਂ ਦੇ ਆਧਾਰ 'ਤੇ ਮੁਕੱਦਮਾ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਵਿਚ ਸ਼ੁਰੂ ਹੋਵੇਗਾ। ਇਹ ਦੋਸ਼ ਅਮਰੀਕਾ ਦੁਆਰਾ ਜਾਰੀ ਦੋਸ਼ਾਂ 'ਤੇ ਆਧਾਰਿਤ ਹਨ, ਜਿਸ ਵਿਚ ਦੋਸ਼ ਲਗਾਇਆ ਗਿਆ ਹੈ ਕਿ ਮਾਦੂਰੋ ਦੀ ਸਰਕਾਰ ਅਤੇ ਸਹਿਯੋਗੀ ਅਮਰੀਕੀ ਹਿੱਤਾਂ ਅਤੇ ਕਾਨੂੰਨਾਂ ਦੇ ਵਿਰੁੱਧ ਵੱਡੀ ਮਾਤਰਾ ਵਿਚ ਗੈਰ-ਕਾਨੂੰਨੀ ਗਤੀਵਿਧੀਆਂ ਵਿਚ ਸ਼ਾਮਲ ਸਨ। ਹਾਲਾਂਕਿ, ਮਾਦੂਰੋ ਅਤੇ ਉਸਦੇ ਸਮਰਥਕਾਂ ਨੇ ਲਗਾਤਾਰ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਮੈਂ, ਵਕੀਲ ਕਿਸ਼ਨ ਸੰਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਵੈਨੇਜ਼ੁਏਲਾ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਤਣਾਅ ਵਿਸ਼ਵ ਪੱਧਰ 'ਤੇ ਕੋਈ ਨਵਾਂ ਵਿਸ਼ਾ ਨਹੀਂ ਹੈ। ਦਹਾਕਿਆਂ ਤੋਂ, ਦੋਵਾਂ ਦੇਸ਼ਾਂ ਵਿਚਕਾਰ ਰਾਜਨੀਤਿਕ, ਆਰਥਿਕ ਅਤੇ ਰਣਨੀਤਕ ਤਣਾਅ ਰਹੇ ਹਨ, ਮੁੱਖ ਤੌਰ 'ਤੇ ਤੇਲ ਸਰੋਤਾਂ, ਅਸੰਤੁਲਿਤ ਦੁਵੱਲੇ ਸਬੰਧਾਂ ਅਤੇ ਅੰਤਰਾਂ ਨੂੰ ਲੈ ਕੇ। 1976 ਵਿਚ, ਵੈਨੇਜ਼ੁਏਲਾ ਨੇ ਆਪਣੇ ਤੇਲ ਉਦਯੋਗ ਦਾ ਰਾਸ਼ਟਰੀਕਰਨ ਕੀਤਾ, ਜਿਸ ਨਾਲ ਅਮਰੀਕੀ ਕੰਪਨੀਆਂ ਨੂੰ ਇਸ 'ਤੇ ਨਿਯੰਤਰਣ ਦਿੱਤਾ ਗਿਆ, ਇੱਕ ਅਜਿਹਾ ਕਦਮ ਜਿਸ 'ਤੇ ਅਮਰੀਕਾ ਲੰਬੇ ਸਮੇਂ ਤੋਂ ਇਤਰਾਜ਼ ਕਰਦਾ ਆ ਰਿਹਾ ਹੈ। ਉਦੋਂ ਤੋਂ, ਦੋਵਾਂ ਦੇਸ਼ਾਂ ਵਿਚਕਾਰ ਕੌੜੀ ਦੁਸ਼ਮਣੀ ਤੇਜ਼ ਹੋ ਗਈ ਹੈ।

ਦੋਸਤੋ, ਜੇਕਰ ਅਸੀਂ ਅਮਰੀਕੀ ਰਾਸ਼ਟਰਪਤੀ ਦੇ ਇਸ ਕਾਰਵਾਈ ਨੂੰ ਇੱਕ ਸਫਲ ਫੌਜੀ ਕਾਰਵਾਈ ਵਜੋਂ ਵਰਣਨ ਕਰਦੇ ਹਾਂ, ਤਾਂ ਉਨ੍ਹਾਂ ਨੇ ਵੈਨੇਜ਼ੁਏਲਾ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਨਾਰਕੋ-ਅੱਤਵਾਦ ਵਿਰੁੱਧ ਕਾਰਵਾਈ ਕਰਨ ਦਾ ਦਾਅਵਾ ਕੀਤਾ। ਟਰੰਪ ਨੇ ਕਿਹਾ ਕਿ ਅਮਰੀਕਾ ਹੁਣ ਵੈਨੇਜ਼ੁਏਲਾ ਵਿਚ ਅਸਥਾਈ ਤੌਰ 'ਤੇ ਸਰਕਾਰੀ ਕਾਰਜ ਸੰਭਾਲੇਗਾ ਅਤੇ ਦੇਸ਼ ਨੂੰ ਇੱਕ ਸੁਰੱਖਿਅਤ, ਵਿਵਸਥਿਤ ਅਤੇ ਨਿਆਂਪੂਰਨ ਤਬਦੀਲੀ ਵੱਲ ਲੈ ਜਾਵੇਗਾ। ਉਨ੍ਹਾਂ 'ਤੇ ਗੰਭੀਰ ਅਪਰਾਧਾਂ, ਜਿਨ੍ਹਾਂ ਵਿਚ ਨਾਰਕੋ ਅੱਤਵਾਦ, ਕੋਕੀਨ ਤਸਕਰੀ ਅਤੇ ਸਾਜ਼ਿਸ਼ ਸ਼ਾਮਲ ਹੈ, ਦੇ ਦੋਸ਼ ਲਗਾਏ ਗਏ ਹਨ ਅਤੇ ਨਿਊਯਾਰਕ ਵਿਚ ਸੰਘੀ ਅਦਾਲਤ ਵਿਚ ਮੁਕੱਦਮੇ ਦਾ ਸਾਹਮਣਾ ਕਰਨ ਦਾ ਆਪਣਾ ਇਰਾਦਾ ਦੱਸਿਆ ਹੈ। ਅਮਰੀਕੀ ਅਧਿਕਾਰੀਆਂ ਨੇ ਕਿਹਾ ਕਿ ਇਹ ਕਾਰਵਾਈ ਮਾਦੂਰੋ 'ਤੇ ਵੱਡੇ ਪੱਧਰ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਅੱਤਵਾਦੀ-ਸਮਰਥਨ ਗਤੀਵਿਧੀਆਂ ਦਾ ਦੋਸ਼ ਲਗਾਉਣ ਵਾਲੇ ਦੋਸ਼ਾਂ 'ਤੇ ਆਧਾਰਿਤ ਹੈ। ਇਸ ਦੌਰਾਨ, ਮਨੁੱਖੀ ਅਧਿਕਾਰ ਸੰਗਠਨਾਂ ਅਤੇ ਅੰਤਰਰਾਸ਼ਟਰੀ ਕਾਨੂੰਨੀ ਮਾਹਰਾਂ ਨੇ ਇਸ ਕਾਰਵਾਈ ਨੂੰ ਅੰਤਰਰਾਸ਼ਟਰੀ ਕਾਨੂੰਨ ਦੀ ਸਪੱਸ਼ਟ ਉਲੰਘਣਾ ਦੱਸਿਆ ਹੈ, ਕਿਉਂਕਿ ਇਹ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਇਜਾਜ਼ਤ ਤੋਂ ਬਿਨਾਂ ਇੱਕ ਪ੍ਰਭੂਸੱਤਾ ਸੰਪੰਨ ਰਾਸ਼ਟਰ ਦੇ ਵਿਰੁੱਧ ਇੱਕ ਹਥਿਆਰਬੰਦ ਹਮਲਾ ਹੈ।

ਦੋਸਤੋ, ਜੇਕਰ ਅਸੀਂ ਹਮਲੇ ਤੋਂ ਬਾਅਦ ਪ੍ਰਮੁੱਖ ਵਿਸ਼ਵ ਦੇਸ਼ਾਂ ਦੀਆਂ ਪ੍ਰਤੀਕਿਰਿਆਵਾਂ 'ਤੇ ਵਿਚਾਰ ਕਰੀਏ, ਤਾਂ ਕੀ ਤੀਜਾ ਵਿਸ਼ਵ ਯੁੱਧ ਸ਼ੁਰੂ ਹੋਣ ਵਾਲਾ ਹੈ? ਰੂਸ, ਈਰਾਨ ਅਤੇ ਕਿਊਬਾ ਵਰਗੇ ਦੇਸ਼ਾਂ ਨੇ ਇਸ ਵਿਸ਼ਵਵਿਆਪੀ ਘਟਨਾ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਇਹ ਦੇਸ਼ ਵੈਨੇਜ਼ੁਏਲਾ ਦੀ ਪ੍ਰਭੂਸੱਤਾ ਦੀ ਉਲੰਘਣਾ, ਖੇਤਰੀ ਅਖੰਡਤਾ ਦੀ ਉਲੰਘਣਾ ਅਤੇ ਸ਼ਕਤੀ-ਪ੍ਰੇਰਿਤ ਹਮਲੇ ਵਜੋਂ ਅਮਰੀਕੀ ਕਾਰਵਾਈ ਦੀ ਨਿੰਦਾ ਕਰ ਰਹੇ ਹਨ। ਰੂਸ ਨੇ ਇਸ ਅਮਰੀਕੀ ਕਾਰਵਾਈ ਨੂੰ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਦੱਸਿਆ ਹੈ। ਈਰਾਨ ਅਤੇ ਕਿਊਬਾ ਨੇ ਵੀ ਸੰਯੁਕਤ ਰਾਸ਼ਟਰ ਅਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਮਰੀਕਾ ਦੀ ਇਸ ਕਾਰਵਾਈ ਦੀ ਨਿੰਦਾ ਕਰਨ ਅਤੇ ਸ਼ਾਂਤੀ ਸਥਾਪਤ ਕਰਨ ਦੀ ਅਪੀਲ ਕੀਤੀ ਹੈ। ਦੂਜੇ ਪਾਸੇ, ਯੂਰਪੀਅਨ ਯੂਨੀਅਨ ਨੇ ਇੱਕ ਵੱਖਰਾ ਰੁਖ਼ ਅਪਣਾਇਆ ਹੈ। ਉਨ੍ਹਾਂ ਨੇ ਸਿੱਧੇ ਤੌਰ 'ਤੇ ਸਥਿਤੀ ਦੀ ਨਿੰਦਾ ਨਹੀਂ ਕੀਤੀ, ਸਗੋਂ ਤੱਥਾਂ ਦੀ ਪੁਸ਼ਟੀ ਕਰਨ ਅਤੇ ਇਨ੍ਹਾਂ ਤੱਥਾਂ ਦੇ ਮੱਦੇਨਜ਼ਰ ਫੈਸਲੇ ਲੈਣ ਦੀ ਗੱਲ ਕੀਤੀ, ਇਹ ਕਹਿੰਦੇ ਹੋਏ ਕਿ ਉਹ ਅੰਤਰਰਾਸ਼ਟਰੀ ਨਿਯਮਾਂ ਦਾ ਸਤਿਕਾਰ ਕਰਦੇ ਹਨ। ਇਸਦਾ ਵਿਆਪਕ ਅਰਥ ਹੈ ਕਿ ਯੂਰਪੀਅਨ ਯੂਨੀਅਨ ਨੇ ਖੁੱਲ੍ਹ ਕੇ ਅਮਰੀਕਾ ਦਾ ਸਮਰਥਨ ਨਹੀਂ ਕੀਤਾ, ਪਰ ਸਪੱਸ਼ਟ ਤੌਰ 'ਤੇ ਇਸਦੀ ਨਿੰਦਾ ਵੀ ਨਹੀਂ ਕੀਤੀ। ਕੁਝ ਦੇਸ਼ਾਂ ਨੇ ਇਸ ਸੰਕਟ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਮੀਟਿੰਗ ਦਾ ਵਿਸ਼ਾ ਬਣਾਇਆ ਹੈ, ਅਤੇ ਲਗਭਗ ਸਾਰੀਆਂ ਪ੍ਰਮੁੱਖ ਵਿਸ਼ਵ ਸ਼ਕਤੀਆਂ ਇਸ ਘਟਨਾ ਨੂੰ ਅੰਤਰਰਾਸ਼ਟਰੀ ਕਾਨੂੰਨ ਦੀ ਇੱਕ ਵੱਡੀ ਪ੍ਰੀਖਿਆ ਵਜੋਂ ਦੇਖ ਰਹੀਆਂ ਹਨ।

ਦੋਸਤੋ, ਜੇਕਰ ਅਸੀਂ ਤੇਲ ਅਤੇ ਨਸ਼ੀਲੇ ਪਦਾਰਥਾਂ ਦੇ ਵਿਵਾਦ ਦੇ ਪਿਛੋਕੜ ਨੂੰ ਸਮਝਣ ਦੀ ਕੋਸ਼ਿਸ਼ ਕਰੀਏ, ਤਾਂ ਅਮਰੀਕਾ ਕਹਿੰਦਾ ਹੈ ਕਿ ਵੈਨੇਜ਼ੁਏਲਾ ਦੁਨੀਆਂ ਦੇ ਸਭ ਤੋਂ ਵੱਡੇ ਤੇਲ ਭੰਡਾਰਾਂ ਵਿਚੋਂ ਇੱਕ ਦਾ ਘਰ ਹੈ ਅਤੇ ਨਸ਼ੀਲੇ ਪਦਾਰਥਾਂ ਅਤੇ ਅਪਰਾਧ ਨੈਟਵਰਕਾਂ ਲਈ ਇੱਕ ਵੱਡਾ ਕੇਂਦਰ ਬਣ ਗਿਆ ਹੈ। ਇਸ ਲਈ, ਇਸ ਕਾਰਵਾਈ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਲੜਨ ਅਤੇ ਰਾਸ਼ਟਰੀ ਸੁਰੱਖਿਆ ਦੀ ਰੱਖਿਆ ਲਈ ਜ਼ਰੂਰੀ ਦੱਸਿਆ ਹੈ। ਹਾਲਾਂਕਿ, ਆਲੋਚਕ ਇਸਨੂੰ ਤੇਲ ਸਰੋਤਾਂ 'ਤੇ ਕੰਟਰੋਲ ਹਾਸਲ ਕਰਨ ਲਈ ਇੱਕ ਆਰਥਿਕ ਰਣਨੀਤੀ ਵਜੋਂ ਵੀ ਦੇਖਦੇ ਹਨ। ਉਨ੍ਹਾਂ ਦਾ ਤਰਕ ਹੈ ਕਿ ਇਸ ਹਮਲੇ ਵਿਚ ਆਰਥਿਕ ਹਿੱਤ ਵੱਡੀ ਭੂਮਿਕਾ ਨਿਭਾ ਸਕਦੇ ਹਨ, ਕਿਉਂਕਿ ਵੈਨੇਜ਼ੁਏਲਾ ਦੇ ਤੇਲ ਭੰਡਾਰਾਂ ਨੇ ਇਸ ਖੇਤਰ ਨੂੰ ਆਰਥਿਕ ਅਤੇ ਰਣਨੀਤਕ ਰਣਨੀਤੀ ਦੇ ਕੇਂਦਰ ਵਿਚ ਰੱਖਿਆ ਹੈ।

ਦੋਸਤੋ, ਮਨੁੱਖੀ ਅਧਿਕਾਰਾਂ ਅਤੇ ਜਾਇਜ਼ਤਾ ਦੇ ਸਵਾਲਾਂ ਦੇ ਦ੍ਰਿਸ਼ਟੀਕੋਣ ਤੋਂ, ਕਈ ਮਨੁੱਖੀ ਅਧਿਕਾਰ ਸਮੂਹਾਂ ਨੇ ਕਿਹਾ ਹੈ ਕਿ ਅਮਰੀਕਾ ਬਿਨਾਂ ਸਬੂਤਾਂ ਜਾਂ ਪਾਰਦਰਸ਼ਤਾ ਦੇ ਨਿਰਦੋਸ਼ ਨਾਗਰਿਕਾਂ ਅਤੇ ਨੇਤਾਵਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ, ਅਤੇ ਇਹ ਕਾਰਵਾਈ ਸੰਯੁਕਤ ਰਾਸ਼ਟਰ ਚਾਰਟਰ ਦੀ ਉਲੰਘਣਾ ਕਰ ਸਕਦੀ ਹੈ, ਜਿਸ ਵਿਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਕੋਈ ਦੇਸ਼ ਸੁਰੱਖਿਆ ਪ੍ਰੀਸ਼ਦ ਦੀ ਇਜਾਜ਼ਤ ਤੋਂ ਬਿਨਾਂ ਜਾਂ ਕਿਸੇ ਕਥਿਤ ਖ਼ਤਰੇ ਦੇ ਜਵਾਬ ਵਿਚ ਕਿਸੇ ਹੋਰ ਦੇਸ਼ ਵਿਰੁੱਧ ਤਾਕਤ ਦੀ ਵਰਤੋਂ ਨਹੀਂ ਕਰ ਸਕਦਾ। ਇਹ ਵਿਵਾਦ ਹੁਣ ਅੰਤਰਰਾਸ਼ਟਰੀ ਅਦਾਲਤਾਂ, ਸੰਯੁਕਤ ਰਾਸ਼ਟਰ ਅਤੇ ਵਿਸ਼ਵ ਸ਼ਾਂਤੀ ਰੱਖਿਅਕ ਢਾਂਚਿਆਂ ਲਈ ਇੱਕ ਵੱਡੀ ਪ੍ਰੀਖਿਆ ਬਣ ਗਿਆ ਹੈ।

ਦੋਸਤੋ, ਅੰਤਰਰਾਸ਼ਟਰੀ ਕਾਨੂੰਨ ਅਤੇ ਪ੍ਰਭੂਸੱਤਾ ਸੰਪ੍ਰਭੂਤਾ ਦੇ ਦ੍ਰਿਸ਼ਟੀਕੋਣ ਤੋਂ, ਕਿਸੇ ਹੋਰ ਦੇਸ਼ ਦੀਆਂ ਹਥਿਆਰਬੰਦ ਫੌਜਾਂ ਦੁਆਰਾ ਕਿਸੇ ਰਾਜ ਦੇ ਮੁਖੀ - ਜਿਸ ਵਿਚ ਮੌਜੂਦਾ ਰਾਸ਼ਟਰਪਤੀ ਵੀ ਸ਼ਾਮਲ ਹੈ, ਨੂੰ ਫੜਨਾ ਅਤੇ ਦੇਸ਼ ਨਿਕਾਲਾ ਦੇਣਾ ਅੰਤਰਰਾਸ਼ਟਰੀ ਕਾਨੂੰਨ ਦੀ ਗੰਭੀਰ ਉਲੰਘਣਾ ਹੋ ਸਕਦਾ ਹੈ, ਜਿਸ ਵਿਚ ਸੰਯੁਕਤ ਰਾਸ਼ਟਰ ਚਾਰਟਰ ਦੇ ਬੁਨਿਆਦੀ ਸਿਧਾਂਤ ਸ਼ਾਮਲ ਹਨ। ਸੰਯੁਕਤ ਰਾਸ਼ਟਰ ਚਾਰਟਰ ਦੇ ਆਰਟੀਕਲ 2(4) ਦੇ ਅਨੁਸਾਰ, ਕਿਸੇ ਹੋਰ ਰਾਜ ਵਿਰੁੱਧ ਤਾਕਤ ਦੀ ਵਰਤੋਂ ਸਿਰਫ ਸਵੈ-ਰੱਖਿਆ ਵਿਚ ਜਾਂ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਅਧਿਕਾਰ ਨਾਲ ਕੀਤੀ ਜਾ ਸਕਦੀ ਹੈ। ਅਮਰੀਕਾ ਨੇ ਨਿਆਂਇਕ ਕਾਰਨਾਂ, ਮਾਦੂਰੋ ਦੇ ਦੋਸ਼ ਅਤੇ ਸੁਰੱਖਿਆ ਹਿੱਤਾਂ ਦੇ ਆਧਾਰ 'ਤੇ ਆਪਣੀ ਕਾਰਵਾਈ ਦੀ ਵਿਆਖਿਆ ਕੀਤੀ ਹੈ। ਹਾਲਾਂਕਿ, ਅੰਤਰਰਾਸ਼ਟਰੀ ਕਾਨੂੰਨ ਮਾਹਰਾਂ ਦਾ ਮੰਨਣਾ ਹੈ ਕਿ ਕਿਸੇ ਹੋਰ ਦੇਸ਼ ਦੇ ਸਭ ਤੋਂ ਉੱਚ ਨਾਗਰਿਕ ਨੇਤਾ ਵਿਰੁੱਧ ਫੌਜੀ ਕਾਰਵਾਈ ਅਤੇ ਹਿਰਾਸਤ ਵਿਚ ਲੈਣਾ ਪ੍ਰਭੂਸੱਤਾ ਦੀ ਸਿੱਧੀ ਉਲੰਘਣਾ ਅਤੇ ਤਾਕਤ ਦੀ ਵਰਤੋਂ ਦੀ ਇੱਕ ਉਦਾਹਰਣ ਹੈ, ਜਦੋਂ ਤੱਕ ਕਿ ਇਹ ਖੁਦ ਅਮਰੀਕਾ ਵਿਰੁੱਧ ਸਿੱਧਾ ਹਥਿਆਰਬੰਦ ਹਮਲਾ ਨਾ ਹੋਵੇ। ਬਹੁਤ ਸਾਰੇ ਮਾਹਰਾਂ ਨੇ ਇਸਨੂੰ ਇੱਕ ਅਪਰਾਧਿਕ ਹਮਲਾ ਵੀ ਕਿਹਾ ਹੈ, ਜੋ ਸੰਯੁਕਤ ਰਾਸ਼ਟਰ ਚਾਰਟਰ ਦੀ ਉਲੰਘਣਾ ਕਰਦਾ ਹੈ। ਪ੍ਰਭੂਸੱਤਾ ਦੀ ਉਲੰਘਣਾ ਹੋਰ ਵੀ ਗੰਭੀਰ ਹੋ ਜਾਂਦੀ ਹੈ, ਜਦੋਂ ਦੇਸ਼ ਦੀ ਸੰਸਦ ਜਾਂ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਪ੍ਰਵਾਨਗੀ ਪ੍ਰਾਪਤ ਨਹੀਂ ਕੀਤੀ ਜਾਂਦੀ, ਜਿਵੇਂ ਕਿ ਇਸ ਮਾਮਲੇ ਵਿਚ ਸਪੱਸ਼ਟ ਤੌਰ 'ਤੇ ਅਜਿਹਾ ਨਹੀਂ ਹੈ। ਅੰਤਰਰਾਸ਼ਟਰੀ ਕਾਨੂੰਨ ਦੇ ਨਿਯਮਾਂ ਦੇ ਅਨੁਸਾਰ, ਹੇਜੀਮੋਨਿਕ ਸ਼ਕਤੀਆਂ ਦੁਆਰਾ ਅਜਿਹੇ ਦਖਲਅੰਦਾਜ਼ੀ ਵਿਸ਼ਵ ਵਿਵਸਥਾ ਅਤੇ ਨਿਯਮਾਂ ਨੂੰ ਪ੍ਰਭਾਵਤ ਕਰਦੇ ਹਨ, ਸੰਭਾਵੀ ਤੌਰ 'ਤੇ ਸਮਾਨ ਦਾਅਵਿਆਂ ਦੇ ਆਧਾਰ 'ਤੇ ਹੋਰ ਨਿਯਮਤ ਤੌਰ 'ਤੇ ਚੁਣੇ ਗਏ ਨੇਤਾਵਾਂ ਵਿਰੁੱਧ ਭਵਿੱਖ ਵਿਚ ਕਾਰਵਾਈਆਂ ਵੱਲ ਲੈ ਜਾਂਦੇ ਹਨ।

ਦੋਸਤੋ, ਜੇਕਰ ਅਸੀਂ ਵਿਚਾਰ ਕਰੀਏ ਕਿ ਕੀ ਇਹ ਵਿਸ਼ਵ ਲੋਕਤੰਤਰੀ ਵਿਵਸਥਾ ਦੀ ਉਲੰਘਣਾ ਕਰਦਾ ਹੈ ਜਾਂ ਨਹੀਂ? ਸਵਾਲ ਉਠਾਇਆ ਜਾ ਰਿਹਾ ਹੈ ਕਿ ਕੀ ਇਹ ਅਮਰੀਕੀ ਕਦਮ ਵਿਸ਼ਵ ਲੋਕਤੰਤਰੀ ਵਿਵਸਥਾ ਦੀ ਉਲੰਘਣਾ ਕਰਦਾ ਹੈ। ਇਸ ਬਹਿਸ ਦਾ ਜਵਾਬ ਸਰਲ ਨਹੀਂ ਹੈ, ਕਿਉਂਕਿ ਇਸ ਵਿਚ ਰਾਜਨੀਤਿਕ ਵਿਚਾਰਧਾਰਾ, ਸ਼ਕਤੀ ਰਾਜਨੀਤੀ ਅਤੇ ਅੰਤਰਰਾਸ਼ਟਰੀ ਪ੍ਰਣਾਲੀ ਦੇ ਸਿਧਾਂਤਾਂ ਦਾ ਮਿਸ਼ਰਣ ਸ਼ਾਮਲ ਹੈ। ਇੱਕ ਪਾਸੇ, ਅਮਰੀਕਾ ਅਤੇ ਇਸਦੇ ਸਮਰਥਕ ਦੇਸ਼ ਦਲੀਲ ਦਿੰਦੇ ਹਨ ਕਿ ਮਾਦੂਰੋ ਵਰਗੇ ਨੇਤਾ ਨੇ ਆਪਣੀ ਸਰਕਾਰ ਦੇ ਅੰਦਰ ਤਖ਼ਤਾ ਪਲਟ, ਭ੍ਰਿਸ਼ਟਾਚਾਰ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਨੀਤੀਆਂ ਲਾਗੂ ਕੀਤੀਆਂ ਹਨ। ਅਮਰੀਕੀ ਪ੍ਰਸ਼ਾਸਨ ਇਸਨੂੰ ਅਪਰਾਧ ਨਿਯੰਤਰਣ ਅਤੇ ਲੋਕਤੰਤਰ ਦੀ ਸਥਾਪਨਾ ਵਜੋਂ ਪੇਸ਼ ਕਰਦਾ ਹੈ। ਦੂਜੇ ਪਾਸੇ, ਬਹੁਤ ਸਾਰੇ ਦੇਸ਼ਾਂ ਦੇ ਜ਼ਿਆਦਾਤਰ ਅੰਤਰਰਾਸ਼ਟਰੀ ਵਿਸ਼ਲੇਸ਼ਕ ਅਤੇ ਸਰਕਾਰੀ ਬਿਆਨ ਕਹਿੰਦੇ ਹਨ ਕਿ ਅਜਿਹੀ ਫੌਜੀ ਦਖਲਅੰਦਾਜ਼ੀ ਅੰਤਰਰਾਸ਼ਟਰੀ ਲੋਕਤੰਤਰੀ ਪ੍ਰਕਿਰਿਆ ਦੇ ਵਿਰੁੱਧ ਹੈ, ਕਿਉਂਕਿ ਇਹ ਕਿਸੇ ਦੇਸ਼ ਦੀਆਂ ਅੰਦਰੂਨੀ ਲੋਕਤੰਤਰੀ ਪ੍ਰਕਿਰਿਆਵਾਂ, ਚੋਣਾਂ ਅਤੇ ਤਾਨਾਸ਼ਾਹੀ ਪ੍ਰਭੂਸੱਤਾ ਨੂੰ ਬਾਈਪਾਸ ਕਰਦੀ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਨੇ ਵੀ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ, ਇਹ ਕਹਿੰਦੇ ਹੋਏ ਕਿ ਅੰਤਰਰਾਸ਼ਟਰੀ ਕਾਨੂੰਨ ਅਤੇ ਪ੍ਰਭੂਸੱਤਾ ਦਾ ਸਤਿਕਾਰ ਵਿਸ਼ਵ ਵਿਵਸਥਾ ਦੀ ਨੀਂਹ ਹੈ। ਇਸ ਲਈ, ਇਹ ਕਹਿਣਾ ਵਧੇਰੇ ਸਹੀ ਹੋਵੇਗਾ ਕਿ ਅਮਰੀਕੀ ਇਹ ਕਦਮ ਰਾਜਨੀਤਿਕ ਤਰਕ ਦੀ ਪ੍ਰਵਾਹ ਕੀਤੇ ਬਿਨਾਂ, ਵਿਸ਼ਵ ਲੋਕਤੰਤਰੀ ਕਦਰਾਂ-ਕੀਮਤਾਂ ਲਈ ਚੁਣੌਤੀ ਪੇਸ਼ ਕਰਦਾ ਹੈ।

ਦੋਸਤੋ, ਜੇਕਰ ਅਸੀਂ ਇਸ ਸਵਾਲ 'ਤੇ ਵਿਚਾਰ ਕਰੀਏ ਕਿ ਕੀ "ਤੀਜਾ ਵਿਸ਼ਵ ਯੁੱਧ" ਸ਼ੁਰੂ ਹੋਣ ਵਾਲਾ ਹੈ, ਜਦੋਂ ਕਿ ਇਹ ਵਿਕਾਸ ਵਿਸ਼ਵ ਸ਼ਕਤੀ ਦੇ ਸੰਤੁਲਨ ਵਿਚ ਇੱਕ ਵੱਡੀ ਤਬਦੀਲੀ ਨੂੰ ਦਰਸਾਉਂਦਾ ਹੈ, ਤਾਂ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਅਜੇ ਤੱਕ ਅਜਿਹੀ ਕੋਈ ਚੀਜ਼ ਸ਼ੁਰੂ ਨਹੀਂ ਹੋਈ ਹੈ। ਤੀਜਾ ਵਿਸ਼ਵ ਯੁੱਧ ਸਿਰਫ ਤਾਂ ਹੀ ਜਾਇਜ਼ ਮੰਨਿਆ ਜਾਵੇਗਾ, ਜੇਕਰ ਦੋ ਜਾਂ ਵੱਧ ਪ੍ਰਮਾਣੂ-ਸਮਰੱਥ ਰਣਨੀਤਕ ਸਮੂਹ ਇੱਕ ਦੂਜੇ ਦੇ ਵਿਰੁੱਧ ਵਿਆਪਕ ਫੌਜੀ ਗੱਠਜੋੜ, ਆਰਥਿਕ ਸਮੂਹ ਅਤੇ ਵਿਸ਼ਵਵਿਆਪੀ ਟਕਰਾਅ ਵਿਚ ਸ਼ਾਮਲ ਹੁੰਦੇ ਹਨ, ਜੋ ਕਿ ਇਸ ਸਮੇਂ ਇੱਕ ਯਥਾਰਥਵਾਦੀ ਦ੍ਰਿਸ਼ ਨਹੀਂ ਹੈ। ਹਾਲਾਂਕਿ ਰੂਸ, ਈਰਾਨ, ਕਿਊਬਾ ਅਤੇ ਚੀਨ ਵਰਗੇ ਦੇਸ਼ਾਂ ਨੇ ਅਮਰੀਕੀ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ ਹੈ, ਇਹ ਕਹਿੰਦੇ ਹੋਏ ਕਿ ਇਹ ਵਿਸ਼ਵ ਸ਼ਾਂਤੀ ਅਤੇ ਸਥਿਰਤਾ ਲਈ ਖ਼ਤਰਾ ਪੈਦਾ ਕਰ ਸਕਦਾ ਹੈ, ਵਿਸ਼ਵ ਯੁੱਧ ਦੇ ਜ਼ੋਖਮਾਂ 'ਤੇ ਬਹਿਸ ਤੇਜ਼ ਹੋ ਗਈ ਹੈ। ਜਿਨ੍ਹਾਂ ਦੇਸ਼ਾਂ ਨੇ ਆਲੋਚਨਾ ਕੀਤੀ ਹੈ, ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਦੁਨੀਆਂ ਦੀਆਂ ਵੱਡੀਆਂ ਸ਼ਕਤੀਆਂ ਇੱਕ ਦੂਜੇ ਦੇ ਵਿਰੁੱਧ ਫੌਜੀ ਗੱਠਜੋੜ ਅਤੇ ਕਾਰਜਸ਼ੀਲ ਹਿੰਸਾ ਵੱਲ ਮੁੜਦੀਆਂ ਹਨ, ਤਾਂ ਵੱਡੇ ਪੱਧਰ 'ਤੇ ਟਕਰਾਅ ਦੀ ਸੰਭਾਵਨਾ ਵੱਧ ਸਕਦੀ ਹੈ। ਫਿਰ ਵੀ, ਵਿਸ਼ਵ ਨੇਤਾਵਾਂ ਦੁਆਰਾ ਤੀਜੇ ਵਿਸ਼ਵ ਯੁੱਧ ਦਾ ਕੋਈ ਅਧਿਕਾਰਤ ਐਲਾਨ ਨਹੀਂ ਕੀਤਾ ਗਿਆ ਹੈ। ਇਸ ਵਿਸ਼ੇ 'ਤੇ ਮਾਹਰ ਇਸ ਸਮੇਂ ਹੋਰ ਅੰਤਰਰਾਸ਼ਟਰੀ ਪ੍ਰਤੀਕਿਰਿਆਵਾਂ ਅਤੇ ਸੰਯੁਕਤ ਰਾਸ਼ਟਰ ਦੀਆਂ ਕਾਰਵਾਈਆਂ ਦੀ ਉਡੀਕ ਕਰ ਰਹੇ ਹਨ।

ਇਸ ਲਈ, ਜੇਕਰ ਅਸੀਂ ਉਪਰੋਕਤ ਪੂਰੇ ਬਿਰਤਾਂਤ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਇਹ ਘਟਨਾ ਸਿਰਫ਼ ਦੱਖਣੀ ਅਮਰੀਕਾ ਜਾਂ ਸੰਯੁਕਤ ਰਾਜ ਅਮਰੀਕਾ ਦਾ ਮਾਮਲਾ ਨਹੀਂ ਹੈ, ਸਗੋਂ ਇਹ ਵਿਸ਼ਵ ਸ਼ਕਤੀ ਗਤੀਸ਼ੀਲਤਾ, ਅੰਤਰਰਾਸ਼ਟਰੀ ਕਾਨੂੰਨ, ਪ੍ਰਭੂਸੱਤਾ ਅਤੇ ਵਿਸ਼ਵ ਸੁਰੱਖਿਆ ਢਾਂਚੇ ਦੀ ਵੀ ਪ੍ਰੀਖਿਆ ਹੈ। ਅਮਰੀਕਾ ਦਾ ਤਰਕ ਹੈ ਕਿ ਇਹ ਕਾਰਵਾਈ ਨਾਰਕੋ-ਅੱਤਵਾਦ ਅਤੇ ਸੁਰੱਖਿਆ ਚਿੰਤਾਵਾਂ ਕਾਰਨ ਜ਼ਰੂਰੀ ਸੀ। ਬਹੁਤ ਸਾਰੇ ਦੇਸ਼ਾਂ ਨੇ ਇਸਨੂੰ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਘੋਸ਼ਿਤ ਕੀਤਾ ਹੈ। ਸੰਯੁਕਤ ਰਾਸ਼ਟਰ, ਵਿਸ਼ਵ ਸ਼ਕਤੀਆਂ, ਖੇਤਰੀ ਸਮੂਹ ਅਤੇ ਕਾਨੂੰਨ ਵਿਗਿਆਨੀ ਇਸਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰ ਰਹੇ ਹਨ। ਇਹ ਟਕਰਾਅ ਸਾਡੇ ਸਮੇਂ ਦੀਆਂ ਸਭ ਤੋਂ ਮਹੱਤਵਪੂਰਨ ਅੰਤਰਰਾਸ਼ਟਰੀ ਰਾਜਨੀਤਿਕ ਘਟਨਾਵਾਂ ਵਿਚੋਂ ਇੱਕ ਹੈ ਅਤੇ ਇਸਦੇ ਨਤੀਜੇ ਦਹਾਕਿਆਂ ਤੋਂ ਵਿਸ਼ਵ ਰਾਜਨੀਤੀ, ਸੁਰੱਖਿਆ ਅਤੇ ਆਰਥਿਕ ਰਣਨੀਤੀ ਨੂੰ ਪ੍ਰਭਾਵਤ ਕਰ ਸਕਦੇ ਹਨ।

# ਆਇਆ ਲੋਹੜੀ ਦਾ ਤਿਉਹਾਰ, ਲੈ ਕੇ ਖੁਸ਼ੀਆਂ, ਸਧਰਾਂ ਪਿਆਰ



ਬਲਵਿੰਦਰ ਬਾਲਮ
ਓਂਕਾਰ ਨਗਰ ਗੁਰਦਾਸਪੁਰ
ਮੋ. 98156-25409
ਪੰਜਾਬ ਮੇਲ USA



ਛੋਟੀਆਂ-ਛੋਟੀਆਂ ਖੁਸ਼ੀਆਂ ਦਾ ਸੰਗ੍ਰਹਿ ਹੀ ਜ਼ਿੰਦਗੀ ਹੈ। ਖ਼ੁਸ਼ੀਆਂ ਦਾ ਪੂਰਾ ਅੰਬਰ ਕਿਸੇ ਕੋਲ ਨਹੀਂ ਹੈ ਕਿ ਮਨੁੱਖ ਜਦੋਂ ਚਾਹੇ ਖ਼ੁਸ਼ੀ ਦਾ ਤਾਰਾ ਤੋੜ ਕੇ ਜ਼ਿੰਦਗੀ ਨੂੰ ਸ਼ਿੰਗਾਰ ਲਵੇ। ਮਨੁੱਖ ਨੇ ਮੌਸਮਾਂ, ਦਿਨਾਂ, ਵਾਤਾਵਰਣ, ਰੀਤੀ-ਰਿਵਾਜ਼, ਰਿਸ਼ਤਿਆਂ-ਨਾਤਿਆਂ, ਸਬੰਧਾਂ, ਮੁਹੱਬਤ, ਪ੍ਰੇਮ, ਮੋਹ, ਲਗਾਵ ਅਤੇ ਪ੍ਰੰਪਰਾਵਾਂ ਆਦਿ ਨੂੰ ਮੱਦੇਨਜ਼ਰ ਰੱਖਦੇ ਹੋਏ ਖੁਸ਼ੀਆਂ, ਸਧਰਾਂ, ਚਾਵਾਂ, ਖੇੜਿਆਂ ਆਦਿ ਨੂੰ ਲੱਭਣ ਲਈ ਮੇਲਿਆ, ਤਿਉਹਾਰਾਂ ਨੂੰ ਹੋਂਦ ਵਿਚ ਲਿਆਂਦਾ ਹੈ। ਦੋਸਤੋ, ਅਗਰ ਮਨੁੱਖ ਦੀ ਜ਼ਿੰਦਗੀ ਵਿਚ ਮੇਲਿਆਂ, ਤਿਉਹਾਰਾਂ ਤੇ ਮਹੱਤਵਪੂਰਨ ਦਿਨਾਂ ਨੂੰ ਮਨਫੀ ਕਰ ਦਿੱਤਾ ਜਾਵੇ, ਤਾਂ ਸਾਰੀ ਜ਼ਿੰਦਗੀ ਨੀਰਸ ਜਿਹੀ, ਫਿੱਕੀ ਜਿਹੀ ਤੇ ਬੇ-ਸੁਆਦੀ ਜਿਹੀ ਹੋ ਕੇ ਰਹਿ ਜਾਏ। ਮਨੁੱਖ ਦੀ ਜ਼ਿੰਦਗੀ ਵਿਚ ਖ਼ੂਬਸੂਰਤੀਆਂ, ਜੀਣ ਦੀ ਨਵੀਂ ਉਮੰਗ, ਇਕ ਲਲਕ, ਇਕ ਇੱਛਾ ਪੈਦਾ ਕਰਦੇ ਹਨ ਮੇਲੇ ਤੇ ਤਿਉਹਾਰ।

ਲੋਹੜੀ ਸ਼ਬਦ 'ਲੋਹੀ' ਤੋਂ ਬਣਿਆ, ਜਿਸ ਦਾ ਮਤਲਬ ਹੈ ਮੀਂਹ ਪੈਣਾ, ਫਸਲਾਂ ਦਾ ਫੁੱਟਣਾ। ਇਕ ਕਹਾਵਤ ਹੈ ਮੀਂਹ ਵਸੇ ਲੋਹੀ ਇਕੋ ਜਿਹੀ ਹੋਈ। ਇਕ ਹੋਰ ਕਹਾਵਤ ਲੋਹੜੀ ਦੇ ਅਰਥ ਖੋਲ੍ਹਦੀ ਹੈ 'ਜੇ ਮੀਂਹ ਨਾ ਪਵੇ ਲੋਹੜੀ, ਤਾਂ ਹਾੜੀ ਲਗੂ ਕੋਹੜੀ', ਭਾਵ ਕਿ ਜਦੋਂ ਲੋਹੜੀ ਦੇ ਮੌਕੇ 'ਤੇ ਮੀਂਹ ਨਾ ਪਵੇ ਤਾਂ ਖੇਤੀ ਦਾ ਨੁਕਸਾਨ ਹੁੰਦਾ ਹੈ।

ਪ੍ਰੰਪਰਾ ਦੇ ਗੁਲਸ਼ਨ 'ਚੋਂ ਹੀ ਜਨਮ ਲੈਂਦਾ ਹੈ ਲੋਹੜੀ ਦਾ ਪਵਿੱਤਰ ਤਿਉਹਾਰ। ਇਹ ਤਿਉਹਾਰ ਮੌਸਮ ਦੀ ਤਬਦੀਲੀ, ਫਸਲਾਂ ਦੀ ਪੁੰਗਰਨ ਅਤੇ ਕਈ ਇਤਿਹਾਸਕ ਤੇ ਮਿਤਿਹਾਸਕ ਦੰਦ ਕਥਾਵਾਂ ਨਾਲ ਜੁੜਿਆ ਹੋਇਆ ਹੈ। ਮੁੱਖ ਤੌਰ 'ਤੇ ਭਾਰਤ ਦਾ ਪ੍ਰਸਿੱਧ ਪੰਜਾਬ ਰਾਜ ਖੇਤੀਬਾੜੀ ਪ੍ਰਧਾਨ ਰਾਜ ਹੈ। ਇਸ ਕਰਕੇ ਕਿਸਾਨਾਂ, ਜ਼ਿੰਮੀਦਾਰਾਂ ਤੇ ਮਜ਼ਦੂਰਾਂ ਦੀ ਮਿਹਨਤ ਨਾਲ ਮੇਲ ਖਾਂਦਾ ਹੋਇਆ ਲੋਹੜੀ ਦਾ ਤਿਉਹਾਰ ਖੁਸ਼ੀਆਂ ਰੀਝਾਂ ਨੂੰ ਸਰਦੀ ਦੀ ਜਵਾਨ ਰੁੱਤ ਵਿਚ ਕਿਰਤੀਮਾਨ ਕਰਦਾ ਹੈ। ਲੋਹੜੀ ਸਭ ਮਜ਼ਹਬਾਂ, ਧਰਮਾਂ ਲਈ ਏਕਤਾ ਦਾ ਪ੍ਰਤੀਕ, ਪਿਆਰ ਮੁਹੱਬਤ, ਸਾਂਝੀਵਾਲਤਾ, ਮਿਲਵਰਤਨ, ਸਦਭਾਵਨਾਂ, ਰਿਸ਼ਤਿਆਂ ਦੀ ਮਿਠਾਸ ਵਾਲਾ ਤੇ ਸੱਭਿਆਚਾਰ ਦਾ ਇਕ ਸੁੰਦਰ ਉਪਹਾਰ ਹੈ।

ਲੋਹੜੀ ਮਾਘ ਮਹੀਨੇ ਦੀ ਸੰਗਰਾਂਦ 'ਤੇ ਪਹਿਲੀ ਰਾਤ ਨੂੰ ਮਨਾਈ ਜਾਂਦੀ ਹੈ। ਕਿਸਾਨ ਹਾੜੀ ਦੀਆਂ ਫਸਲਾਂ ਬੀਜ ਦੇ ਵਿਹਲਾ ਹੋ ਚੁੱਕਿਆ ਹੁੰਦਾ ਹੈ ਤੇ ਇਸ ਤਿਉਹਾਰ ਨੂੰ ਚਾਵਾਂ, ਸਧਰਾਂ ਨਾਲ ਮਨਾਉਂਦਾ ਹੈ, ਜਿਸ ਘਰ ਵਿਚ ਲੜਕਾ ਜੰਮਿਆ ਹੋਵੇ, ਉਸ ਦੀ ਸ਼ਗਨਾਂ ਨਾਲ, ਖੁਸ਼ੀਆਂ ਨਾਲ ਲੋਹੜੀ ਪਾਈ ਜਾਂਦੀ ਹੈ। ਬੈਂਡ-ਵਾਜੇ ਵਜਾਏ ਜਾਂਦੇ ਹਨ। ਬਾਜ਼ੀਗਰਨਾ, ਗਲੋਲਨੀਆਂ ਅਤੇ ਭੰਡ ਰਿਸ਼ਤਿਆਂ, ਨਾਤਿਆਂ ਦੇ ਗੀਤ ਅਤੇ ਟੱਪੇ ਆਦਿ ਸੁਣਾ ਕੇ ਹਾਸ ਵਿਅੰਗ ਦੇ ਮਖੌਲ-ਗਾਇਣ ਸੁਣਾ ਕੇ ਆਪਣੀ ਬਣਦੀ ਲੋਹੜੀ (ਵਧਾਈ) ਬਟੋਰ ਕੇ ਲੈ ਜਾਂਦੇ ਹਨ। ਇਸ ਦਿਨ ਹਰ ਘਰ ਵਿਚ ਮੂੰਗਫਲੀ, ਰਿਉੜੀਆਂ, ਚਿੜਵੜੇ, ਗਚਕ, ਭੁੱਗਾ, ਤਿੱਲ ਚੌਲੀ, ਮੱਕੀ ਦੇ ਫੁੱਲੇ ਭੁੱਜੇ ਦਾਣੇ, ਗੁੜ, ਫੱਲ ਆਦਿ ਲੋਹੜੀ ਵੰਡਣ ਲਈ ਰੱਖੇ ਜਾਂਦੇ ਹਨ। ਗੰਨੇ ਦੀ ਰਹੁ (ਰਸ) ਦੀ ਖੀਰ ਬਣਾਈ ਜਾਂਣੀ ਹੈ। ਦਹੀ ਦੇ ਨਾਲ ਇਸ ਦਾ ਆਪਣਾ ਹੀ ਸੁਆਦ ਹੁੰਦਾ ਹੈ। ਇਸ ਨਵ-ਜੰਮੇ ਬੱਚੇ ਦੀ ਲੋਹੜੀ ਪਾਈ ਜਾਂਦੀ ਹੈ। ਦਾਦਕੇ, ਨਾਨਕੇ, ਰਿਸ਼ਤੇਦਾਰ ਉਸ ਲਈ ਸੁੰਦਰ ਕੱਪੜੇ, ਖਿਡਾਉਣੇ ਅਤੇ ਜੇਵਰਾਤ ਆਦਿ ਬਣਾ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਖਾਸ ਕਰਕੇ ਬੱਚੇ ਨੂੰ ਸੋਨੇ ਦਾ ਕੜਾ ਪਾਉਣਾ ਸ਼ੁਭ ਸਮਝਿਆ ਜਾਂਦਾ ਹੈ।

ਅੱਜਕੱਲ੍ਹ ਲੜਕੀਆਂ ਦੇ ਜੰਮਨ ਦੀ ਖੁਸ਼ੀ ਵੀ ਉਨੇ ਹੀ ਪ੍ਰੇਮ ਅਤੇ ਸਧਰਾਂ, ਚਾਵਾਂ ਨਾਲ ਮਨਾਈ ਜਾਂਦੀ ਹੈ। ਵਿਕਸਿਤ ਅਤੇ ਉਨਤ ਪਰਿਵਾਰਾਂ ਵਿਚ ਲੜਕੀਆਂ ਦੀ ਲੋਹੜੀ ਪਾਈ ਜਾਂਦੀ ਹੈ ਅਤੇ ਲੜਕੇ ਨਾਲੋਂ ਵੱਧ ਚਾਅ, ਖੁਸ਼ੀਆਂ ਲੜਕੀ ਦੀ ਲੋਹੜੀ 'ਤੇ ਕਰਦੇ ਹਨ। ਜਿਸ ਲੜਕੀ ਦੀ ਲੋਹੜੀ ਪਾਈ ਜਾਵੇ, ਰਿਸ਼ਤੇਦਾਰ ਉਸ ਨੂੰ ਗਹਿਣੇ ਅਤੇ ਖਾਸ ਕਰਕੇ ਪੈਰ੍ਹਾਂ ਦੀਆਂ ਝਾਂਜਰਾ ਦੇਣਾ ਸੁਭ ਸ਼ਗੁਨ ਸਮਝਦੇ ਹਨ। ਇਸ ਦਿਨ ਘਰਾਂ ਦੇ ਵਿਹੜਿਆਂ ਵਿਚ, ਸੰਸਥਾਵਾਂ ਵਿਚ, ਸੱਥਾਂ, ਮੁਹੱਲਿਆਂ, ਬਜਾਰਾਂ ਆਦਿ ਵਿਚ ਲੰਬੀਆਂ ਲਕੜਾਂ ਦਾ ਢੇਰ ਬਣਾ ਕੇ ਜਾਂ ਗੋਏ ਦੀਆਂ ਪਾਥੀਆਂ ਅਤੇ ਟੱਕਲਿਆਂ ਦਾ ਢੇਰ ਬਣਾ ਕੇ ਉਸ ਦੀ ਅਗਨੀ ਦੇ ਸੇਕ ਦਾ ਲੁਤਫ ਲਿਆ ਜਾਂਦਾ ਹੈ। ਚਾਰ-ਚੁਫੇਰੇ ਪਸਰੀ ਠੰਡ ਅਤੇ ਰੂੰ ਵਾਂਗ ਫੈਲ੍ਹੀ ਧੁੰਦ ਵਿਚ ਸੇਕ ਦਾ ਆਪਣਾ ਹੀ ਇਕ ਆਨੰਦ ਹੁੰਦਾ ਹੈ। ਇਸ ਅਗਨੀ ਵਿਚ ਤਿੱਲ ਆਦਿ ਸੁੱਟਦੇ ਹਨ। ਘਰਾਂ ਵਿਚ ਸਾਰੇ ਦਾ ਸਾਰਾ ਪਰਿਵਾਰ ਬੈਠ ਕੇ ਖੁਸ਼ੀ ਦੀ ਅਭਿਵਿਅਕਤੀ ਲਈ ਗੀਤ, ਟੱਪੇ ਗਾਉਂਦੇ ਹਨ। ਦੇਰ ਰਾਤ ਤੱਕ ਢੋਲਕੀ ਦੀ ਆਵਾਜ਼, ਢੋਲ ਦੇ ਫੜਕਦੇ ਤਾਲ, ਗਿੱਧੇ ਦੀ ਧਮਕ ਅਤੇ ਗੀਤਾਂ ਦੀ ਲੈ ਸੁਣਾਈ ਦਿੰਦੀ ਰਹਿੰਦੀ ਹੈ। ਰਿਸ਼ਤਿਆਂ ਦੀ ਖੁਸ਼ਬੂਅ, ਮੋਹ, ਮਮਤਾ ਅਤੇ ਪਿਆਰ ਦਾ ਨਜ਼ਾਰਾ ਚਹੁੰ ਪਾਸੇ ਪਸਰਿਆ ਨਜ਼ਰ ਆਉਂਦਾ ਹੈ। ਇਕ ਸੰਪੂਰਨ ਖੁਸ਼ੀ ਦਾ ਆਲਮ।

ਲੋਹੜੀ ਦੇ ਤਿਉਹਾਰ ਨਾਲ ਕਈ ਕਥਾਵਾਂ ਪ੍ਰਚਲਿਤ ਹਨ। ਦੱਸਿਆ ਜਾਂਦਾ ਹੈ ਕਿ ਦੁੱਲਾ ਭੱਟੀ ਇਕ ਡਾਕੂ ਹੋਇਆ ਹੈ। ਉਹ ਜ਼ਾਲਮਾਂ, ਬੇਇਮਾਨਾਂ ਅਤੇ ਧੋਖੇਬਾਜ਼ ਲੋਕਾਂ ਨੂੰ ਹੀ ਲੁੱਟਦਾ ਸੀ। ਦੀਨ-ਦੁੱਖੀਆ, ਬੇ-ਸਹਾਰਿਆਂ, ਲੋੜਵੰਦਾਂ ਅਤੇ ਗ਼ਰੀਬਾਂ ਦੀ ਖੁੱਲ੍ਹ ਕੇ ਮਦਦ ਕਰਦਾ ਹੈ। ਇਕ ਗਰੀਬ ਬ੍ਰਾਹਮਣ ਦੀਆਂ ਦੋ ਧੀਆਂ ਸੁੰਦਰੀ ਅਤੇ ਮੁੰਦਰੀ ਸਨ। ਉਹ ਉਨ੍ਹਾਂ ਦਾ ਵਿਆਹ ਨਹੀਂ ਸੀ ਕਰ ਸਕਦਾ। ਦੁੱਲੇ ਭੱਟੀ ਨੇ ਉਨ੍ਹਾਂ ਗ਼ਰੀਬ ਲੜਕੀਆਂ ਦੀ ਸ਼ਾਦੀ ਕਰਵਾਈ ਅਤੇ ਮੌਕੇ 'ਤੇ ਉਸ ਕੋਲ ਜੋ ਬਣਦਾ-ਸਰਦਾ ਸੀ, ਉਨ੍ਹਾਂ ਲੜਕੀਆਂ ਦੀ ਝੋਲੀ ਵਿਚ ਪਾਇਆ। ਸੁੰਦਰੀ-ਮੁੰਦਰੀ ਦੀ ਸ਼ਾਦੀ, ਰਾਤ ਦੇ ਸਮੇਂ ਲੱਕੜਾਂ ਦੀ ਅੱਗ ਬਾਲ ਕੇ ਉਨ੍ਹਾਂ ਦੇ ਆਲੇ-ਦੁਆਲੇ ਫੇਰੇ ਕਰਵਾਏ ਤੇ ਇਕ ਬਾਪ ਦੇ ਫਰਜ਼ ਨਿਭਾਉਂਦੇ ਹੋਏ ਦੁੱਲਾ ਭੱਟੀ ਨੇ ਉਨ੍ਹਾਂ ਦੀ ਦੋਵਾਂ ਦੀ ਝੋਲੀ ਵਿਚ ਸ਼ੱਕਰ ਪਾਈ। ਇਸ ਸਬੰਧ ਵਿਚ ਅੱਜ ਵੀ ਇਕ ਪ੍ਰਚਲਿਤ ਹੈ। ਸੁੰਦਰ ਮੁੰਦਰੀਏ.... ਹੋ, ਤੇਰਾ ਕੌਣ ਵਿਚਾਰਾ... ਹੋ, ਦੁੱਲਾ ਭੱਟੀ ਵਾਲਾ... ਹੋ, ਦੁੱਲੇ ਨੇ ਧੀ ਵਿਆਹੀ... ਹੋ, ਸ਼ੇਰ ਸ਼ੱਕਰ ਆਈ... ਹੋ, ਕੁੜੀ ਦੇ ਬੋਝੇ ਪਾਈ... ਹੋ, ਕੁੜੀ ਦਾ ਲਾਲ ਪਟਾਕਾ... ਹੋ, ਕੁੜੀ ਦਾ ਸ਼ਾਲੂ ਪਾਟਾ... ਹੋ, ਸ਼ਾਲੂ ਕੌਣ ਸਮੇਟੇ... ਹੋ, ਚਾਚਾ ਗਾਲੀ ਦੇਸੇ... ਹੋ, ਚਾਚੇ ਚੂਰੀ ਕੁੱਟੀ... ਹੋ, ਜ਼ਿੰਮੀਦਾਰਾਂ ਲੁਟੀ... ਹੋ, ਜ਼ਿੰਮੀਦਾਰ ਸਦਾਓ... ਹੋ, ਗਿਣ-ਗਣ ਪੋਲੇ ਲਾਉ, ਇਕ ਪੌਲਾ ਘਸ ਗਿਆ, ਜ਼ਿੰਮੀਦਾਰ ਵਹੁਟੀ ਲੈਕੇ ਨਸ ਗਿਆ... ਹੋ,ਹੋ,ਹੋ,ਹੋ,ਹੋ,ਹੋ,ਹੋ......।

ਲੋਹੜੀ ਵਾਲੇ ਦਿਨ ਬਜ਼ੁਰਗ ਲੋਕ ਸੁੰਦਰੀ-ਮੁੰਦਰੀ ਦੀ ਕਥਾ ਵੀ ਸੁਣਾਉਂਦੇ ਹਨ ਕਿ ਕਿਸ ਤਰ੍ਹਾਂ ਦੁੱਲਾ ਭੱਟੀ ਡਾਕੂ ਨੇ ਗ਼ਰੀਬ ਲੜਕੀਆਂ ਦਾ ਵਿਆਹ ਕਰਕੇ ਆਪਣਾ ਧਰਮ ਨਿਭਾਇਆ। ਲੋਹੜੀ ਦੇ ਕਈ ਪ੍ਰੰਪਰਾਵਾਦੀ ਗੀਤ ਪ੍ਰਚਲਿਤ ਹਨ, ਜਿਵੇਂ

ਲੋਹੜੀ ਬਣੀ ਲੋਹੜੀ, ਦਿਉ ਗੁੜ ਦੀ ਰੋੜੀ, ਵਈ ਰੋੜੀ, ਕਲਮਦਾਨ ਵਿਚ ਘਿਉ, ਜੀਵੇ ਮੁੰਡੇ ਦਾ ਪਿਉ, ਕਲਮਦਾਨ ਵਿਚ ਕਾਂ, ਜੀਵੇ ਮੁੰਡੇ ਦੀ ਮਾਂ, ਕਲਮਦਾਨ ਵਿਚ ਕਾਨਾ, ਜੀਵੇ ਮੁੰਡੇ ਦਾ ਨਾਨਾ, ਕਲਮਦਾਨ ਵਿਚ ਕਾਨੀ, ਜੀਵੇ ਮੁੰਡੇ ਦੀ ਨਾਨੀ।

ਲੜਕੇ ਲੜਕੀਆਂ ਵੀ ਇਸ ਦਿਨ ਲੋਹੜੀ ਮੰਗਦੇ ਹਨ। ਟੋਲੀਆਂ ਬਣਾ ਕੇ ਲੋਹੜੀ ਮੰਗਣ ਦਾ ਆਪਣਾ ਹੀ ਇਕ ਮਜ਼ਾ ਹੈ। ਭਾਵੇਂ ਲੋਹੜੀ ਦੇ ਗੀਤ ਅਲੋਪ ਹੁੰਦੇ ਜਾ ਰਹੇ ਹਨ ਪਰ ਪੁਰਾਣੇ ਬਜ਼ੁਰਗਾਂ ਨੂੰ ਅਜੇ ਵੀ ਇਹ ਗੀਤ ਜ਼ੁਬਾਨੀ ਯਾਦ ਹੈ। ਜਿਵੇਂ- ਕੋਠੀ ਹੇਠ ਚਾਕੂ, ਗੁੜ ਦੇਊ ਮੁੰਡੇ ਦਾ ਬਾਪੂ, ਕੋਠੀ ਉਤੇ ਕਾਂ, ਗੁੜ ਦੇਵੇ ਮੁੰਡੇ ਦੀ ਮਾਂ। ਨਵ ਵਿਆਹੁਤਾ ਜੋੜੇ ਲਈ ਲੋਹੜੀ ਦੇ ਗੀਤ ਬੋਲ ਕੇ ਲੋਹੜੀ ਮੰਗੀ ਜਾਂਦੀ ਹੈ, ਜਿਵੇਂ ਸੀ... ਟਾਂਡਾ-ਟਾਂਡਾ ਨੀ ਲਕੜੀਓ ਟਾਂਡਾ ਸੀ, ਇਸ ਟਾਂਡੇ ਨਾਲ ਕਲੀਰਾ ਸੀ, ਜੁੱਗ ਜੀਵੇ ਨੀ ਬੀਬੀ ਤੇਰਾ ਵੀਰ ਸੀ, ਇਸ ਵੀਰ ਦੀ ਵੇਲ੍ਹ ਵਧਾਈ ਸੀ। ਘਰ ਚੂੜ੍ਹੇ-ਤੇ ਬੀੜ੍ਹੇ ਵਾਲੀ ਆਈ ਸੀ, ਚੂੜਾ ਬੀੜਾ ਵਜੇ ਨੀ, ਸਰੀਕਣੀਆਂ ਨੂੰ ਸੱਦੇ ਨੀ, ਸਰੀਕਣੀਆਂ ਮਾਰੇ ਬੋਲ, ਤੇਰਾ ਨਿੱਕਾ ਜੀਵੇ, ਤੇਰਾ ਵੱਡਾ ਜਿਵੇ, ਵੱਡ ਵਡੇਰਾ ਜੀਵੇ, ਗੁੜ ਦੀ ਰੋੜੀ ਜੀਵੇ, ਭਾਈਆਂ ਦੀ ਜੋੜੀ ਜੀਵੇ।

ਘਰ ਵਾਲੇ ਜਲਦੀ ਉਧਾਈ ਨਾ ਦੇਣ, ਤਾਂ ਕੁੜੀਆਂ ਇਹ ਗੀਤ ਬੋਲਦੀਆਂ ਹਨ। ਸਾਡੇ ਪੈਰ੍ਹਾ ਹੇਠ ਰੋੜ, ਸਾਨੂੰ ਛੇਤੀ ਛੇਤੀ ਤੋਰ, ਸਾਡੇ ਪੈਰਾਂ ਹੇਠ ਦਹੀ, ਅਸੀਂ ਹਿਲਣਾ ਵੀ ਨਹੀਂ, ਸਾਡੇ ਪੈਰ੍ਹਾਂ ਹੇਠ ਪਰਾਤ, ਸਾਨੂੰ ਉਤੋਂ ਪੈ ਗਈ ਰਾਤ। ਮੁੰਡਾ ਜੰਮਨ 'ਤੇ ਕੁੜੀਆਂ ਹਾਸੇ ਮਜ਼ਾਕ ਵਿਚ ਉਸ ਦੇ ਪਰਿਵਾਰ ਨੂੰ ਇਸ ਗੀਤ ਨਾਲ ਸੰਬੋਧਨ ਕਰਦੀਆਂ ਹਨ। ਗੀਗਾ ਤੱਕੜੀ ਦਾ ਛਾਬਾ, ਵੇ ਲੜਾਕਾ ਤੇਰਾ ਬਾਬਾ, ਗੀਗਾ ਤੱਤਾ-ਤੱਤਾ ਘਿਉ, ਵੇ ਲੜਾਕਾ ਤੇਰਾ ਪਿਉ, ਗੀਗਾ ਗੋਰੀ ਗੋਰੀ ਗਾਂ, ਵੇ ਲੜਾਕੀ ਤੇਰੀ ਮਾਂ। ਇਸ ਤਰ੍ਹਾਂ ਕੁਝ ਹੋਰ ਗੀਤ ਜਿਵੇਂ ਕੁਪੀਏ ਨੀ ਕੁਪੀਏ, ਅਸਮਾਨ 'ਤੇ ਲੁਟੀਏ, ਅਸਮਾਨ ਪੁਰਾਣਾ, ਛਿੱਕ ਬੰਨ੍ਹ ਤਾਣਾ, ਲੰਗਰੀ 'ਚ ਦਾਲ, ਮਾਰ ਮੱਥੇ ਨਾਲ, ਮੱਥਾ ਤੇਰਾ ਵੱਡਾ, ਲਿਆ ਲਕੜੀਆਂ ਦਾ ਗੱਡਾ। ਲੋਹੜੀ ਵਾਲੇ ਦਿਨ ਮੁੰਡੇ ਸਵਾਂਗ ਬਣਕੇ ਨੱਚਦੇ-ਨੱਚਦੇ ਵੀ ਲੋਹੜੀ (ਵਧਾਈ) ਮੰਗਦੇ ਹਨ।

ਲੋਹੜੀ ਤੋਂ ਦੂਸਰੇ ਦਿਨ ਮਾਘੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਪੋਹ ਦੇ ਮਹੀਨੇ ਕਾਫੀ ਠੰਢ ਪੈਂਦੀ ਹੈ। ਇਸ ਮਹੀਨੇ ਵਿਚ ਵਿਆਹ ਨਹੀਂ ਕੀਤੇ ਜਾਂਦੇ। ਮਾਘ ਦੇ ਮਹੀਨੇ ਵਿਚ ਸਰਦੀ ਤਾਂ ਹੁੰਦੀ ਹੈ ਪਰ ਵਿਆਹ ਜ਼ਿਆਦਾ ਇਸ ਮਹੀਨੇ ਦੀ ਕੀਤੇ ਜਾਂਦੇ ਹਨ। ਇਸ ਮਹੀਨੇ ਹੀ ਪੁੰਨ ਦਾਨ ਕਰਨਾ, ਖਾਸ ਕਰਕੇ ਲੜਕੀਆਂ ਦੀ ਸ਼ਾਦੀ ਕਰਨਾ, ਉਚਿਤ ਸਮਝਿਆ ਜਾਂਦਾ ਹੈ। ਗ੍ਰਹਿ ਅਤੇ ਨਸ਼ੱਤਰਾਂ ਦੇ ਹਿਸਾਬ ਮਾਘ ਦੇ ਪਹਿਲਾ ਮੰਗਣੀਆਂ, ਮੁਕਲਾਵੇ, ਸ਼ਗੁਨ ਆਦਿ ਲਈ ਸ਼ੁਭ ਸਮਝਿਆ ਜਾਂਦਾ ਹੈ। ਇਸ ਮਹੀਨੇ ਵਿਚ ਨੌਜਵਾਨ ਨੂੰ ਸੰਤੁਲਿਤ ਖ਼ੁਰਾਕ ਖਾਣੀ ਚਾਹੀਦੀ ਹੈ, ਜੋ ਫਾਇਦੇਮੰਦ ਹੁੰਦੀ ਹੈ। ਰਜ਼ਾਈ ਦਾ ਨਿੱਘ, ਗੰਨੇ ਦਾ ਰਸ, ਮੂਲੀਆਂ, ਗਾਜਰਾਂ ਆਦਿ ਖਾਣ ਦਾ ਮਜ਼ਾ ਹੀ ਇਸ ਮਹੀਨੇ ਹੁੰਦਾ ਹੈ। ਪਹੁ ਫੁਟਾਲੇ ਉਠ ਕੇ ਬਾਜਰੇ ਦੀ ਖਿਚੜੀ, ਸਰ੍ਹੋਂ ਦਾ ਸਾਗ, ਜਵਾਰ ਦੀ ਰੋਟੀ ਅਤੇ ਮੱਖਣ ਆਦਿ ਖ਼ਾਣ ਦਾ ਆਪਣਾ ਸੁਆਦ ਹੁੰਦਾ ਹੈ। ਤੇ ਮਾਘੀ ਦਾ ਮੇਲਾ ਪੰਜਾਬ ਵਿਚ ਅਨੇਕਾਂ ਥਾਵਾਂ 'ਤੇ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਖਾਸ ਕਰਕੇ ਲੋਹੜੀ ਦਾ ਤਿਉਹਾਰ ਮੁਕਤਸਰ ਵਿਖੇ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਆਪਣੀ ਬਾਣੀ ਬਾਰਹ ਮਾਹਾ ਵਿਚ ਵੀ ਮਾਘ ਮਹੀਨੇ ਦੀ ਇੰਜ ਉਸਤਿਤ ਕੀਤੀ ਹੈ।

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨਾ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਿਤ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਆ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥

ਸ੍ਰੀ ਕ੍ਰਿਸ਼ਨ ਭਗਵਾਨ ਨੇ ਵੀ ਗੀਤਾ ਦੇ ਅੱਠਵੇਂ ਅਧਿਆਇ ਵਿਚ ਵੀ ਮਾਘ ਮਹੀਨੇ ਦੀ ਉਸਤਤ ਕੀਤੀ ਹੈ। ਦੁਨੀਆਂ ਦੇ ਸਭ ਤੋਂ ਵੱਡੇ ਮੰਨੇ ਜਾਂਦੇ ਧਾਰਮਿਕ ਸਥਾਨ ਪ੍ਰਯਾਗ ਤੀਰਥ ਵਿਖੇ ਸਾਧੂ ਮਹਾਤਮਾ ਲੋਕ ਇਥੇ ਪ੍ਰਕਲਪ ਕਰਦੇ ਹਨ। ਭਾਵ ਕਿ ਇਕ ਮਹੀਨੇ ਤੱਕ ਸਾਧਨਾ ਕਰਦੇ ਹਨ। ਮਾਘ ਮਹੀਨੇ ਤੋਂ ਅਗਲੇ 6 ਮਹੀਨੇ ਤੱਕ ਸਾਧੂ ਮਹਾਤਮਾ ਲੋਕ ਜੋ ਤਪੱਸਿਆ ਕਰਦੇ ਹਨ, ਉਸ ਨੂੰ ਉਤਰਾਇਨਮ ਕਹਿੰਦੇ ਹਨ।

ਲੋਹੜੀ ਦਾ ਤਿਉਹਾਰ ਭਾਰਤ ਵਿਚ ਹੀ ਨਹੀਂ। ਵਿਦੇਸ਼ਾਂ ਵਿਚ ਬੈਠੇ ਪੰਜਾਬੀ ਵੀ ਧੂਮਧਾਮ ਤੇ ਸ਼ਰਧਾ ਨਾਲ ਮਨਾਉਂਦੇ ਹਨ। ਸ਼ਾਲਾ, ਲੋਹੜੀ ਭਾਰਤ ਨੂੰ ਖੁਸ਼ੀਆਂ, ਸ਼ਾਂਤੀ, ਤਰੱਕੀ, ਭਾਈਚਾਰਾ, ਸਦਭਾਵਨਾ ਅਤੇ ਵੱਖ-ਵੱਖ ਧਰਮਾਂ ਦੇ ਖਿੜਦੇ ਤਾਰਿਆਂ ਨੂੰ ਇਕ ਮਾਨਵਤਾ ਦੇ ਅੰਬਰ ਦੇ ਧਾਗੇ ਵਿਚ ਭਰੋਕੇ ਰੱਖੇ। ਜਿਸ 'ਤੇ ਸਾਂਝੀਵਾਲਤਾ ਦੇ ਰਿਸ਼ਤੇ ਦੀ ਖੁਸ਼ਬੂ ਹਮੇਸ਼ਾ-ਹਮੇਸ਼ਾ ਆਉਂਦੀ ਰਹੇ।

*ਲੋਹੜੀ ਮਾਘ ਮਹੀਨੇ ਦੀ ਸੰਗਰਾਂਦ 'ਤੇ ਪਹਿਲੀ ਰਾਤ ਨੂੰ ਮਨਾਈ ਜਾਂਦੀ ਹੈ। ਕਿਸਾਨ ਹਾੜੀ ਦੀਆਂ ਫਸਲਾਂ ਬੀਜ ਦੇ ਵਿਹਲਾ ਹੋ ਚੁੱਕਿਆ ਹੁੰਦਾ ਹੈ ਤੇ ਇਸ ਤਿਉਹਾਰ ਨੂੰ ਚਾਵਾਂ, ਸਧਰਾਂ ਨਾਲ ਮਨਾਉਂਦਾ ਹੈ, ਜਿਸ ਘਰ ਵਿਚ ਲੜਕਾ ਜੰਮਿਆ ਹੋਵੇ, ਉਸ ਦੀ ਸ਼ਗਨਾਂ ਨਾਲ, ਖੁਸ਼ੀਆਂ ਨਾਲ ਲੋਹੜੀ ਪਾਈ ਜਾਂਦੀ ਹੈ। ਬੈਂਡ-ਵਾਜੇ ਵਜਾਏ ਜਾਂਦੇ ਹਨ। ਬਾਜ਼ੀਗਰਨਾ, ਗਲੋਲਨੀਆਂ ਅਤੇ ਭੰਡ ਰਿਸ਼ਤਿਆਂ, ਨਾਤਿਆਂ ਦੇ ਗੀਤ ਅਤੇ ਟੱਪੇ ਆਦਿ ਸੁਣਾ ਕੇ ਹਾਸ ਵਿਅੰਗ ਦੇ ਮਖੌਲ-ਗਾਇਣ ਸੁਣਾ ਕੇ ਆਪਣੀ ਬਣਦੀ ਲੋਹੜੀ (ਵਧਾਈ) ਬਟੋਰ ਕੇ ਲੈ ਜਾਂਦੇ ਹਨ।*

# ਪੰਜਾਬੀ ਜਨ ਜੀਵਨ ਵਿਚ ਲੋਹੜੀ ਦੇ ਵੰਨ-ਸੁਵੰਨੇ ਰੰਗ

ਬਲਜਿੰਦਰ ਮਾਨ
ਹੁਸ਼ਿਆਰਪੁਰ
98150-18947
ਪੰਜਾਬ ਮੇਲ USA





**ਪੋਹ ਮਹੀਨੇ ਦੀ ਆਖਰੀ ਰਾਤ ਨੂੰ ਲੋਹੜੀ ਮੌਕੇ ਆਪਸੀ ਸਾਂਝ ਦੇ ਗੀਤ ਛਿੜਦੇ ਨੇ। ਅੱਤ ਦੀ ਸਰਦੀ ਵਿਚ ਗੁੜ ਤੇ ਤਿਲਾਂ ਦੀ ਗਰਮੀ ਅਤੇ ਧੂਣੀਆਂ ਦਾ ਨਿੱਘ ਹਰ ਕਿਸੇ ਨੂੰ ਗਲਵੱਕੜੀ ਪਾ ਲੈਂਦਾ ਹੈ। ਇਸ ਤਿਉਹਾਰ ਦਾ ਸਿੱਧਾ ਸਬੰਧ ਲੜਕੇ ਦੇ ਜਨਮ ਨਾਲ ਜੁੜਦਾ ਹੈ। ਜਿਸ ਘਰ ਲੜਕਾ ਪੈਦਾ ਹੋਇਆ ਹੁੰਦਾ ਹੈ ਜਾਂ ਜਿਸ ਘਰ ਨਵਾਂ ਵਿਆਹ ਹੋਇਆ ਹੁੰਦਾ ਹੈ। ਉਥੇ ਲੋਹੜੀ ਦੀ ਰੌਣਕ ਦੇਖਿਆ ਹੀ ਬਣਦੀ ਹੈ। ਬੱਚਿਆਂ ਦੀਆਂ ਟੋਲੀਆਂ ਲੋਹੜੀ ਦੇ ਗੀਤ ਗਾਉਂਦੀਆਂ। ਨਵੇਂ ਆਏ ਬਾਲ ਅਤੇ ਉਸਦੇ ਮਾਪਿਆਂ ਲਈ ਦੁਆਵਾਂ ਮੰਗਦੀਆਂ ਹਨ।**

ਲੋਹੜੀ ਸ਼ਬਦ ਤਿਲ+ਰੋੜੀ ਸ਼ਬਦਾਂ ਦੇ ਜੋੜ ਨਾਲ ਬਣਿਆ ਹੈ। ਜੋ ਸਮਾਂ ਪਾ ਕੇ ਤਿਲੋੜੀ ਤੇ ਫਿਰ ਲੋਹੜੀ ਬਣਿਆ। ਕਈ ਥਾਵਾਂ ’ਤੇ ਇਸ ਨੂੰ ਲੋਹੀ ਜਾਂ ਲੋਈ ਵੀ ਕਿਹਾ ਜਾਂਦਾ ਹੈ। ਵੈਦਿਕ ਕਾਲ ਵਿਚ ਲੋਕ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਲਈ ਹਵਨ ਕਰਦੇ ਸਨ। ਹਵਨ ਵਿਚ ਗੁੜ, ਘਿਉ, ਤਿਲ, ਚੌਲ, ਸੁੱਕੇ ਮੇਵੇ ਅਤੇ ਸ਼ਹਿਦ ਆਦਿ ਵਸਤਾਂ ਪਾਈਆਂ ਜਾਂਦੀਆਂ ਸਨ। ਇਕ ਕਥਾ ਅਨੁਸਾਰ ਲੋਹੜੀ ਦੇਵੀ ਨੇ ਇਕ ਰਾਕਸ਼ ਨੂੰ ਮਾਰਿਆ ਸੀ। ਜਿਸਦੀ ਯਾਦ ਵਿਚ ਇਹ ਤਿਉਹਾਰ ਮਨਾਇਆ ਜਾਣ ਲੱਗਾ। ਪੌਰਾਣਿਕ ਕਥਾਵਾਂ ਵਿਚ ਇਸ ਦਾ ਸਬੰਧ ਸਤੀ ਦਹਿਨ ਨਾਲ ਵੀ ਜੋੜਿਆ ਜਾਂਦਾ ਹੈ।

ਲੋਹੜੀ ਦੇ ਤਿਉਹਾਰ ਦੇ ਆਰੰਭ ਬਾਰੇ ਵੱਖੋ-ਵੱਖਰੀਆਂ ਕਹਾਣੀਆਂ ਪ੍ਰਚੱਲਤ ਹਨ। ਆਮ ਤੌਰ ’ਤੇ ਦੁੱਲੇ ਭੱਟੀ ਦੀ ਕਹਾਣੀ ਨਾਲ ਇਸ ਤਿਉਹਾਰ ਦੇ ਆਰੰਭ ਨੂੰ ਮੰਨਿਆ ਗਿਆ ਹੈ। ਇਸ ਗੱਲ ਦਾ ਸਬੂਤ ਇਸ ਗੀਤ ਵਿਚੋਂ ਮਿਲਦਾ ਹੈ;-

ਸੁੰਦਰ ਮੁੰਦਰੀਏ-ਹੋ
ਤੇਰਾ ਕੌਣ ਵਿਚਾਰਾ-ਹੋ
ਦੁੱਲਾ ਭੱਟੀ ਵਾਲਾ-ਹੋ
ਦੁੱਲੇ ਧੀ ਵਿਆਹੀ-ਹੋ
ਸੇਰ ਸ਼ੱਕਰ ਆਈ-ਹੋ
ਕੁੜੀ ਦੇ ਬੋਝੇ ਪਾਈ-ਹੋ
ਕੁੜੀ ਦਾ ਲਾਲ ਪਟਾਕਾ-ਹੋ ...

ਪੋਹ ਮਹੀਨੇ ਦੀ ਆਖਰੀ ਰਾਤ ਨੂੰ ਲੋਹੜੀ ਮੌਕੇ ਆਪਸੀ ਸਾਂਝ ਦੇ ਗੀਤ ਛਿੜਦੇ ਨੇ। ਅੱਤ ਦੀ ਸਰਦੀ ਵਿਚ ਗੁੜ ਤੇ ਤਿਲਾਂ ਦੀ ਗਰਮੀ ਅਤੇ ਧੂਣੀਆਂ ਦਾ ਨਿੱਘ ਹਰ ਕਿਸੇ ਨੂੰ ਗਲਵੱਕੜੀ ਪਾ ਲੈਂਦਾ ਹੈ। ਇਸ ਤਿਉਹਾਰ ਦਾ ਸਿੱਧਾ ਸਬੰਧ ਲੜਕੇ ਦੇ ਜਨਮ ਨਾਲ ਜੁੜਦਾ ਹੈ। ਜਿਸ ਘਰ ਲੜਕਾ ਪੈਦਾ ਹੋਇਆ ਹੁੰਦਾ ਹੈ ਜਾਂ ਜਿਸ ਘਰ ਨਵਾਂ ਵਿਆਹ ਹੋਇਆ ਹੁੰਦਾ ਹੈ। ਉਥੇ ਲੋਹੜੀ ਦੀ ਰੌਣਕ ਦੇਖਿਆ ਹੀ ਬਣਦੀ ਹੈ। ਬੱਚਿਆਂ ਦੀਆਂ ਟੋਲੀਆਂ ਲੋਹੜੀ ਦੇ ਗੀਤ ਗਾਉਂਦੀਆਂ। ਨਵੇਂ ਆਏ ਬਾਲ ਅਤੇ ਉਸਦੇ ਮਾਪਿਆਂ ਲਈ ਦੁਆਵਾਂ ਮੰਗਦੀਆਂ ਹਨ। ਘਰ ਵਾਲੇ ਉਨ੍ਹਾਂ ਨੂੰ ਖੁਸ਼ੀ ਨਾਲ ਗੁੜ, ਦਾਣੇ, ਮੂੰਗਫਲੀ ਆਦਿ ਵੰਡਦੇ ਹਨ।

ਲੋਹੜੀ ਬਈ ਲੋਹੜੀ, ਜੀਵੇ ਤੇਰੀ ਜੋੜੀ
ਦਿਉ ਗੁੜ ਦੀ ਰੋੜੀ ਵਈ ਰੋੜੀ

ਜੇਕਰ ਘਰ ਵਾਲੇ ਲੋਹੜੀ ਪਾਉਣ ਵਿਚ ਦੇਰੀ ਕਰ ਦਿੰਦੇ, ਤਾਂ ਲੜਕੀਆਂ ਇੰਜ ਗਾਉਣ ਲੱਗ ਪੈਂਦੀਆਂ:

ਸਾਡੇ ਪੈਰਾਂ ਹੇਠ ਸਿਲਾਈਆਂ
ਅਸੀਂ ਕਿਹੜੇ ਵੇਲੇ ਦੀ ਆਈਆਂ।
ਕੋਠੀ ਹੇਠ ਚਾਕੂ
ਗੁੜ ਦਵੇ ਮੁੰਡੇ ਦਾ ਬਾਪੂ।
ਕੋਠੀ ਉਤੇ ਕਾਂ
ਗੁੜ ਦੇਵੇ ਮੁੰਡੇ ਦੀ ਮਾਂ।

ਇਸ ਤਰ੍ਹਾਂ ਲੋਹੜੀ ਮੰਗਣ ਵਾਲੇ ਬੱਚੇ ਮੁੰਡੇ ਵਾਲੇ ਘਰਾਂ ਵਿਚ ਜਾਂਦੇ ਅਤੇ ਲੋਹੜੀ ਮੰਗਦੇ।

ਫਿਰ ਵਾਰੀ ਆਉਂਦੀ ਧੂਣੀ ਦੀ। ਸਾਰੇ ਰਿਸ਼ਤੇਦਾਰ ਅਤੇ ਸਾਕ-ਸਬੰਧੀ ਧੂਣੀ ਦੁਆਲੇ ਇਕੱਤਰ ਹੋ ਕੇ ਖੁਸ਼ੀ ਦੇ ਮਹੌਲ ਨੂੰ ਤਿਲ ਅਤੇ ਚੌਲਾਂ ਨਾਲ ਗਰਮਾ ਦਿੰਦੇ। ਸੱਸ, ਨਣਾਨ ਅਤੇ ਦਰਾਣੀਆਂ-ਜਠਾਣੀਆਂ ਇਕੱਠੀਆਂ ਹੋ ਕੇ ਗਿੱਧੇ ਦਾ ਪਿੜ ਵੀ ਧੂਣੀ ਲਾਗੇ ਹੀ ਬੰਨ੍ਹ ਲੈਂਦੀਆਂ ਨੇ। ਇਸ ਮੌਕੇ ਇਹ ਗੀਤ ਵੀ ਗਾਇਆ ਜਾਂਦਾ:-

ਜਿਤਨੇ ਜਠਾਣੀ ਤਿਲ ਸੁਟੇਸੀ
ਉਤਨੇ ਦਰਾਣੀ ਪੁੱਤ ਜਣੇਸੀ।

ਨਵ ਵਿਆਹੀਆਂ ਲੜਕੀਆਂ ਲਈ ਲੋਹੜੀ

ਵਿਆਹੀਆਂ ਲੜਕੀਆਂ ਨੂੰ ਪੇਕਿਆਂ ਵਲੋਂ ਲੋਹੜੀ ਦਾ ਤਿਉਹਾਰ ਦਿੱਤਾ ਜਾਂਦਾ ਹੈ। ਭਾਵ ਇਸ ਮਹੀਨੇ ਪੇਕਿਆਂ ਵਲੋਂ ਪਿੰਨੀਆਂ ਮਠਿਆਈਆਂ ਅਤੇ ਹੋਰ ਲੀੜਾ ਲੱਤਾ ਦਿੱਤਾ ਜਾਂਦਾ ਹੈ। ਇਸ ਮਹੀਨੇ ਭੈਣਾਂ ਨੂੰ ਵੀਰਾਂ ਤੇ ਭਰਜਾਈਆਂ ਦੀ ਉਡੀਕ ਰਹਿੰਦੀ ਹੈ ਕਿ ਉਹਦੇ ਲਈ ਲੋਹੜੀ ਤਿਉਹਾਰ ਲੈ ਕੇ ਆਉਣਗੇ। ਇਸ ਮੌਕੇ ਜਦ ਭੈਣ ਘਰ ਭਾਈ ਪੁੱਜਦਾ ਹੈ, ਤਾਂ ਉਹ ਅਜਿਹਾ ਗੀਤ ਗਾਉਂਦੀ ਹੈ:-

ਲੋਹੜੀ ਦਾ ਮੀਹਨਾ ਚੜ੍ਹਿਆ
ਵੀਰ ਪ੍ਰਾਹੁਣਾ ਆਇਆ
ਲੱਸੀ ਛੱਡ ਮੈਂ ਦੁੱਧ ਪਿਲਾਵਾਂ
ਪੀ ਮੇਰੀ ਅੰਮਾ ਦਾ ਜਾਇਆ...

ਜੇਕਰ ਪੇਕਿਆ ਵਲੋਂ ਤਿਉਹਾਰ ਲੈ ਕੇ ਕੋਈ ਨਾ ਜਾਵੇ, ਤਾਂ ਉਸਦਾ ਨਿਰਾਸ਼ ਹੋਣਾ ਸੁਭਾਵਿਕ ਹੀ ਹੈ। ਕਿਉਂਕਿ ਧੀਆਂ ਨੂੰ ਪੇਕਿਆਂ ਤੇ ਸਭ ਤੋਂ ਵੱਧ ਮਾਣ ਹੁੰਦਾ ਹੈ। ਉਹ ਆਪ ਮੁਹਾਰੇ ਆਖ ਦਿੰਦੀ ਹੈ:-

‘ਕੁਰਸੀ ਮੇਰੇ ਵੀਰ ਦੀ ਥਾਣੇਦਾਰ ਬਰੋਬਰ ਡਹਿੰਦੀ’।

## ਪੋਹ ਰਿੱਧੀ ਮਾਘ ਖਾਧੀ

ਇਸ ਤਰ੍ਹਾਂ ਸਹੁਰੇ ਘਰ ਵਿਚ ਉਸਦੀ ਟੌਹਰ ਬਣੀ ਰਹਿੰਦੀ ਹੈ। ਪਹਿਲੇ ਪਹਿਲ ਤਾਂ ਲੋਹੜੀ ਮੰਗਣਾ ਲੋਹੜੀ ਵਾਲੇ ਦਿਨ ਤੋਂ ਅੱਠ ਦਸ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਸੀ। ਸਮੇਂ ਦੀ ਤੋਰ ਦੇ ਨਾਲ-ਨਾਲ ਸਾਰੇ ਰੀਤੀ-ਰਿਵਾਜ਼ ਬਦਲਦੇ ਜਾ ਰਹੇ ਹਨ। ਲੋਹੜੀ ਦਾ ਮੌਜੂਦਾ ਰੂਪ ਵੀ ਕੁਝ ਅਜਿਹਾ ਹੀ ਬਣ ਗਿਆ ਹੈ। ਅੱਤ ਦੀ ਸਰਦੀ ਕਾਰਨ ਇਸ ਤਿਉਹਾਰ ਦਾ ਸਬੰਧ ਮੌਸਮ ਨਾਲ ਵੀ ਗੂੜ੍ਹਾ ਹੈ। ਇਨ੍ਹਾਂ ਦਿਨਾਂ ਵਿਚ ਖਾਣ-ਪੀਣ ਲਈ ਸੁੱਕੇ ਮੇਵਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਘਰਾਂ ਵਿਚ ਪਿੰਨੀਆਂ ਬਣਾਈਆਂ ਜਾਂਦੀਆਂ ਹਨ, ਜੋ ਆਪਸ ਵਿਚ ਵੰਡ ਕੇ ਪਿਆਰ ਨਾਲ ਖਾਧੀਆ ਜਾਂਦੀਆਂ ਹਨ। ਲੋਹੜੀ ਵਾਲੀ ਰਾਤ ਨੂੰ ਪੋਹ ਮਹੀਨਾ ਹੁੰਦਾ ਹੈ ਤੇ ਅਗਲੀ ਸਵੇਰ ਨੂੰ ਨਵਾਂ ਮਹੀਨਾ ਭਾਵ ਮਾਘ ਚੜ੍ਹ ਪੈਂਦਾ ਹੈ। ਔਰਤਾਂ ਘਰਾਂ ਵਿਚ ਚੁੱਲੇ ਤੇ ਸਾਗ ਧਰਦੀਆਂ ਹਨ, ਜੋ ਲੋਹੜੀ ਵਾਲੀ ਰਾਤ ਨੂੰ ਧਰਿਆ ਜਾਂਦਾ ਹੈ ਪਰ ਖਾਧਾ ਅਗਲੇ ਦਿਨ ਜਾਂਦਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ‘ਪੋਹ ਰਿੱਧੀ ਤੇ ਮਾਘ ਖਾਧੀ’। ਅੱਜਕੱਲ੍ਹ ਦੀਆਂ ਮੁਟਿਆਰਾਂ ਲਈ ਤਾਂ ਇਹ ਇਕ ਬੁਝਾਰਤ ਹੈ। ਜਿਸ ਬਾਰੇ ਬਹੁਤ ਘੱਟ ਲੜਕੀਆਂ ਜਾਣਦੀਆਂ ਹਨ।

## ਅਜੋਕੀ ਲੋਹੜੀ ਦੇ ਵੰਨ-ਸੁਵੰਨੇ ਰੰਗ

ਆਓ ਹੁਣ ਦੇਖੀਏ ਅਜੋਕੇ ਸਮੇਂ ਦੀ ਲੋਹੜੀ ਦਾ ਨਜ਼ਾਰਾ। ਨਾ ਤਾਂ ਬੱਚੇ ਗਲੀਆਂ ਵਿਚ ਫਿਰਦੇ ਦਿਖਾਈ ਦੇ ਰਹੇ ਹਨ ਅਤੇ ਨਾ ਹੀ ਉਹ ਲੋਹੜੀ ਮੰਗਦੇ ਹਨ। ਪਹਿਲਾਂ ਵਾਲਾ ਸਮਾਂ ਕਿਤੇ ਦੂਰ ਨਿਕਲ ਗਿਆ ਹੈ। ਆਪਸੀ ਪਿਆਰ ਮੁਹੱਬਤ ਵੀ ਹੁਣ ਬੀਤੇ ਦੀਆਂ ਕਹਾਣੀਆਂ ਬਣਕੇ ਰਹਿ ਗਿਆ ਹੈ। ਬਸ ਹੁਣ ਤਾਂ ਸਿਰਫ ਇਹ ਗੱਲਾਂ ਖਾਨਾਪੂਰਤੀ ਵਾਂਗ ਲੱਗਣ ਲੱਗ ਪਈਆਂ ਹਨ। ਪਾਥੀਆਂ ਅਤੇ ਬਾਲਣ ਮੰਗ ਕੇ ਧੂਣੀ ਲਾਉਣ ਦਾ ਜ਼ਮਾਨਾ ਤਾਂ ਕਦੋਂ ਦਾ ਲੱਦ ਗਿਆ ਹੈ। ਪਿੰਡਾਂ ਵਿਚ ਵੀ ਬੱਚੇ ਸਿਰਫ ਲੋਹੜੀ ਵਾਲੇ ਦਿਨ ਹੀ ਲੋਹੜੀ ਮੰਗਦੇ ਦਿਖਾਈ ਦਿੰਦੇ ਹਨ। ਉਨ੍ਹਾਂ ਦੀ ਗਿਣਤੀ ਵੀ ਬਹੁਤ ਘੱਟ ਹੋ ਗਈ ਹੈ। ਪੁਰਾਣੇ ਜ਼ਮਾਨੇ ਵੀਹ ਜਾਂ ਪੰਝੀਆਂ ਦੀ ਟੋਲੀ ਲੋਹੜੀ ਮੰਗਣ ਤੁਰਦੀ ਸੀ। ਅੱਜਕੱਲ੍ਹ ਨਾ ਤਾਂ ਐਨੀਆਂ ਟੋਲੀਆਂ ਹਨ ਅਤੇ ਨਾ ਹੀ ਇਨ੍ਹਾਂ ਦੇ ਐਨੇ ਮੈਂਬਰ। ਲੋਹੜੀ ਦਾ ਚਾਅ ਤਾਂ ਸਭ ਨੂੰ ਹੁੰਦਾ ਹੈ ਪਰ ਬਦਲਦੇ ਜ਼ਮਾਨੇ ਨਾਲ ਕਈ ਬੱਚੇ ਲੋਹੜੀ ਮੰਗਣ ਨਹੀਂ ਜਾਂਦੇ। ਇਸਦਾ ਮੁੱਖ ਕਾਰਨ ਸਮਾਜ ਵਿਚ ਆਈ ਆਰਥਿਕ ਤਬਦੀਲੀ ਵੀ ਮੰਨੀ ਜਾ ਸਕਦੀ ਹੈ। ਕੁਝ ਨੂੰ ਆਪਣੀ ਸ਼ਾਨ ਦਾ ਵੀ ਡਰ ਹੈ। ਪਹਿਲੇ ਜ਼ਮਾਨੇ ਵਿਚ ਸ਼ਾਇਦ ਹੀ ਕੋਈ ਬੱਚਾ ਅਜਿਹੀਆਂ ਗੱਲਾਂ ’ਤੇ ਵਿਚਾਰ ਕਰਦਾ ਹੋਵੇਗਾ।

**ਖਤਮ ਹੋ ਰਿਹਾ ਰਿਸ਼ਤਿਆਂ ਦਾ ਨਿੱਘ**

ਸਾਡੇ ਰਿਸ਼ਤੇ ਨਾਤਿਆਂ ਵਿਚੋਂ ਖਤਮ ਹੋ ਰਿਹਾ ਨਿੱਘ ਵੀ ਸਾਨੂੰ ਧੂਣੀਆਂ ’ਤੇ ਇਕੱਠੇ ਹੋਣ ਤੋਂ ਰੋਕ ਲੈਂਦਾ ਹੈ। ਹੁਣ ਇਸ ਖੁਸ਼ੀ ਨੂੰ ਹਰ ਕੋਈ ਨਹੀਂ ਮਾਣਦਾ। ਬਸ ਸਬੰਧਤ ਲੋਕਾਂ ਤੱਕ ਹੀ ਲੋਹੜੀ ਦੇ ਜਸ਼ਨ ਸੀਮਤ ਹੋ ਕੇ ਰਹਿ ਗਏ ਹਨ। ਮੀਡੀਏ ਦੇ ਪ੍ਰਭਾਵ ਕਾਰਨ ਹਰ ਗੱਲ ਤੇ ਹਰ ਕੰਮ ਵਿਚ ਦਿਖਾਵਾ ਆ ਗਿਆ ਹੈ। ਇਸ ਲਈ ਇਸ ਤਿਉਹਾਰ ਨੂੰ ਕਈ ਅਮੀਰਾਂ ਨੇ ਦਿਖਾਵੇ ਦਾ ਸਾਧਨ ਵੀ ਬਣਾ ਲਿਆ ਹੈ। ਇਸੇ ਕਰਕੇ ਅਜੋਕੇ ਸਮੇਂ ਵਿਚ ਲੋਹੜੀ ਵੀ ਇਕ ਦਿਖਾਵੇ ਦਾ ਤਿਉਹਾਰ ਬਣ ਕੇ ਰਹਿ ਗਿਆ ਹੈ। ਜਿਨ੍ਹਾਂ ਅਮੀਰ ਘਰਾਂ ਵਿਚ ਪੁੱਤ ਜੰਮੇ ਹੁੰਦੇ ਨੇ, ਉਹ ਲੱਖਾ ਰੁਪੈ ਲਾਈਟਾਂ, ਡੀ.ਜੇ., ਕਲਾਕਾਰ ਅਤੇ ਹੋਰ ਦਿਖਾਵੇ ਦੇ ਬਾਨਣੂ ਬੰਨਣ ਵਿਚ ਲਾ ਦਿੰਦੇ ਹਨ। ਕਈ ਵਾਰ ਤਾਂ ਸ਼ਰਾਬ ਦਾ ਅਜਿਹਾ ਦੌਰ ਚੱਲਦਾ ਹੈ ਕਿ ਮਾਰ-ਕੁਟਾਈ ਅਤੇ ਗੋਲੀਆਂ ਚੱਲਣ ਤੱਕ ਦੀ ਨੌਬਤ ਆ ਜਾਂਦੀ ਹੈ। ਹਾਲਤ ਇੰਨੀ ਵਿਗੜ ਜਾਂਦੀ ਹੈ ਕਿ ਖੁਸ਼ੀਆਂ ਦੇ ਗੀਤਾਂ ਵਿਚ ਵੈਣ ਵੀ ਪੈਣ ਲੱਗ ਪੈਂਦੇ ਹਨ। ਪੰਜਾਬੀਆਂ ਦਾ ਗੁੱਸਾ ਅਤੇ ਪਿਆਰ ਦੋਨੋਂ ਹੀ ਨਿਰਾਲੇ ਹਨ। ਚਾਅ ਤੇ ਮੁਲ੍ਹਾਰ ਕਰਨਾ ਹਰ ਕਿਸੇ ਦਾ ਹੱਕ ਹੈ ਪਰ ਇਸਦੀ ਬਹੁਲਤਾ ਕਦੀ ਕਿਸੇ ਨੂੰ ਰਾਸ ਨਹੀਂ ਆਉਂਦੀ।

## ਧੀ ਅਤੇ ਪੁੱਤਰ ਬਰਾਬਰ ਹਨ

ਕੋਈ ਜ਼ਮਾਨਾ ਹੁੰਦਾ ਸੀ, ਜਦੋਂ ਧੀ ਦੇ ਜਨਮ ਨੂੰ ਪੱਥਰ ਆਉਣ ਨਾਲ ਤੁਲਨਾਇਆ ਜਾਂਦਾ ਸੀ ਪਰ ਹੁਣ ਜੁਗ ਬਦਲ ਗਿਆ ਹੈ। ਲੜਕੀਆਂ ਨੇ ਆਪਣੇ ਹਿੰਮਤੀ ਤੇ ਸਤਿਕਾਰਯੋਗ ਕਾਰਜਾਂ ਨਾਲ ਸਮਾਜ ਵਿਚ ਬੜਾ ਮਾਣ-ਸਨਮਾਨ ਹਾਸਲ ਕਰ ਲਿਆ ਹੈ। ਉੱਚੇ ਰੁਤਬੇ ਹਾਸਲ ਕਰਨ ਵਾਲੀਆਂ ਔਰਤਾਂ ਧੀ ਦੇ ਜਨਮ ਨੂੰ ਕਦੀ ਮਾੜਾ ਨਹੀਂ ਕਹਿੰਦੀਆਂ, ਸਗੋਂ ਪੁੱਤਰਾਂ ਵਾਂਗ ਹੀ ਲਾਡ ਲਡਾਉਂਦੀਆਂ ਹਨ। ਬਦਲੇ ਜ਼ਮਾਨੇ ਦਾ ਇਹ ਇਕ ਹੋਰ ਖੁਸ਼ਨੁਮਾ ਪਹਿਲੂ ਵੀ ਉਭਰਕੇ ਸਾਹਮਣੇ ਆਇਆ ਹੈ। ਉਹ ਹੈ ਲੜਕੀਆਂ ਦੀ ਲੋਹੜੀ ਵੰਡਣ ਦਾ ਰਿਵਾਜ਼। ਬਹੁਤ ਸਾਰੀਆਂ ਸਮਾਜਿਕ ਜਥੇਬੰਦੀਆਂ ਦੇ ਉੱਦਮ ਨਾਲ ਲੋਕਾਂ ਨੂੰ ਜਾਗ੍ਰਿਤ ਕੀਤਾ ਗਿਆ ਕਿ ਮੁੰਡੇ ਕੁੜੀ ਵਿਚ ਕੋਈ ਅੰਤਰ ਨਹੀਂ। ਇਸ ਲਈ ਅਗਾਂਹਵਧੂ ਸੋਚ ਦੇ ਮਾਲਕ ਲੜਕੀਆਂ ਦੀ ਲੋਹੜੀ ਵੀ ਮੁੰਡਿਆ ਵਾਂਗ ਪਾ ਰਹੇ ਹਨ। ਕਈ ਵਾਰ ਤਾਂ ਇਹ ਵੀ ਦੇਖਣ ਵਿਚ ਆਇਆ ਹੈ ਕਿ ਜਿਸ ਘਰ ਮਾਲਕ ਨੇ ਸਿਰਫ ਧੀ ਦੀ ਹੀ ਦਾਤ ਦਿੱਤੀ ਹੁੰਦੀ ਹੈ ਜਾਂ ਵਡੇਰੀ ਉਮਰ ਵਿਚ ਮਾਲਕ ਦੀ ਕਿਰਪਾ ਹੋਈ ਹੁੰਦੀ ਹੈ। ਉਹ ਧੀ ਦੀ ਲੋਹੜੀ ਨੂੰ ਮੁੰਡਿਆਂ ਨਾਲੋਂ ਵੀ ਕਿਤੇ ਵੱਧ ਚ੍ਹਾਵਾਂ ਤੇ ਮੁਲ੍ਹਾਰਾਂ ਨਾਲ ਪਾਉਂਦੇ ਹਨ। ਜਿਵੇਂ ਇਸ ਗੀਤ ਵਿਚ ਬਿਆਨਿਆ ਹੈ :-

ਮੁੰਡਿਆਂ ਦੇ ਨਾਲ ਲੋਹੜੀ ਧੀਆਂ ਦੀ ਵੀ ਪਾਈਏ
ਆਓ ਸਾਰੇ ਲੋਹੜੀ ਦੀਆਂ ਖੁਸ਼ੀਆਂ ਮਨਾਈਏ।
ਮੁੰਡਿਆਂ ਤੋਂ ਵੱਧ ਧੀਆਂ ਲਾਡ ਨੇ ਲਡਾਉਂਦੀਆਂ
ਸਾਰੇ ਭੁੱਲ ਜਾਣ ਉਹ ਕਦੇ ਨਾ ਭੁਲਾਉਂਦੀਆਂ
ਉੱਚੀ ਅਤੇ ਸੁੱਚੀ ਇਹੋ ਗੀਤ ਅਪਣਾਈਏ
ਮੁੰਡਿਆਂ ਦੇ ਨਾਲ ਲੋਹੜੀ ਦੀਆਂ ਦੀ ਵੀ ਪਾਈਏ।......

## ਲੋੜਵੰਦਾਂ ਨੂੰ ਸ਼ਾਮਲ ਕਰਨਾ

ਜਿਹੜੇ ਲੋਕ ਲੋਹੜੀ ਦੇ ਜਸ਼ਨਾਂ ਵਿਚ ਗਰੀਬ ਗੁਰਬੇ ਨੂੰ ਸ਼ਾਮਲ ਕਰਦੇ ਹਨ, ਉਨ੍ਹਾਂ ਨੂੰ ਵਿਸ਼ੇਸ਼ ਸ਼ਾਬਾਸ਼ ਦਿੱਤੀ ਜਾਣੀ ਬਣਦੀ ਹੈ। ਕਿਉਂਕਿ ਲੋੜਵੰਦਾਂ ਦੀ ਮਦਦ ਕਰਨ ਦਾ ਇਸ ਤੋਂ ਵਧੀਆ ਹੋਰ ਕੋਈ ਮੌਕਾ ਨਹੀਂ ਹੋ ਸਕਦਾ। ਕੁਝ ਲੋਕ ਬੱਚਿਆਂ ਦੀ ਸਹਾਇਤਾ ਲਈ ਪੁੱਤਰਾਂ ਦੀ ਖੁਸ਼ੀ ਮੌਕੇ ਕੁਝ ਬੱਚਿਆਂ ਨੂੰ ਗੋਦ ਲੈ ਕੇ ਪੜ੍ਹਾਈ ਲਿਖਾਈ ਵੀ ਕਰਵਾਉਂਦੇ ਹਨ। ਅਜਿਹੇ ਸਮਾਜ ਭਲਾਈ ਦੇ ਕਾਰਜ ਹਰ ਮਾਂ-ਬਾਪ ਨੂੰ ਕਰਨੇ ਚਾਹੀਦੇ ਹਨ, ਜਿਨ੍ਹਾਂ ਦੇ ਘਰ ਲੋਹੜੀ ਦਾ ਜਸ਼ਨ ਮਨਾਇਆ ਜਾ ਰਿਹਾ ਹੈ। ਆਓ, ਅੱਜ ਇਨ੍ਹਾਂ ਜਸ਼ਨਾਂ ਨੂੰ ਆਧੁਨਿਕਤਾ ਦਾ ਸ਼ਾਨਦਾਰ ਰੂਪ ਪ੍ਰਦਾਨ ਕਰਦੇ ਹੋਏ ਉਨ੍ਹਾਂ ਘਰਾਂ ਵਿਚ ਵੀ ਲੋਹੜੀ ਪਹੁੰਚਾਈਏ, ਜਿਹੜੇ ਇਸ ਸ਼ਗਨ ਨੂੰ ਤਰਸ ਰਹੇ ਨੇ। ਸਮਾਜ ਵਿਚ ਆਈ ਇਸ ਚਾਨਣ ਦੀ ਲੋਅ ਵਿਚ ਹਰ ਭਾਰਤ ਵਾਸੀ ਨੂੰ ਨਹਾਉਣ ਚਾਹੀਦਾ ਹੈ। ਜਦੋਂ ਸਮਾਜ ਦੀ ਮਾਨਸਿਕਤਾ ਵਿਚ ਮੁੰਡੇ-ਕੁੜੀ ਲਈ ਬਰਾਬਰ ਸਤਿਕਾਰ ਹੋ ਜਾਵੇਗਾ, ਫਿਰ ਇਸ ਲੋਹੜੀ ਦਾ ਮਹੱਤਵ ਹੋਰ ਵੀ ਵਧ ਜਾਵੇਗਾ। ਅੱਜ ਸਾਨੂੰ ਸਿਰਫ ਲੜਕੀ ਦੇ ਜਨਮ ’ਤੇ ਹੀ ਲੋਹੜੀ ਦਾ ਜਸ਼ਨ ਨਹੀਂ ਮਨਾਉਣ ਚਾਹੀਦਾ, ਜਦਕਿ ਲੜਕੀ ਦਾ ਵੀ ਉਸ ਦੇ ਬਰਾਬਰ ਚਾਅ ਲਾਡ ਕਰਨਾ ਚਾਹੀਦਾ ਹੈ। ਇਸ ਮੌਕੇ ਲੋਹੜੀ ਦੀ ਮੁਬਾਰਕ ਅਗਾਂਹਵਧੂ ਸੋਚ ਦਾ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਵਿਸ਼ੇਸ਼ ਸਤਿਕਾਰ ਦਿਵਾਉਂਦੀ ਹੈ। ਆਓ, ਆਪਾਂ ਲੋਹੜੀ ਦੀ ਧੂਣੀ ’ਤੇ ਇਕੱਤਰ ਹੋ ਕੇ ਮੁੰਡੇ ਕੁੜੀ ਦੇ ਫਰਕ ਨੂੰ ਭੁਲਾਈਏ ਅਤੇ ਇਕੋ ਜਿਹਾ ਗਿੱਧਾ ਤੇ ਭੰਗੜਾ ਪਾਈਏ ਅਤੇ ਖੁਸ਼ੀਆਂ ਮਨਾਈਏ।

# ਜੇ ਪੰਜਾਬ ਨੇ ਆਪਣੀ ਹੋਂਦ ਨੂੰ ਬਚਾਉਣਾ ਤਾਂ ਅਕਾਲੀਆਂ ਨੂੰ ਇੱਕਠੇ ਹੋਣ ਦੇ ਨਾਲ ਭਾਜਪਾ ਨਾਲੋਂ ਆਪਣਾ ਨਾਤਾ ਵੀ ਤੋੜਨਾ ਪੈਣਾ!!


ਜੰਗ ਸਿੰਘ
ਮਰਸੈੱਡ, ਕੈਲੀਫੋਰਨੀਆ (ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA









ਇਹ ਸਭ ਕੁਝ ਅਸੀਂ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਜਿਸ ਦੀ ਅਗਵਾਈ ਮਰਹੂਮ ਸ. ਪ੍ਰਕਾਸ਼ ਸਿੰਘ ਬਾਦਲ ਕਰਦੇ ਰਹੇ ਸਨ, ਉਸ ਪਾਰਟੀ ਨਾਲ ਵੀ ਇਨ੍ਹਾਂ ਭਾਜਪਾ ਵਾਲਿਆਂ ਨੇ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਉਹ ਹੀ ਪਾਰਟੀ ਹੈ, ਜਿਹੜੀ ਕਿਸੇ ਵੇਲੇ ਪੰਜਾਬ ਦੀ ਖੇਤਰੀ ਪਾਰਟੀ ਹੁੰਦੀ ਸੀ। ਕਾਂਗਰਸ ਤੋਂ ਬਾਅਦ ਜੇਕਰ ਕਿਸੇ ਪਾਰਟੀ ਨੇ ਪੰਜਾਬ ਵਿਚ ਰਾਜ ਕੀਤਾ ਹੈ, ਉਹ ਸ਼੍ਰੋਮਣੀ ਅਕਾਲੀ ਦਲ ਹੀ ਹੈ। ਇਸ ਪਾਰਟੀ ਨੇ ਜਿਸ ਚਲਾਕੀ ਤੇ ਹੁਸ਼ਿਆਰੀ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਕੋਲੋਂ ਪੁੱਠੇ ਕੰਮ ਕਰਾਏ, ਜਿਨ੍ਹਾਂ ਵਿਚ ਬਿਨਾ ਮੁਆਫੀ ਮੰਗੇ ਸਿਰਸਾ ਵਾਲੇ ਸਾਧ ਜਿਸ ਨੇ ਦਸਮ ਪਾਤਸ਼ਾਹ ਵਰਗਾ ਸਰੂਪ ਬਣਾ ਕੇ ਉਨ੍ਹਾਂ ਦੀ ਇਕ ਤਰ੍ਹਾਂ ਨਾਲ ਨਕਲ ਲਾਹੀ ਸੀ, ਮੁਆਫੀ ਦੁਆਈ ਸੀ।

ਜਿਸ ਦੇ ਮਨ ਵਿਚ ਪੰਜਾਬ ਲਈ ਥੋੜ੍ਹਾ ਜਿਹਾ ਵੀ ਦਰਦ ਦਾ ਮਾਦਾ ਹੈ, ਉਸ ਦਾ ਮੰਨਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਜਦੋਂ ਦਾ ਪੰਜਾਬ ਵਿਚ ਸਰਕਾਰ ਬਣਾਉਣ ਲਈ ਭਾਜਪਾ ਨਾਲ ਸਮਝੌਤਾ ਕੀਤਾ। ਇਸ ਨੇ ਸਿਰਫ ਪੰਜਾਬ ਦਾ ਹੀ ਨਹੀਂ ਵਿਗਾੜਿਆ, ਬਲਕਿ ਆਪਣੀ ਪਾਰਟੀ ਦੀ ਹੋਂਦ ਵੀ ਖਤਮ ਕਰਵਾ ਲਈ ਹੈ। ਭਾਜਪਾ ਨੇ ਇਹ ਕੰਮ ਸਿਰਫ ਅਕਾਲੀਆਂ ਨਾਲ ਹੀ ਨਹੀਂ ਕੀਤਾ, ਬਲਕਿ ਭਾਰਤ ਦੀ ਰਾਜਨੀਤੀ 'ਤੇ ਝਾਤ ਮਾਰ ਲਓ। ਭਾਜਪਾ ਨੇ ਜਿਨ੍ਹਾਂ ਪਾਰਟੀਆਂ ਤੇ ਜਿਹੜੇ ਪ੍ਰਾਤਾਂ ਵਿਚ ਭਾਈਵਾਲੀ ਕੀਤੀ, ਨਾਲੇ ਤਾਂ ਉਸ ਪਾਰਟੀ ਨਾਲ ਰਲ ਕੇ ਰਾਜ ਭਾਗ ਦਾ ਖੂਬ ਅਨੰਦ ਵੀ ਮਾਣਿਆ ਤੇ ਬਾਅਦ ਵਿਚ ਉਸ ਪਾਰਟੀ ਦਾ ਖੁਰਾ-ਖੋਜ ਵੀ ਖਤਮ ਕਰ ਦਿੱਤਾ। ਇਹ ਸਭ ਕੁਝ ਅਸੀਂ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਜਿਸ ਦੀ ਅਗਵਾਈ ਮਰਹੂਮ ਸ. ਪ੍ਰਕਾਸ਼ ਸਿੰਘ ਬਾਦਲ ਕਰਦੇ ਰਹੇ ਸਨ, ਉਸ ਪਾਰਟੀ ਨਾਲ ਵੀ ਇਨ੍ਹਾਂ ਭਾਜਪਾ ਵਾਲਿਆਂ ਨੇ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਉਹ ਹੀ ਪਾਰਟੀ ਹੈ, ਜਿਹੜੀ ਕਿਸੇ ਵੇਲੇ ਪੰਜਾਬ ਦੀ ਖੇਤਰੀ ਪਾਰਟੀ ਹੁੰਦੀ ਸੀ। ਕਾਂਗਰਸ ਤੋਂ ਬਾਅਦ ਜੇਕਰ ਕਿਸੇ ਪਾਰਟੀ ਨੇ ਪੰਜਾਬ ਵਿਚ ਰਾਜ ਕੀਤਾ ਹੈ, ਉਹ ਸ਼੍ਰੋਮਣੀ ਅਕਾਲੀ ਦਲ ਹੀ ਹੈ। ਇਸ ਪਾਰਟੀ ਨੇ ਜਿਸ ਚਲਾਕੀ ਤੇ ਹੁਸ਼ਿਆਰੀ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਕੋਲੋਂ ਪੁੱਠੇ ਕੰਮ ਕਰਾਏ, ਜਿਨ੍ਹਾਂ ਵਿਚ ਬਿਨਾ ਮੁਆਫੀ ਮੰਗੇ ਸਿਰਸਾ ਵਾਲੇ ਸਾਧ ਜਿਸ ਨੇ ਦਸਮ ਪਾਤਸ਼ਾਹ ਵਰਗਾ ਸਰੂਪ ਬਣਾ ਕੇ ਉਨ੍ਹਾਂ ਦੀ ਇਕ ਤਰ੍ਹਾਂ ਨਾਲ ਨਕਲ ਲਾਹੀ ਸੀ, ਮੁਆਫੀ ਦੁਆਈ ਸੀ। ਇਹ ਦੱਸਿਆ ਜਾਂਦਾ ਹੈ ਕਿ ਸ. ਪ੍ਰਕਾਸ਼ ਸਿੰਘ ਬਾਦਲ ਜੋ ਉਸ ਵੇਲੇ ਦੇ ਮੁੱਖ ਮੰਤਰੀ ਸਨ, ਉਨ੍ਹਾਂ ਕੋਲੋਂ ਸਰਸੇ ਵਾਲੇ ਸਾਧ ਜਿਸ ਨੇ ਮੁਆਫੀ ਵੀ ਨਹੀਂ ਸੀ ਮੰਗੀ, ਇਕ ਕਾਗਜ਼ ਦੇ ਹਿੰਦੀ ਵਿਚ ਲਿਖੇ ਟੁਕੜੇ ਨਾਮ ਧਰੀਕ ਪੱਤਰ ਰਾਹੀਂ ਮੁਆਫੀ ਦੇਣ ਲਈ ਸਿੱਖ ਪੰਥ ਦੇ ਪੰਜ ਜਥੇਦਾਰਾਂ ਨੂੰ ਇਕ ਕਾਰ ਵਿਚ ਇਕੱਠੇ ਕਰਕੇ ਨਹੀਂ, ਬਲਕਿ ਉਸ ਵਿਚ ਤੂੜ ਕੇ ਆਪਣੀ ਚੰਡੀਗੜ੍ਹ ਸਥਿਤ ਕੋਠੀ ਵਿਚ ਇਕ ਤਰ੍ਹਾਂ ਦਾ ਤਲਬ ਹੀ ਨਹੀਂ ਕੀਤਾ, ਬਲਕਿ ਜਥੇਦਾਰਾਂ ਨੂੰ ਸਖਤ ਆਦੇਸ਼ ਦਿੱਤੇ ਗਏ ਕਿ ਸਾਧ ਨੂੰ ਮੁਆਫੀ ਦਿੱਤੀ ਜਾਵੇ। ਹਾਲਾਂਕਿ ਉਹ ਤਖਤ ਸ੍ਰੀ ਅਕਾਲ ਤੱਖਤ ਅੱਗੇ ਨਾ ਪੇਸ਼ ਹੋਇਆ ਤੇ ਨਾ ਹੀ ਮੁਆਫੀ ਮੰਗੀ। ਅਜਿਹਾ ਕਰਕੇ ਸਿੱਖਾਂ ਦੀ ਸਿਰਮੌਰ ਸੰਸਥਾ ਸ੍ਰੀ ਅਕਾਲ ਤਖਤ ਦਾ ਇਕ ਤਰ੍ਹਾਂ ਦਾ ਅਪਮਾਨ ਕੀਤਾ ਗਿਆ। ਜਿਸ ਦਾ ਸੰਸਾਰ ਭਰ ਵਿਚ ਵਸਦੇ ਸਿੱਖਾਂ ਸਮੇਤ ਪੰਜਾਬ ਦੀਆਂ ਸਾਰੀਆਂ ਜਥੇਬੰਦੀਆਂ ਨੇ ਜ਼ਬਰਦਸਤ ਵਿਰੋਧ ਕਰਨਾ ਸ਼ੁਰੂ ਕੀਤਾ। ਇਸ ਨੂੰ ਸਹੀ ਸਾਬਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੱਖ-ਵੱਖ ਅਖਬਾਰਾਂ ਵਿਚ 90 ਲੱਖ ਤੋਂ ਵਧੇਰੇ ਰੁਪਈਆਂ ਦੇ ਸ਼੍ਰੋਮਣੀ ਕਮੇਟੀ ਕੋਲੋਂ ਇਸ਼ਤਿਹਾਰ ਦੁਆ ਕੇ ਵੀ ਖਰਚਾਏ ਗਏ। ਪਰ ਸਿੱਖ ਜਗਤ ਵਿਚ ਵਿਰੋਧ ਠੱਲਣ ਦਾ ਨਾਂ ਨਹੀਂ ਸੀ ਲੈ ਰਿਹਾ। ਆਖਰ ਮਜਬੂਰ ਹੋ ਕੇ ਪੰਜ ਸਿੰਘ ਸਾਹਿਬਾਨਾਂ ਨੂੰ ਉਹੀ ਹੁਕਮਨਾਮਾ ਵਾਪਿਸ ਲੈਣਾ ਪਿਆ, ਜਿਸ ਨਾਲ ਸਿੱਖ ਪੰਥ ਦੀ ਸਿਰਮੌਰ ਸੰਸਥਾ ਸ੍ਰੀ ਅਕਾਲ ਤਖਤ ਦੇ ਵਜੂਦ ਨੂੰ ਢਾਹ ਲਗਾਈ ਗਈ। ਸੰਸਾਰ ਭਰ ਦਾ ਸਿੱਖ ਜਗਤ ਇਹ ਵੀ ਭਲੀਭਾਂਤ ਜਾਣਦਾ ਹੈ ਕਿ ਇਸੇ ਅਕਾਲੀ-ਭਾਜਪਾ ਰਾਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਅਨੇਕਾਂ ਬੇਅਦਬੀਆਂ ਹੋਈਆਂ ਪਰ ਇਨ੍ਹਾਂ ਬਾਦਲਾਂ ਨੇ ਦੋਸ਼ੀ ਨੂੰ ਜਾਣਦਿਆਂ ਹੋਇਆਂ ਵੀ ਉਨ੍ਹਾਂ ਨੂੰ ਨਾ ਫੜਿਆ। ਹੋਰ ਤਾਂ ਹੋਰ ਬੇਅਦਬੀ ਦਾ ਇਨਸਾਫ ਮੰਗ ਰਿਹੇ ਸਿੱਖਾਂ 'ਤੇ ਤਸ਼ੱਦਦ ਹੀ ਨਹੀਂ ਢਾਹਿਆ, ਬਲਕਿ ਪਾਠ ਕਰ ਰਹੇ ਨਿਹੱਥੇ ਸਿੱਖਾਂ 'ਤੇ ਗੋਲੀਆਂ ਚਲਵਾ ਕੇ ਦੋ ਸਿੱਖ ਨੌਜੁਆਨਾਂ ਨੂੰ ਸ਼ਹੀਦ ਕੀਤਾ ਗਿਆ ਪਰ ਇਨ੍ਹਾਂ ਨੇ ਨਾ ਤਾਂ ਕੋਈ ਦੋਸ਼ੀ ਫੜਿਆ ਤੇ ਨਾ ਹੀ ਕਿਸੇ ਨੂੰ ਸਜ਼ਾ ਦਿੱਤੀ। ਪੰਜਾਬ ਵਿਚ ਭਾਜਪਾ ਦੀ ਡੂੰਘੀ ਸਾਜ਼ਿਸ਼ਾਂ ਕਰਨ ਦੀ ਇਕ ਲੰਮੀ ਤਫਸੀਲ ਦਿੱਤੀ ਜਾ ਸਕਦੀ ਹੈ। ਜਿਸ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਬਾਦਲਾਂ ਦੀ ਅਗਵਾਈ ਵਿਚ ਚੱਲ ਰਹੀ ਸਰਕਾਰ ਨੇ ਸਿੱਖ ਪੰਥ ਵਿਚੋਂ ਆਪਣਾ ਵਕਾਰ ਬਿਲਕੁਲ ਖਤਮ ਕਰ ਲਿਆ। ਹਾਲਾਂਕਿ ਸਿੱਖ ਪੰਥ ਨੇ ਅਕਾਲੀ ਦਲ ਦੇ ਆਗੂ ਬਾਦਲਾਂ ਨੂੰ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਬੜੀਆਂ ਘੱਟ ਸੀਟਾਂ ਦੇ ਕੇ ਅਕਾਲੀ ਦੱਲ ਨੂੰ ਪੰਜਾਬ ਦੀ ਵਿਰੋਧੀ ਧਿਰ ਦੀ ਪਾਰਟੀ ਨਾ ਬਣਾ ਕੇ ਅਗਾਊਂ ਸੂਚਿਤ ਕਰ ਦਿੱਤਾ ਸੀ ਕਿ ਉਹ ਆਪਣੀਆਂ ਪੰਜਾਬ ਤੇ ਸਿੱਖ ਵਿਰੋਧੀ ਨੀਤੀਆਂ ਨੂੰ ਬਦਲੇ ਪਰ ਇਨ੍ਹਾਂ ਨੇ ਫਿਰ ਵੀ ਉਸ ਤੋਂ ਸਬਕ ਨਾ ਲਿਆ। ਆਖਰ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਸਿੱਖ ਪੰਥ ਨੇ ਅਕਾਲੀ ਦਲ ਬਾਦਲ ਨੂੰ ਦਿਲੋਂ ਬੁਰੀ ਤਰ੍ਹਾਂ ਨਕਾਰ ਕੇ ਸਿਰਫ 2 ਸੀਟਾਂ ਹੀ ਦਿੱਤੀਆਂ। ਇਸ ਹਨੇਰੀ ਵਿਚ ਉਹ ਅਕਾਲੀ ਆਗੂ ਹੀ ਜਿੱਤ ਸਕੇ, ਜਿਨ੍ਹਾਂ ਦਾ ਸਿੱਖਾਂ ਵਿਚ ਵਕਾਰ ਚੰਗਾ ਸੀ। ਇਸ ਸਮੇਂ ਇਸ ਪਾਰਟੀ ਦੀ ਇਹ ਹਾਲਤ ਬਣ ਗਈ ਹੈ ਕਿ ਇਸ ਦਾ ਇਕੋ ਇਕ ਉਮੀਦਵਾਰ ਰਹਿ ਗਿਆ ਸ. ਮਨਪ੍ਰੀਤ ਸਿੰਘ ਇਆਲੀ ਹੈ ਤੇ ਉਹ ਵੀ ਇਨ੍ਹਾਂ ਬਾਦਲਾਂ ਦੇ ਅਕਾਲੀ ਦਲ ਤੋਂ ਬਾਗੀ ਹੈ। ਸਿੱਖ ਪੰਥ ਨੇ ਹਮੇਸ਼ਾ ਜਿੱਤ ਦਾ ਸਿਹਰਾ ਸਜਾਉਣ ਵਾਲੇ ਪੰਜ ਵਾਰ ਦੇ ਰਹਿ ਚੁੱਕੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਅੰਤਲੇ ਸਮੇਂ ਵਿਚ ਹਾਰ ਦਾ ਮੂੰਹ ਵਿਖਾ ਦਿੱਤਾ। ਇਸ ਵੇਲੇ ਅਕਾਲੀ ਦਲ ਕਈ ਧੜਿਆਂ ਵਿਚ ਬੁਰੀ ਤਰ੍ਹਾਂ ਖਿੰਡਿਆ ਹੋਇਆ ਹੈ। ਪੰਜਾਬ ਨੂੰ ਬਚਾਉਣਾ ਸਮੇਂ ਦੀ ਵੱਡੀ ਲੋੜ ਹੈ। ਸਿੱਖ ਚਿੰਤਕਾਂ ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਬੜੀ ਵੱਡੀ ਭੁੱਲ ਸੀ ਕਿ ਉਸ ਨੇ ਉਸ ਪਾਰਟੀ ਨਾਲ ਸਮਝੌਤਾ ਕੀਤਾ, ਜਿਹੜੀ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਜਿਸ ਦਾ ਨਾਂ 'ਹਿੰਦੂ ਮਹਾਂ ਸਭਾ' ਹੁੰਦਾ ਸੀ, ਜੋ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵਿਚ 'ਜਨ ਸੰਘ' ਬਣੀ ਤੇ ਅੱਜਕੱਲ੍ਹ 'ਭਾਰਤੀ ਜਨਤਾ ਪਾਰਟੀ' ਕਰਕੇ ਜਾਣੀ ਜਾਂਦੀ ਹੈ। ਇਸ ਵੱਖ-ਵੱਖ ਨਾਂਵਾਂ 'ਤੇ ਚਲਦੀ ਆ ਰਹੀ ਪਾਰਟੀ ਦਾ ਸ਼ੁਰੂ ਤੋਂ ਹੀ ਵਤੀਰਾ ਸਿੱਖਰਾਂ ਦਾ 'ਪੰਜਾਬ ਵਿਰੋਧੀ' ਦੇ ਨਾਲ ਸਿੱਖ ਵਿਰੋਧੀ ਰਿਹਾ ਹੈ। ਅਕਾਲੀ ਦਲ ਦੇ ਆਗੂ ਜਾਣਦੇ ਹੋਏ ਵੀ ਪਤਾ ਨਹੀਂ ਭਾਜਪਾ ਨੂੰ ਕਿਉਂ ਨਹੀਂ ਸਮਝ ਸਕੇ? ਜਾਂ ਫਿਰ ਰਾਜ ਕਾਲ ਦੌਰਾਨ ਧੰਨ ਕਮਾਉਣ ਵਿਚ ਮਸਤ ਰਹੇ ਹਨ। ਇਨਾਂ ਨੂੰ ਨਾ ਪੰਜਾਬ ਦਾ ਫਿਕਰ ਸੀ ਤੇ ਨਾ ਹੀ ਸਿੱਖਾਂ ਦਾ! ਅਕਾਲੀ ਦਲ ਦਾ ਮੁੱਢਲਾ ਇਤਿਹਾਸ ਵੇਖੋ, ਇਸ ਨੇ ਗੁਰੂ ਸਾਹਿਬਾਨ ਦੇ ਫਲਸਫੇ ਮੁਤਾਬਕ ਘੱਟ ਗਿਣਤੀਆਂ ਤੇ ਦਲਿਤਾਂ ਦੇ ਹੱਕਾਂ ਦੀ ਰਾਖੀ ਹੀ ਕੀਤੀ ਹੈ। ਉਨ੍ਹਾਂ ਨਾਲ ਡੱਟ ਕੇ ਖੜ੍ਹੋਂਦੇ ਰਹੇ ਹਨ। ਇਨ੍ਹਾਂ ਨੇ ਬੀਬੀ ਹਰਿਸਿਮਰਤ ਕੌਰ ਨੂੰ ਕੇਂਦਰ ਵਿਚ ਮੰਤਰੀ ਬਣਾਇਆ। ਇਹ ਭਾਜਪਾ ਦੀ ਚਾਪਲੂਸੀ ਹੀ ਕਰਦੇ ਰਹੇ। ਇਨ੍ਹਾਂ ਨੇ ਪੰਜਾਬ ਦੇ ਪਿਛਲੇ ਕਈ ਦਹਾਕਿਆਂ ਤੋਂ ਲਟਕ ਰਹੇ ਮਸਲਿਆਂ ਵਿਚੋਂ ਕਿਸੇ ਇਕ ਮਸਲੇ ਦਾ ਹੱਲ ਨਹੀਂ ਕਰਾਇਆ। ਹੋਰ ਤਾਂ ਹੋਰ, ਮੁਸਲਮਾਨਾਂ ਨਾਲ ਭਾਜਪਾ ਨੇ ਕਈ ਧੱਕੇ ਕੀਤੇ, ਬਾਦਲਾਂ ਦੀ ਪਾਰਟੀ ਨੇ ਉਨ੍ਹਾਂ ਨਾਲ ਖੜਣ ਦੀ ਬਜਾਏ ਧਾਰਾ 370, 35 ਏ ਲਾਗੂ ਕਰਨ ਵਿਚ ਭਾਜਪਾ ਦੀ ਮਦਦ ਕੀਤੀ। ਇਹ ਅਕਾਲੀ ਪਾਰਟੀ ਗੁਰੂ ਸਾਹਿਬਾਨ ਦੇ ਫਲਸਫੇ ਨੂੰ ਬਿਲਕੁਲ ਤਿਲਾਂਜਲੀ ਦੇ ਕੇ ਨਿੱਜੀ ਸੋਚ ਦਾ ਮਾਲਕ ਬਣ ਬੈਠੀ ਹੈ। ਇਸੇ ਕਰਕੇ ਸਿੱਖ ਪੰਥ ਨੇ ਬਾਦਲਾਂ ਦੇ ਅਕਾਲੀ ਦਲ ਨੂੰ ਪੰਜਾਬ ਵਿਚੋਂ ਹਵਾ ਵਿਚ ਕਰ ਦਿੱਤਾ ਹੈ। ਦੇਸ਼ ਦੀ ਕੇਂਦਰੀ ਸਰਕਾਰ 'ਭਾਜਪਾ' ਜਿਸ ਨੂੰ ਆਰ.ਐੱਸ.ਐੱਸ. ਚਲਾ ਰਹੀ ਦੱਸੀ ਜਾਂਦੀ ਹੈ, ਉਸ ਦਾ ਇਕ ਬਹੁਤ ਵਿਸ਼ਾਲ "ਥਿੰਕ ਟੈਂਕ" ਹੈ। ਜਿਸ ਅੱਗੇ ਇਕੋ ਇਕ ਨਿਸ਼ਾਨਾ ਹੈ ਕਿ ਕਿਸ ਤਰ੍ਹਾਂ ਭਾਰਤ ਨੂੰ "ਹਿੰਦੂ ਰਾਸ਼ਟਰ" ਬਣਾਉਣਾ ਹੈ। ਇਸ ਦਾ ਮੁਕਾਬਲਾ ਕਰਨ ਲਈ ਅਕਾਲੀਆਂ ਨੂੰ ਵੀ ਇਕ ਆਪਣਾ ਮਜ਼ਬੂਤ "ਥਿੰਕ ਟੈਂਕ" ਬਣਾਉਣਾ ਪੈਣਾ ਹੈ, ਜਿਸ ਦੇ ਮੈਂਬਰ ਕੁਰਬਾਨੀ ਦੇ ਪੁੱਤਲੇ, ਈਮਾਨਦਾਰ ਤੇ ਨਿਰਸਵਾਰਥ ਹੋਣ, ਉਨ੍ਹਾਂ ਦੇ ਸਾਹਮਣੇ ਇਕੋ ਇਕ ਨਿਸ਼ਾਨਾ ਹੋਵੇ ਕਿ ਪੰਜਾਬ ਵਿਚ ਮੁੜ ਮਜ਼ਬੂਤ 'ਪੰਜਾਬੀਆਂ ਦੀ ਸਰਕਾਰ' ਬਣਾਉਣੀ ਹੈ। ਪਰ ਇਹ ਜਾਣ ਲੈਣਾ ਚਾਹੀਦਾ ਹੈ ਕਿ ਭਾਜਪਾ ਤੇ ਆਰ.ਐੱਸ.ਐੱਸ. ਕਦੇ ਨਹੀਂ ਚਾਹੇਗੀ ਕਿ ਅਕਾਲੀ ਦਲ਼ ਅਜਿਹਾ ਕਰ ਸਕੇ ਕਿਉਂਕਿ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਵਿਚ ਜੇਕਰ ਕੋਈ ਰੁਕਾਵਟ ਹਨ, ਤਾਂ ਉਨ੍ਹਾਂ ਵਿਚ ਸਿੱਖਾਂ ਤੇ ਪੰਜਾਬੀਆਂ ਦਾ ਨਾਂ ਵੀ ਵੱਜਦਾ ਹੈ। ਇਸ ਲਈ ਅਕਾਲੀ ਦਲ ਨੂੰ ਬੜਾ ਚੁਕੰਨਾ ਰਹਿਣਾ ਪਵੇਗਾ ਕਿ ਵਿਰੋਧੀ ਧਿਰ ਦਾ ਕੋਈ ਬੰਦਾ ਬੜੀ ਹੁਸ਼ਿਆਰੀ ਤੇ ਚਲਾਕੀ ਨਾਲ ਅਕਾਲੀਆਂ ਦੇ ਭੇਸ ਵਿਚ 'ਥਿੰਕ ਟੈਂਕ' ਦਾ ਮੈਂਬਰ ਨਾ ਬਣ ਜਾਵੇ। ਨਿਰਸੰਦੇਹ ਇਹ ਕਾਰਜ ਬੜਾ ਔਖਾ ਹੈ ਪਰ ਇਸ ਤੋਂ ਬਿਨਾ ਹੋਰ ਕੋਈ ਚਾਰਾ ਵੀ ਨਹੀਂ ਬਚਿਆ। ਭਾਰਤ ਦੇਸ਼ ਜਿਹੜਾ ਕਿ ਵੱਖ-ਵੱਖ ਤਰ੍ਹਾਂ ਦੇ ਫੁੱਲਾਂ ਦੀ ਖੁਸ਼ਬੋਈ ਵੰਡਦਾ ਇਕ ਸ਼ਾਨਦਾਰ ਗੁਲਦਸਤਾ ਹੈ। ਭਾਜਪਾ ਇਸ ਨੂੰ ਖਤਮ ਕਰਕੇ ਇਕ ਰੰਗ ਦਾ ਬਣਾਉਣਾ ਚਾਹੁੰਦੀ ਹੈ। ਭਾਜਪਾ ਵਾਸਤੇ ਇਹ ਕਾਰਜ ਬੜਾ ਕਠਿਨ ਹੈ ਕਿਉਂਕਿ ਸਾਰਾ ਦੱਖਣ, ਪੰਜਾਬ, ਕਸ਼ਮੀਰ ਤੇ ਦੇਸ਼ ਦਾ ਦਲਿਤ ਵਰਗ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਸਖਤ ਵਿਰੋਧੀ ਹੈ। ਜੇਕਰ ਪੰਜਾਬ ਨੇ ਆਪਣੀ ਹੋਂਦ ਨੂੰ ਬਚਾਉਣਾ ਹੈ, ਤਾਂ ਉਸ ਵਾਸਤੇ ਕੋਈ ਹੋਰ ਰਸਤਾ ਵੀ ਨਹੀਂ ਹੈ। ਇਸ ਲਈ ਸਾਰੇ ਅਕਾਲੀ ਦਲਾਂ ਨੂੰ ਆਪਣੇ ਭਿੰਨ-ਭੇਦ ਮਿਟਾ ਕੇ ਇਕ ਨੀਤੀ ਬਣਾਉਣੀ ਪੈਣੀ ਹੈ। ਇਨ੍ਹਾਂ ਨੂੰ ਦਲਿਤਾਂ ਦੀ ਪਾਰਟੀ ਨਾਲ ਸਾਂਝ ਬਣਾ ਕੇ ਸਮੂਹ ਪੰਜਾਬੀਆਂ ਦੀ ਅਗਵਾਈ ਕਰਕੇ ਪੰਜਾਬ ਵਿਚ ਮਜ਼ਬੂਤ ਖੇਤਰੀ ਪਾਰਟੀ ਬਣਾਉਣ ਲਈ ਆਪਣੇ ਉਪਰਾਲੇ ਜੰਗੀ ਪੱਧਰ 'ਤੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਇਸ ਵਿਚ ਪੰਜਾਬ ਤੇ ਪੰਜਾਬੀਆਂ ਦੀ ਭਲਾਈ ਹੈ।

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA

# ਪੱਤਰਕਾਰਾਂ ਦੀ ਹੱਤਿਆ ਪ੍ਰੈੱਸ ਦੀ ਆਜ਼ਾਦੀ ਲਈ ਖਤਰਾ




**ਜਿਹੜੇ ਪੱਤਰਕਾਰ, ਮੀਡੀਆ ਕਰਮੀ 2025 ਵਿਚ ਮਾਰ ਦਿੱਤੇ ਗਏ ਜਾਂ ਦੁਰਘਟਨਾਵਾਂ ਦੀ ਬਲੀ ਚੜ੍ਹਾ ਦਿੱਤੇ ਗਏ, ਉਨ੍ਹਾਂ ਪੱਤਰਕਾਰਾਂ ਵਿਚ 10 ਔਰਤ ਪੱਤਰਕਾਰ ਵੀ ਸ਼ਾਮਲ ਹਨ। 128 ਪੱਤਰਕਾਰਾਂ ਵਿਚੋਂ 9 ਦੀ ਮੌਤ ਨੂੰ ਸੜਕੀ ਦੁਰਘਟਨਾ ਕਰਾਰ ਦਿੱਤਾ ਗਿਆ। ਫ਼ਲਸਤੀਨ ਉਹ ਦੇਸ਼ ਬਣ ਕੇ ਉਭਰਿਆ ਹੈ, ਜਿੱਥੇ ਕੁੱਲ ਮਾਰੇ ਗਏ ਪੱਤਰਕਾਰਾਂ ਵਿਚੋਂ 44 ਫ਼ੀਸਦੀ ਦੀ ਹੱਤਿਆ ਹੋਈ।**

ਇੱਕੋ ਸਾਲ 2025 ਵਿਚ 128 ਪੱਤਰਕਾਰਾਂ ਦਾ ਮਾਰਿਆ ਜਾਣਾ ਸਿਰਫ਼ ਇੱਕ ਵਿਸ਼ਵ ਪੱਧਰੀ ਅੰਕੜਾ ਨਹੀਂ ਹੈ, ਸਗੋਂ ਦਿਲ ਕੰਬਾਊਂ ਇੱਕ ਇਹੋ ਜਿਹਾ ਵਰਤਾਰਾ ਹੈ, ਜੋ ਮਨੁੱਖੀ ਅਧਿਕਾਰਾਂ ਸੰਬੰਧੀ ਵੱਡੇ ਸਵਾਲ ਖੜ੍ਹੇ ਕਰ ਰਿਹਾ ਹੈ। ਇਹ ਪੱਤਰਕਾਰ ਸਿਰਫ਼ ਇਸ ਕਰਕੇ ਦੁਨੀਆਂ ਤੋਂ ਰੁਖ਼ਸਤ ਕਰ ਦਿੱਤੇ ਗਏ ਕਿ ਉਹ ਆਪਣੀ ਡਿਊਟੀ ਨਿਭਾਅ ਰਹੇ ਸਨ, ਸੱਚੀਆਂ ਘਟਨਾਵਾਂ ਨੂੰ ਜੱਗ ਜ਼ਾਹਰ ਕਰ ਰਹੇ ਸਨ। ਕੀ ਇਹ ਇਨਸਾਫ਼ ਦਾ ਗਲਾ ਘੁੱਟਣ ਦੇ ਸਮਾਨ ਨਹੀਂ? ਕੀ ਇਹ ਪ੍ਰੈੱਸ ਦੀ ਆਜ਼ਾਦੀ ਲਈ ਵੱਡਾ ਖ਼ਤਰਾ ਨਹੀਂ?

ਨਿੱਤ-ਦਿਹਾੜੇ ਇਨਸਾਫ਼ ਮੰਗਦੇ ਲੋਕਾਂ 'ਤੇ ਸਮੇਂ ਦੇ ਹਾਕਮ ਅੱਤਿਆਚਾਰ ਕਰਦੇ ਹਨ। ਲਾਠੀਆਂ ਤੇ ਗੋਲੀਆਂ ਦਾ ਮੀਂਹ ਵਰ੍ਹਾਉਂਦੇ ਹਨ, ਉਨ੍ਹਾਂ ਨੂੰ ਜੇਲ੍ਹਾਂ ਵਿਚ ਤੁੰਨਦੇ ਹਨ, ਬੁਲਡੋਜ਼ਰ ਨੀਤੀ ਨਾਲ਼ ਲੋਕਾਂ ਦੇ ਘਰ ਢਾਹੁੰਦੇ ਹਨ, ਨਫ਼ਰਤ ਦੀ ਅੱਗ ਫੈਲਾਉਂਦੇ ਤੇ ਧਰਮ ਦੇ ਨਾਂ 'ਤੇ ਦੰਗੇ-ਫਸਾਦ ਕਰਵਾਉਂਦੇ ਹਨ ਅਤੇ ਆਪਣੇ ਹਿੱਤਾਂ ਲਈ ਲੋਕਾਂ ਨੂੰ ਜੰਗਾਂ ਵਿਚ ਧੱਕਦੇ ਹਨ।

ਇਹੋ-ਜਿਹੀਆਂ ਘਟਨਾਵਾਂ ਨੂੰ ਪੱਤਰਕਾਰ ਭਾਈਚਾਰਾ ਤੱਥਾਂ ਸਮੇਤ ਲੋਕਾਂ ਸਾਹਮਣੇ ਲਿਆਉਂਦਾ ਹੈ। ਪਰ ਜਦੋਂ ਇਨ੍ਹਾਂ ਘਟਨਾਵਾਂ ਪਿੱਛੇ ਲੁਕਿਆ ਸੱਚ ਜਨਤਾ ਸਾਹਮਣੇ ਲਿਆਂਦਾ ਜਾਂਦਾ ਹੈ, ਤਾਂ ਹਾਕਮਾਂ ਨੂੰ ਆਪਣੀ ਗੱਦੀ ਡੋਲਦੀ ਨਜ਼ਰ ਆਉਂਦੀ ਹੈ।

31 ਦਸੰਬਰ 2025 ਨੂੰ ਇੰਟਰਨੈਸ਼ਨਲ ਫੈਡਰੇਸ਼ਨ ਆਫ਼ ਜਰਨਲਿਸਟਸ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਲੂ ਕੰਡੇ ਖੜ੍ਹੇ ਕਰਨ ਵਾਲੀ ਹੈ। ਪਿਛਲੇ ਸਾਲ ਮਿਡਲ ਈਸਟ ਅਤੇ ਅਰਬ ਜਗਤ ਵਿਚ 74, ਏਸ਼ੀਆ-ਪੈਸਿਫ਼ਿਕ ਵਿਚ 15, ਯੂਰਪ ਵਿਚ 10, ਅਫ਼ਰੀਕਾ ਵਿਚ 18 ਅਤੇ ਅਮਰੀਕਾ ਰੀਜਨ ਵਿਚ 11 ਪੱਤਰਕਾਰ ਬੇਰਹਿਮੀ ਨਾਲ਼ ਬਲੀ ਚੜ੍ਹਾ ਦਿੱਤੇ ਗਏ, ਕਤਲ ਕਰ ਦਿੱਤੇ ਗਏ।

ਇਸ ਸੰਸਥਾ ਨੇ 1990 ਤੋਂ ਹੁਣ ਤੱਕ ਦੀ ਵਰ੍ਹੇਵਾਰ ਰਿਪੋਰਟ 'ਚ ਦੱਸਿਆ ਹੈ ਕਿ ਵਿਸ਼ਵ ਭਰ ਵਿਚ 3173 ਪੱਤਰਕਾਰ, ਔਸਤਨ 91 ਪੱਤਰਕਾਰ ਹਰ ਵਰ੍ਹੇ; ਪਰ ਪਿਛਲੇ ਦਸ ਸਾਲਾਂ ਵਿਚ ਹੀ 876 ਪੱਤਰਕਾਰਾਂ ਨੂੰ ਮਾਰ ਦਿੱਤਾ ਗਿਆ। ਫੈਡਰੇਸ਼ਨ ਨੇ 533 ਉਨ੍ਹਾਂ ਪੱਤਰਕਾਰਾਂ ਦੀ ਵਿਸ਼ਵ ਪੱਧਰੀ ਰਿਪੋਰਟ ਵੀ ਜਾਰੀ ਕੀਤੀ ਹੈ, ਜਿਹੜੇ ਅੱਜ ਵੀ ਵਿਸ਼ਵ ਭਰ ਦੀਆਂ ਜੇਲ੍ਹਾਂ ਵਿਚ ਕੈਦ ਹਨ। ਚੀਨ ਅਤੇ ਮਿਡਲ ਈਸਟ-ਅਰਬ ਜਗਤ ਵਿਚ ਇਨ੍ਹਾਂ ਪੱਤਰਕਾਰਾਂ ਦੀ ਗਿਣਤੀ ਸਭ ਤੋਂ ਵੱਧ ਹੈ।

ਜਿਹੜੇ ਪੱਤਰਕਾਰ, ਮੀਡੀਆ ਕਰਮੀ 2025 ਵਿਚ ਮਾਰ ਦਿੱਤੇ ਗਏ ਜਾਂ ਦੁਰਘਟਨਾਵਾਂ ਦੀ ਬਲੀ ਚੜ੍ਹਾ ਦਿੱਤੇ ਗਏ, ਉਨ੍ਹਾਂ ਪੱਤਰਕਾਰਾਂ ਵਿਚ 10 ਔਰਤ ਪੱਤਰਕਾਰ ਵੀ ਸ਼ਾਮਲ ਹਨ। 128 ਪੱਤਰਕਾਰਾਂ ਵਿਚੋਂ 9 ਦੀ ਮੌਤ ਨੂੰ ਸੜਕੀ ਦੁਰਘਟਨਾ ਕਰਾਰ ਦਿੱਤਾ ਗਿਆ। ਫ਼ਲਸਤੀਨ ਉਹ ਦੇਸ਼ ਬਣ ਕੇ ਉਭਰਿਆ ਹੈ, ਜਿੱਥੇ ਕੁੱਲ ਮਾਰੇ ਗਏ ਪੱਤਰਕਾਰਾਂ ਵਿਚੋਂ 44 ਫ਼ੀਸਦੀ ਦੀ ਹੱਤਿਆ ਹੋਈ।

ਵਿਸ਼ਵ ਭਰ ਦੇ ਲੋਕ-ਹਿਤੈਸ਼ੀ ਪੱਤਰਕਾਰਾਂ ਸਾਹਮਣੇ ਵੱਡੀਆਂ ਚੁਣੌਤੀਆਂ ਰਹਿੰਦੀਆਂ ਹਨ। ਉਹ ਭੈੜੀਆਂ ਮੌਸਮੀ ਹਾਲਤਾਂ, ਜੰਗ ਦੇ ਮੈਦਾਨਾਂ ਅਤੇ ਦੰਗਿਆਂ ਵਿਚਕਾਰ ਕੰਮ ਕਰਦੇ ਨਜ਼ਰ ਆਉਂਦੇ ਹਨ। ਇਹ ਪੱਤਰਕਾਰ ਆਮ ਲੋਕਾਂ ਦੇ ਦੁੱਖਾਂ-ਦਰਦਾਂ, ਮਨੁੱਖੀ ਅਧਿਕਾਰਾਂ, ਮਜ਼ਦੂਰਾਂ ਦੇ ਹੱਕਾਂ ਅਤੇ ਤਰਕਸ਼ੀਲ ਸਮਾਜ ਦੀ ਉਸਾਰੀ ਲਈ ਦਿਨ-ਰਾਤ ਕੰਮ ਕਰਦੇ ਹਨ ਅਤੇ ਕਈ ਵਾਰ ਆਪਣੀ ਜਾਨ ਤੱਕ ਵਾਰ ਦਿੰਦੇ ਹਨ।

ਜਿਨ੍ਹਾਂ ਸਥਿਤੀਆਂ ਵਿਚ ਉਹ ਕੰਮ ਕਰਦੇ ਹਨ, ਉਹ ਬੇਹੱਦ ਜ਼ੋਖ਼ਮ ਭਰੀਆਂ ਹੁੰਦੀਆਂ ਹਨ। ਹਰ ਕੁਰਬਾਨੀ ਦਾ ਜਜ਼ਬਾ ਤਾਂ ਉਨ੍ਹਾਂ ਦੇ ਮਨਾਂ ਵਿਚ ਹੁੰਦਾ ਹੀ ਹੈ, ਉਹ ਲੋਕਾਂ ਲਈ ਰਾਹ ਦਿਖਾਵੇ ਵੀ ਬਣਦੇ ਹਨ। ਪਰ ਇਹ ਸਾਰੀਆਂ ਗੱਲਾਂ ਉਨ੍ਹਾਂ ਹਾਕਮਾਂ ਨੂੰ ਪਸੰਦ ਨਹੀਂ, ਉਨ੍ਹਾਂ ਨੂੰ ਨਹੀਂ ਭਾਉਂਦੀਆਂ, ਜਿਹੜੇ ਸਮਾਜ ਵਿਚ ਅੰਨ੍ਹੇਰਾ ਪੈਦਾ ਕਰਕੇ ਲੋਕਾਂ ਨੂੰ ਭਰਮਜਾਲ ਅਤੇ ਅਨਪੜ੍ਹਤਾ ਵਿਚ ਰੱਖ ਕੇ ਆਪਣੀਆਂ ਸ਼ਾਤਰ ਚਾਲਾਂ ਨਾਲ਼ ਰਾਜ ਕਰਨ ਦੇ ਅਧਿਕਾਰੀ ਬਣੇ ਰਹਿਣਾ ਚਾਹੁੰਦੇ ਹਨ। ਉਨ੍ਹਾਂ ਨੂੰ ਅਸਲੋਂ ਸਮਾਜ ਵਿਚ ਚਾਨਣ ਪਸੰਦ ਨਹੀਂ ਹੁੰਦਾ, ਇਸੇ ਲਈ ਉਹ ਪਰੇਸ਼ਾਨ ਹਨ, ਉਨ੍ਹਾਂ ਦੇ ਢਕੇ ਪਰਦੇ ਉੱਧੜ ਰਹੇ ਹਨ। ਉਨ੍ਹਾਂ ਵੱਲੋਂ ਸੱਚ ਉਜਾਗਰ ਕਰਨ ਵਾਲੀਆਂ ਰਿਪੋਰਟਾਂ ਦਬਾਉਣ ਲਈ ਜਤਨ ਹੋ ਰਹੇ ਹਨ।

ਫ਼ਰੀ ਸਪੀਚ ਕੁਲੈਕਟਿਵ ਦੀ ਛਾਪੀ ਇੱਕ ਰਿਪੋਰਟ ਪ੍ਰੈੱਸ ਦੀ ਆਜ਼ਾਦੀ ਦੇ ਭਰਮ ਖੋਲ੍ਹਦੀ ਹੈ। ਸਾਲ 2025 ਵਿਚ ਭਾਰਤ ਵਿਚ ਬੋਲਣ ਦੀ ਆਜ਼ਾਦੀ ਦੀ ਉਲੰਘਣਾ ਤਹਿਤ 14,875 ਮਾਮਲੇ ਦਰਜ ਕੀਤੇ ਗਏ, ਜਿਨ੍ਹਾਂ ਵਿਚੋਂ 11,785 ਮਾਮਲੇ ਪੱਤਰਕਾਰਾਂ, ਸੋਸ਼ਲ ਮੀਡੀਆ ਇਨਫਲੂਐਂਸਰਾਂ ਅਤੇ ਇੰਟਰਨੈੱਟ ਉਪਭੋਗਤਾਵਾਂ ਨਾਲ਼ ਸੰਬੰਧਿਤ ਹਨ। ਇਹ ਮਾਮਲੇ ਸਿਰਫ਼ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਹੀ ਨਹੀਂ, ਸਗੋਂ ਗ਼ੈਰ-ਭਾਜਪਾ ਸਰਕਾਰਾਂ ਵੱਲੋਂ ਵੀ ਦਰਜ ਕੀਤੇ ਗਏ।

ਪੰਜਾਬ ਵਿਚ ਵੀ ਗ਼ੈਰ-ਪ੍ਰਮਾਣਿਤ ਸਮੱਗਰੀ ਅਤੇ ਗ਼ਲਤ ਜਾਣਕਾਰੀ ਸਾਂਝੀ ਕਰਨ ਦੇ ਦੋਸ਼ ਹੇਠ ਪੱਤਰਕਾਰਾਂ ਖ਼ਿਲਾਫ਼ ਐੱਫ਼.ਆਈ.ਆਰਜ਼ ਦਰਜ ਹੋਈਆਂ। ਪੰਜਾਬ 'ਚ 10 ਵਿਅਕਤੀਆਂ ਜਿਨ੍ਹਾਂ ਵਿਚ 9 ਪੱਤਰਕਾਰ ਹਨ, ਵਿਰੁੱਧ ਗ਼ੈਰ-ਪ੍ਰਮਾਣਿਤ ਸਮੱਗਰੀ ਅਤੇ ਗ਼ਲਤ ਸੂਚਨਾ ਸਾਂਝੀ ਕਰਨ ਦੇ ਦੋਸ਼ ਹੇਠ ਐੱਫ਼.ਆਈ.ਆਰ. ਦਰਜ ਕੀਤੀ ਗਈ ਹੈ।

ਇਨ੍ਹਾਂ ਪੱਤਰਕਾਰਾਂ ਨੇ ਜਾਣਕਾਰੀ ਸਾਂਝੀ ਕੀਤੀ ਸੀ ਕਿ ਪਹਿਲੀ ਤੋਂ 10 ਦਸੰਬਰ ਤੱਕ ਮੁੱਖ ਮੰਤਰੀ ਭਗਵੰਤ ਮਾਨ ਜਪਾਨ ਦੌਰੇ 'ਤੇ ਸਨ, ਪਰ ਉਨ੍ਹਾਂ ਦੇ ਗ਼ੈਰ ਹਾਜ਼ਰੀ 'ਤੇ ਵੀ ਹੈਲੀਕਾਪਟਰ ਦੀ ਇੱਥੇ ਵਰਤੋਂ ਹੁੰਦੀ ਰਹੀ।

ਅਸਲ ਵਿਚ ਇਹ ਸਰਕਾਰੀ ਕਾਰਵਾਈ ਆਜ਼ਾਦ ਕਲਮ ਦੀ ਹੱਤਿਆ ਦੇ ਬਰਾਬਰ ਹੈ। ਭਾਵੇਂ ਕਿ ਵੱਖੋ-ਵੱਖਰੇ ਦੇਸ਼ਾਂ ਦੇ ਸੰਵਿਧਾਨ, ਨਿਯਮ, ਪ੍ਰੈੱਸ ਨੂੰ ਬੋਲਣ, ਲਿਖਣ ਅਤੇ ਆਪਣੇ ਵਿਚਾਰ ਦੇਣ ਦੀ ਆਜ਼ਾਦੀ ਦਿੰਦੇ ਹਨ। ਉਨ੍ਹਾਂ ਦੀਆਂ ਲਿਖਤਾਂ, ਛਪਾਈ, ਆਡੀਓ, ਵੀਡੀਓ ਮਧਿਅਮਾਂ ਜਾਂ ਕਿਸੇ ਹੋਰ ਮਧਿਅਮ ਰਾਹੀਂ ਵਿਚਾਰਾਂ ਨੂੰ ਪ੍ਰਗਟਾਉਣ ਦਾ ਹੱਕ ਦਿੰਦੇ ਹਨ, ਪਰ ਜਦੋਂ ਇਸ ਅਧਿਕਾਰ ਉੱਤੇ ਵਾਜਬ ਪਾਬੰਦੀਆਂ ਜੜ੍ਹ ਦਿੱਤੀਆਂ ਜਾਂਦੀਆਂ ਹਨ ਅਤੇ ਜਦੋਂ ਪੱਤਰਕਾਰ ਇਹ ਪਾਬੰਦੀਆਂ ਤੋੜਦਾ ਹੈ, ਉਹ ਹਾਕਮਾਂ, ਮਾਫੀਏ ਦੇ ਗੁੱਸੇ ਦਾ ਸ਼ਿਕਾਰ ਹੋ ਜਾਂਦੇ ਹਨ।

ਪੰਜਾਬ 'ਚ ਅੱਤਵਾਦ ਦੇ ਦਿਨਾਂ 'ਚ ਇਨ੍ਹਾਂ ਪੱਤਰਕਾਰਾਂ ਨੂੰ ਦੋਹਾਂ ਪਾਸਿਆਂ ਤੋਂ ਖ਼ਤਰਾ ਰਿਹਾ ਅਤੇ ਹੁਣ ਵੀ ਨਕਸਲ ਖਿੱਤਿਆਂ 'ਚ ਹੋ ਰਹੇ ਸੰਘਰਸ਼ 'ਚ ਇਹ ਖ਼ਤਰਾ ਦਿੱਸਦਾ ਹੈ।

ਇਸ ਕਿਸਮ ਦਾ ਖ਼ਤਰਾ ਉਦੋਂ ਹੋਰ ਵੀ ਵੱਧ ਜਾਂਦਾ ਹੈ, ਜਦੋਂ ਸ਼ਰੇਆਮ ਪੱਤਰਕਾਰਾਂ ਨੂੰ ਧਮਕੀਆਂ ਅਤੇ ਉਹ ਵੀ ਅਜੀਬ ਕਿਸਮ ਦੀਆਂ ਧਮਕੀਆਂ ਮਿਲਦੀਆਂ ਹਨ। ਤੇਲਗੂ ਦੇਸ਼ਮ ਦੇ ਵਿਧਾਇਕ ਗੁਮਾਨੂਰ ਜੈ ਰਾਮ ਵੱਲੋਂ ਦਿੱਤੀ ਪੱਤਰਕਾਰਾਂ ਲਈ ਧਮਕੀ ਅਸਾਧਾਰਨ ਹੈ। ਪੜ੍ਹੋ "ਜੇਕਰ ਪੱਤਰਕਾਰ ਉਨ੍ਹਾਂ ਬਾਰੇ ਗ਼ਲਤ ਜਾਣਕਾਰੀ ਪ੍ਰਕਾਸ਼ਿਤ ਕਰਨਗੇ, ਤਾਂ ਉਹ ਉਨ੍ਹਾਂ ਨੂੰ ਰੇਲ ਦੀਆਂ ਪੱਟੜੀਆਂ 'ਤੇ ਸਵਾਉਣਗੇ"।

ਇਹੋ ਜਿਹੇ ਹਾਲਾਤਾਂ ਵਿਚ ਪੱਤਰਕਾਰਾਂ ਲਈ ਰਿਪੋਰਟਿੰਗ ਦਾ ਖ਼ਤਰਾ ਵੱਡਾ ਹੈ। ਇਹ ਖ਼ਤਰਾ ਸਿਰਫ਼ ਜਿਸਮਾਨੀ ਹੀ ਨਹੀਂ ਹੈ, ਮਾਨਸਿਕ ਵੀ ਹੈ। ਡਿਜ਼ੀਟਲ ਵੀ ਹੈ, ਕਾਨੂੰਨੀ ਵੀ ਹੈ ਅਤੇ ਧਮਕੀਆਂ ਭਰਪੂਰ ਵੀ ਹੈ। ਯੂਨੈਸਕੋ ਦੀ ਇੱਕ ਰਿਪੋਰਟ ਅਨੁਸਾਰ 2018 ਤੋਂ ਹੁਣ ਤੱਕ ਲੈਤਿਨ ਅਮਰੀਕਾ ਅਤੇ ਕੈਰਬੀਅਨ ਦੇ ਦੇਸ਼ਾਂ ਦੇ 900 ਪੱਤਰਕਾਰਾਂ ਨੂੰ ਦੇਸ਼ ਨਿਕਾਲਾ ਸਿਰਫ਼ ਇਸ ਕਰਕੇ ਮਿਲਿਆ ਕਿ ਉਹ ਲੋਕ-ਹਿੱਤ 'ਚ ਰਿਪੋਰਟਿੰਗ ਕਰਦੇ ਸਨ।

ਅੱਜ ਦੁਨੀਆਂ ਵਿਚ ਖੋਜੀ ਪੱਤਰਕਾਰਤਾ ਲਈ ਖ਼ਤਰੇ ਵਧੇਰੇ ਹਨ। ਦੁਨੀਆਂ ਭਰ ਵਿਚ ਆਜ਼ਾਦ ਪੱਤਰਕਾਰਤਾ, ਲੋਕਤੰਤਰ, ਮਾਨਵ ਅਧਿਕਾਰਾਂ ਅਤੇ ਨਾਗਰਿਕ ਸਮਾਜ ਦੇ ਖ਼ਿਲਾਫ਼ ਕਈ ਤਰ੍ਹਾਂ ਦੇ ਹਮਲੇ ਦੇਖੇ ਜਾ ਰਹੇ ਹਨ। ਇਹ ਹਮਲੇ ਉਸ ਵੇਲੇ ਹੋਰ ਵੀ ਵੱਧ ਗਏ ਹਨ, ਜਦੋਂ ਤੋਂ ਕੁਲੀਨ ਵਰਗ ਸੱਤਾ ਦੀ ਦੁਰਵਰਤੋਂ ਵਧੇਰੇ ਕਰ ਰਿਹਾ ਹੈ। ਪਰ ਬਾਵਜੂਦ ਇਸ ਸਭ ਕੁਝ ਦੇ ਖੋਜੀ ਪੱਤਰਕਾਰਤਾ ਦਾ ਵਿਸਥਾਰ ਹੋ ਰਿਹਾ ਹੈ ਅਤੇ ਪੱਤਰਕਾਰ ਲਗਾਤਾਰ ਚੈਲਿੰਜ ਕਬੂਲ ਕਰ ਰਹੇ ਹਨ।

ਪੁਲਿਸ ਅਤੇ ਸਰਕਾਰੀ ਸੁਰੱਖਿਆ ਬਲਾਂ ਦਾ ਦਬਾਅ ਪੱਤਰਕਾਰਤਾ 'ਤੇ ਵੱਧ ਹੈ। ਪੱਤਰਕਾਰ ਗੌਰੀ ਲੰਕੇਸ਼ ਦੀ ਭਾਰਤ ਦੇ ਸ਼ਹਿਰ ਬੰਗਲੌਰ 'ਚ ਹੱਤਿਆ ਨਾਲ ਦੇਸ਼, ਦੁਨੀਆਂ 'ਚ ਲੱਖਾਂ ਲੋਕਾਂ ਨੂੰ ਗਹਿਰਾ ਸਦਮਾ ਪੁੱਜਿਆ। ਜਦੋਂ ਉਨ੍ਹਾਂ ਦੀ ਹੱਤਿਆ ਦੀ ਖ਼ਬਰ ਪ੍ਰਕਾਸ਼ਤ ਹੋਈ, ਤਾਂ ਪੂਰਾ ਦੇਸ਼ ਤ੍ਰਬਕ ਉੱਠਿਆ। ਉਨ੍ਹਾਂ ਦੇ ਕਾਤਲਾਂ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ ਹੋਏ। ਭਾਰਤ ਸਰਕਾਰ ਨੂੰ ਵੀ ਸ਼ਰਮਿੰਦਗੀ ਉਠਾਉਣੀ ਪਈ।

ਸਿਰਫ਼ ਇਹ ਨਹੀਂ ਕਿ ਰਾਸ਼ਟਰੀ ਪੱਧਰ 'ਤੇ ਵੱਡੀਆਂ ਅਖ਼ਬਾਰਾਂ ਵਾਲੇ ਪੱਤਰਕਾਰ ਹੀ ਨਿਸ਼ਾਨੇ 'ਤੇ ਰਹਿੰਦੇ ਹਨ, ਸਗੋਂ ਸਥਾਨਕ ਪੱਤਰਕਾਰਾਂ ਨੂੰ ਵੀ ਵੱਡੇ ਲੋਕਾਂ ਦੀ ਗੁੰਡਾਗਰਦੀ ਦਾ ਸ਼ਿਕਾਰ ਹੋਣਾ ਪੈਂਦਾ ਹੈ, ਜਿਨ੍ਹਾਂ ਦੇ ਕੁਕਰਮਾਂ ਨੂੰ ਉਹ ਲੋਕਾਂ ਸਾਹਮਣੇ ਲਿਆਉਂਦੇ ਹਨ। 2015 'ਚ ਇੱਕ ਸਥਾਨਕ ਪੱਤਰਕਾਰ ਸੰਦੀਪ ਕੋਠਾਰੀ ਦੀ ਹੱਤਿਆ ਇਸ ਕਰਕੇ ਕਰ ਦਿੱਤੀ ਗਈ ਕਿ ਉਸਨੇ ਖਨਣ ਮਾਮਲਾ (ਰੇਤ-ਬਜਰੀ) ਲੋਕਾਂ ਸਾਹਵੇਂ ਲਿਆਂਦਾ ਸੀ।

ਪੱਤਰਕਾਰਾਂ ਦੀ ਹੱਤਿਆ ਦੇ ਮਾਮਲੇ ਅਸਲ ਅਰਥਾਂ ਵਿਚ ਮਨੁੱਖ ਦੇ ਮੁੱਢਲੇ ਅਧਿਕਾਰਾਂ ਨਾਲ਼ ਜੁੜੇ ਹੋਏ ਹਨ। ਦੁਨੀਆਂ ਭਰ ਦੇ ਦੇਸ਼ਾਂ ਵਿਚ ਪ੍ਰੈੱਸ ਦੀ ਆਜ਼ਾਦੀ ਗੰਭੀਰ ਸੰਕਟ ਵਿਚ ਹੈ। ਇੱਕ ਕੀਤੇ ਸਰਵੇ ਅਨੁਸਾਰ 180 ਦੇਸ਼ਾਂ ਵਿਚ ਪ੍ਰੈੱਸ ਦੀ ਆਜ਼ਾਦੀ 'ਚ ਚੀਨ ਦਾ ਸਥਾਨ 178ਵਾਂ ਹੈ, ਈਰਾਨ ਦਾ 176ਵਾਂ, ਅਫ਼ਗਾਨਿਸਤਾ ਦਾ 175ਵਾਂ ਅਤੇ ਭਾਰਤ ਦਾ 151ਵਾਂ ਸਥਾਨ ਹੈ। ਪ੍ਰੈੱਸ ਆਜ਼ਾਦੀ 'ਚ ਨਾਰਵੇ ਪਹਿਲੇ ਸਥਾਨ 'ਤੇ ਹੈ। ਪਿਛਲੇ 50 ਸਾਲਾਂ 'ਚ ਪ੍ਰੈੱਸ ਦੀ ਆਜ਼ਾਦੀ ਲਾਗਤਾਰ ਖੋਹੀ ਗਈ ਹੈ, ਜਿਹੜੀ ਕਿ ਗਲੋਬਲ ਲੋਕਤੰਤਰ ਲਈ ਵੱਡਾ ਖ਼ਤਰਾ ਬਣੀ ਦਿਸਦੀ ਹੈ। ਘਰੇਲੂ-ਯੁੱਧ, ਗ਼ਰੀਬੀ ਅਤੇ ਸਿਆਸੀ ਅਸਥਿਰਤਾ ਇਸ ਆਜ਼ਾਦੀ 'ਚ ਵੱਡਾ ਯੋਗਦਾਨ ਪਾਉਂਦੇ ਹਨ। ਵੱਧ ਰਹੀ ਡਿਕਟੇਟਰਾਨਾ ਸੋਚ ਨੇ ਪ੍ਰੈੱਸ ਦੀ ਆਜ਼ਾਦੀ ਅਤੇ ਪੱਤਰਕਾਰਾਂ ਲਈ ਵੱਡੇ ਖ਼ਤਰੇ ਖੜ੍ਹੇ ਕੀਤੇ ਹਨ।

ਰੂਸ 'ਚ ਇਕੋ ਵਿਅਕਤੀ ਦਾ ਰਾਜ ਅਤੇ ਧੱਕੇਸ਼ਾਹੀ, ਭਾਰਤ ਅਤੇ ਅਮਰੀਕਾ 'ਚ "ਰਾਸ਼ਟਰਵਾਦ" ਨੂੰ ਉਤਸ਼ਾਹਤ ਕਰਨ ਦੇ ਤੀਬਰ ਯਤਨ, ਯੁੱਧ-ਜੰਗ ਦੀਆਂ ਵੱਡੇ ਧਨ-ਕੁਬੇਰਾਂ ਵੱਲੋਂ ਪੈਦਾ ਕੀਤੀਆਂ ਪ੍ਰਸਥਿਤੀਆਂ ਪੱਤਰਕਾਰਾਂ ਦੀ ਕਲਮ ਖੋਹਣ, ਉਨ੍ਹਾਂ ਦੀ ਜੀਭ ਉੱਤੇ ਜਿੰਦਰੇ ਲਗਾਉਣ ਦਾ ਵੱਡਾ ਕਾਰਨ ਬਣਦੀਆਂ ਜਾ ਰਹੀਆਂ ਹਨ।

ਫਿਰ ਵੀ ਤਸੱਲੀ ਦੀ ਗੱਲ ਇਹ ਹੈ ਕਿ ਸੁਚੇਤ ਅਤੇ ਨਿਡਰ ਪੱਤਰਕਾਰ ਅਜੇ ਵੀ ਸੀਸ ਤਲੀ 'ਤੇ ਧਰ ਕੇ ਆਪਣਾ ਫਰਜ਼ ਨਿਭਾ ਰਹੇ ਹਨ ਅਤੇ ਸੋਸ਼ਲ ਮੀਡੀਆ 'ਤੇ ਸਾਰਥਕ ਸੋਚ ਵਾਲੇ ਲੋਕ ਪ੍ਰੈੱਸ ਦੀ ਆਜ਼ਾਦੀ ਦਾ ਸਹਾਰਾ ਬਣੇ ਹੋਏ ਹਨ।

# ਪੰਜਾਬ ਵਿਚ ਰਸਾਇਣਾਂ ਦੀ ਵਰਤੋਂ ਨੂੰ ਘਟਾਉਣਾ ਕਿੰਨਾ ਜ਼ਰੂਰੀ ਹੈ?

ਡਾ. ਸ.ਸ. ਛੀਨਾ
sarbjitchhina@yahoo.co.in
ਪੰਜਾਬ ਮੇਲ USA





ਪੰਜਾਬ ਭਾਵੇਂ ਭਾਰਤ ਦਾ ਵੱਡਾ ਅੰਨ ਭੰਡਾਰ ਹੈ, ਜੋ ਆਪਣੇ ਸਿਰਫ 1.5 ਫੀਸਦੀ ਖੇਤਰ ਨਾਲ ਭਾਰਤ ਦੇ ਅਨਾਜ ਭੰਡਾਰਾਂ ਵਿਚ ਤਕਰੀਬਨ 60 ਫੀਸਦੀ ਦਾ ਹਿੱਸਾ ਪਾਉਂਦਾ ਰਿਹਾ ਹੈ, ਜਿਹੜਾ ਇਸਨੇ ਵਾਤਾਵਰਨ ਦੀ ਵੱਡੀ ਗਿਰਾਵਟ ਦੀ ਲਾਗਤ ਤੇ ਪ੍ਰਾਪਤ ਕੀਤਾ ਹੈ, ਜਿਸ ਵਿਚ ਫਿਰ ਘੱਟ ਧਰਤੀ ਤੋਂ ਵੱਧ ਤੋਂ ਵੱਧ ਉਪਜ ਲੈਣ ਦੀ ਕੋਸ਼ਿਸ਼ ਹੀ, ਇਸ ਦਾ ਵੱਡਾ ਕਾਰਨ ਹੈ।

ਜਲਵਾਯੂ ਵਿਚ ਤਬਦੀਲੀ ਅਤੇ ਵਾਤਾਵਰਣ ਵਿਚ ਗਿਰਾਵਟ ਹਨ, ਜਿਸ ਸਬੰਧੀ ਯੂ.ਐੱਨ.ਓ. ਵੀ ਗੰਭੀਰ ਹੈ ਅਤੇ ਉਸਦੀ ਸਰਪ੍ਰਸਤੀ ਅਧੀਨ ਅੰਤਰਰਾਸ਼ਟਰੀ ਜਲਵਾਯੂ ਦੀ ਤਬਦੀਲਾਂ ਦਾ ਪੈਨਲ ਸਮੇਂ-ਸਮੇਂ ’ਤੇ ਹੋਣ ਵਾਲੀਆਂ ਵਾਤਾਵਰਨ ਦੀਆਂ ਤਬਦੀਲੀਆਂ ਬਾਰੇ ਵੱਖ-ਵੱਖ ਦੇਸ਼ਾਂ ਵਿਚ ਮੀਟਿੰਗ ਕਰਕੇ ਸਰਕਾਰਾਂ, ਸਮਾਜ ਸੇਵੀ ਸੰਸਥਾਵਾਂ, ਗੈਰ ਸਰਕਾਰੀ ਸੰਸਥਾਵਾਂ ਅਤੇ ਆਮ ਜਨਤਾ ਨੂੰ ਚੇਤਨ ਕਰਦਾ ਰਹਿੰਦਾ ਹੈ। ਭਾਵੇਂ ਕਿ ਜਲਵਾਯੂ ਦੀ ਤਬਦੀਲੀ ਅਤੇ ਵਾਤਾਵਰਣ ਦੀ ਗਿਰਾਵਟ ਤੋਂ ਬਾਹਰ ਹੈ ਪਰ ਇਹ ਸਮੱਸਿਆਵਾਂ ਦੁਨੀਆਂ ਭਰ ਵਿਚ ਕੁਦਰਤ ਨਾਲ ਛੇੜਛਾੜ ਕਰਨ ਕਰਕੇ ਪੈਦਾ ਹੋਈਆਂ ਹਨ, ਜਿਸ ਵਿਚ ਵੱਡਾ ਕਾਰਨ ਵਸੋਂ ਦਾ ਸਾਧਨਾਂ ਤੋਂ ਬਹੁਤ ਜ਼ਿਆਦਾ ਹੋਣਾ ਹੈ। ਪਰ ਇਹ ਗਿਰਾਵਟ ਲਗਾਤਾਰ ਚੱਲਣ ਵਾਲੇ ਵਿਕਾਸ ਵਿਚ ਵੱਡੀ ਰੁਕਾਵਟ ਬਣ ਰਹੀ ਹੈ 2019 ਦੇ ਸਾਲ ਵਿਚ ਇੱਕ ਤਰਫ ਰਿਕਾਰਡ ਦੀ ਗਰਮੀ ਅਤੇ ਦੂਸਰੇ ਪਾਸੇ ਰਿਕਾਰਡ ਦੀ ਸਰਦੀ ਸਿਰਫ ਭਾਰਤ ਵਿਚ ਹੀ ਨਹੀਂ, ਜਿੱਥੇ ਵਸੋ ਦਾ ਵੱਡਾ ਅਸੰਤੁਲਨ ਹੈ, ਸਗੋਂ ਆਸਟਰੇਲੀਆ ਵਿਚ ਵੀ ਗਰਮੀ ਅਤੇ ਸਰਦੀ ਆਮ ਤੋਂ ਜ਼ਿਆਦਾ ਸੀ, ਭਾਵੇਂ ਆਸਟਰੇਲੀਆ ਦੀ ਵਸੋਂ ਸਾਧਨਾਂ ਦੇ ਮੁਕਾਬਲੇ ’ਤੇ ਬਹੁਤ ਘੱਟ ਹੈ, ਵਾਤਾਵਰਨ ਦੀ ਗਿਰਾਵਟ ਦੀਆਂ ਸਮੱਸਿਆਵਾਂ ਹਰ ਦੇਸ਼ ਵਿਚ ਹਨ ਅਤੇ ਉਨ੍ਹਾਂ ਵਿਚ ਉਥੋਂ ਦੀਆਂ ਹਾਲਤਾਂ ਕਾਰਨ ਥੋੜਾ ਬਹੁਤ ਫਰਕ ਜ਼ਰੂਰ ਹੈ।

ਪੰਜਾਬ ਭਾਵੇਂ ਭਾਰਤ ਦਾ ਵੱਡਾ ਅੰਨ ਭੰਡਾਰ ਹੈ, ਜੋ ਆਪਣੇ ਸਿਰਫ 1.5 ਫੀਸਦੀ ਖੇਤਰ ਨਾਲ ਭਾਰਤ ਦੇ ਅਨਾਜ ਭੰਡਾਰਾਂ ਵਿਚ ਤਕਰੀਬਨ 60 ਫੀਸਦੀ ਦਾ ਹਿੱਸਾ ਪਾਉਂਦਾ ਰਿਹਾ ਹੈ, ਜਿਹੜਾ ਇਸਨੇ ਵਾਤਾਵਰਨ ਦੀ ਵੱਡੀ ਗਿਰਾਵਟ ਦੀ ਲਾਗਤ ਤੇ ਪ੍ਰਾਪਤ ਕੀਤਾ ਹੈ, ਜਿਸ ਵਿਚ ਫਿਰ ਘੱਟ ਧਰਤੀ ਤੋਂ ਵੱਧ ਤੋਂ ਵੱਧ ਉਪਜ ਲੈਣ ਦੀ ਕੋਸ਼ਿਸ਼ ਹੀ, ਇਸ ਦਾ ਵੱਡਾ ਕਾਰਨ ਹੈ। 1960 ਤੋਂ ਪਹਿਲਾਂ ਵਾਲੀ ਪੰਜਾਬ ਖੇਤੀ ਅਤੇ ਹੁਣ ਵਾਲੀ ਖੇਤੀ ਵਿਚ ਬਹੁਤ ਵੱਡਾ ਫਰਕ ਹੈ। 1966 ਤੋਂ ਪਹਿਲਾਂ ਸਿੰਜਾਈ ਦਾ ਮੁੱਖ ਸਾਧਨ ਖੂਹ ਸਨ ਜਾਂ ਨਹਿਰਾਂ ਸਨ। ਉਦੋਂ ਟਿਊਬਵੈਲ ਬਹੁਤ ਘੱਟ ਸਨ, ਜਿਸ ਦਾ ਵੱਡਾ ਕਾਰਨ ਬਿਜਲੀ ਪੂਰਤੀ ਦੀ ਕਮੀ ਸੀ। ਰਸਾਇਣਿਕ ਖਾਦਾਂ ਨੂੰ ਪਾਉਣ ਦੀ ਖੇਤੀ ਵਿਭਾਗ ਵੱਲੋਂ ਪ੍ਰੇਰਨਾ ਦਿੱਤੀ ਜਾਂਦੀ ਸੀ ਪਰ ਕਿਸਾਨ ਰਸਾਇਣਾਂ ਇਸ ਕਰਕੇ ਨਹੀਂ ਸਨ ਪਾਉਂਦੇ ਕਿ ਪਾਣੀ ਜਾਂ ਸਿੰਜਾਈ ਦੀ ਕਮੀ ਸੀ। ਕਿਉਂ ਜੋ ਇਨ੍ਹਾਂ ਰਸਾਇਣਾਂ ਦੀ ਪਹਿਲੀ ਸ਼ਰਤ ਹੈ ਕਿ ਪਾਣੀ ਦੀ ਪੂਰਤੀ ਕਾਫੀ ਜ਼ਿਆਦਾ ਹੋਵੇ। 1960 ਤੋਂ ਬਾਅਦ ਜਿਉਂ-ਜਿਉਂ ਬਿਜਲੀ ਦੀ ਪੂਰਤੀ ਵਧਣ ਲੱਗੀ, ਟਿਊਬਵੈਲਾਂ ਦੀ ਗਿਣਤੀ ਵੱਧਦੀ ਗਈ। 1960 ਵਿਚ ਪੰਜਾਬ ਵਿਚ ਕੁੱਲ 5 ਹਜ਼ਾਰ ਟਿਊਬਵੈੱਲ ਸਨ, ਜਿਹੜੇ ਵੱਧਦੇ-ਵੱਧਦੇ ਹੁਣ 14 ਲੱਖ ਤੋਂ ਵੀ ਉੱਪਰ ਹੋ ਗਏ ਹਨ। ਇਹ ਟਿਊਬਵੈਲ ਲਗਾਤਾਰ ਧਰਤੀ ਦੇ ਹੇਠੋਂ ਇਨਾ ਪਾਣੀ ਕੱਢ ਚੁੱਕੇ ਹਨ, ਜਿੰਨਾ ਬਾਰਿਸ਼ ਨਾਲ ਆਪਣੇ ਆਪ ਪੂਰਾ ਨਹੀਂ ਹੋ ਸਕਿਆ, ਜਿਸ ਕਰਕੇ ਹੋਰ ਕਈ ਮੁਸ਼ਕਲਾਂ ਆ ਗਈਆਂ ਹਨ। ਜਿਨ੍ਹਾਂ ਵਿਚ ਪੰਜਾਬ ਦੇ 138 ਬਲਾਕਾਂ ਵਿਚੋਂ ਜ਼ਿਆਦਾ ਵਿਚ ਪਾਣੀ ਪੀਣ ਯੋਗ ਨਹੀਂ ਰਿਹਾ। ਪਾਣੀ ਦਾ ਪੱਧਰ ਦਾ ਦਿਨ-ਬ-ਦਿਨ ਥੱਲੇ ਜਾਣਾ ਬਹੁਤ ਨੁਕਸਾਨਦੇਹ ਹੈ।

ਪਾਣੀ ਦੇ ਮਾਹਿਰਾਂ ਅਨੁਸਾਰ ਪਾਣੀ ਦੀ ਧਰਤੀ ਹੇਠਾਂ ਤਿੰਨ ਪੱਧਰਾਂ ਹਨ। 1960 ਵਿਚ ਪਾਣੀ ਦੀ ਪਹਿਲੀ ਪੱਧਰ ਤੋਂ ਪਾਣੀ ਕੱਢਿਆ ਜਾ ਸਕਦਾ ਸੀ, ਜਿਸ ਵੇਲੇ ਪੰਜਾਬ ਵਿਚ ਪਾਣੀ ਸਿਰਫ 8/10 ਫੁੱਟ ਤੋਂ ਹੀ ਮਿਲ ਜਾਂਦਾ ਸੀ। 1985 ਵਿਚ ਉਹ ਪੱਧਰ ਖਤਮ ਹੋ ਗਈ। ਫਿਰ ਪਾਣੀ ਦੀ ਦੂਸਰੀ ਪੱਧਰ ਤੋਂ ਪਾਣੀ ਕੱਢਣਾ ਸ਼ੁਰੂ ਹੋ ਗਿਆ। ਇਸ ਸਥਿਤੀ ਵਿਚ ਧਰਤੀ ਵਿਚ ਟੋਇਆ ਪੁੱਟ ਕੇ ਹੇਠਾਂ ਟਿਊਬਵੈੱਲ ਦੀ ਮੋਟਰ ਲਾਈ ਜਾਂਦੀ ਸੀ। ਪਾਣੀ ਪ੍ਰਾਪਤ ਕਰਨ ਲਈ ਬੋਰ ਹੋਰ ਡੂੰਘਾ ਕੀਤਾ ਜਾਂਦਾ ਸੀ, ਜਿਸ ’ਤੇ ਖਰਚ ਵੀ ਜ਼ਿਆਦਾ ਆਉਂਦਾ ਸੀ ਅਤੇ ਟਿਊਬਵੈਲ ਚਲਾਉਣ ਦੀ ਲਾਗਤ ਵੀ ਵੱਧ ਗਈ ਸੀ। ਪਰ 2000 ਤੱਕ ਉਹ ਪੱਧਰ ਵੀ ਖਤਮ ਹੋ ਗਈ ਅਤੇ ਪਾਣੀ ਨੂੰ ਤੀਸਰੀ ਪੱਧਰ ਤੋਂ ਕੱਢਣਾ ਪਿਆ, ਜਿਸ ਲਈ ਸਬਮਰਸੀਬਲ ਪੰਪ ਲਾਉਣੇ ਪਏ ਅਤੇ ਇਹ ਪੰਪ ਹੁਣ ਸਾਰੇ ਪੰਜਾਬ ਵਿਚ ਲੱਗੇ ਹੋਏ ਹਨ। ਜਿੱਥੇ ਪੰਪ ਲਗਾਉਣ ਦਾ ਖਰਚ ਜ਼ਿਆਦਾ ਆਉਂਦਾ ਹੈ, ਉੱਥੇ ਉਸਨੂੰ ਚਲਾਉਣ ਦਾ ਖਰਚ ਵੀ ਜ਼ਿਆਦਾ ਆਉਂਦਾ ਹੈ ਪਰ ਭਵਿੱਖ ਦੀ ਵੱਡੀ ਚੁਣੌਤੀ ਇਹ ਹੈ ਕਿ ਜੇ ਇਸ ਪੱਧਰ ’ਤੇ ਵੀ ਪਾਣੀ ਖਤਮ ਹੋ ਗਿਆ, ਤਾਂ ਫਿਰ ਕੀ ਬਣੇਗਾ। ਇਹ ਸੋਚ ਕੇ ਵੀ ਡਰ ਲੱਗਦਾ ਹੈ, ਜਿਸ ਲਈ ਚੇਤਨ ਹੋਣ ਦੀ ਜ਼ਰੂਰਤ ਹੈ।

ਪੰਜਾਬ ਵਿਚ ਪਾਣੀ ਜ਼ਿਆਦਾ ਕੱਢ ਕੇ ਵਾਤਾਵਰਨ ਵਿਚ ਕਈ ਵਿਗਾੜ ਪੈ ਚੁੱਕੇ ਹਨ। ਜਿਸ ਦੇ ਮਗਰ ਸਭ ਤੋਂ ਵੱਡਾ ਕਾਰਨ ਰਸਾਇਣਾ ਦੀ ਦਿਨ-ਬ-ਦਿਨ ਵੱਧਦੀ ਵਰਤੋਂ ਹੈ। ਇਨ੍ਹਾਂ ਰਸਾਇਣਾਂ ਦੀ ਵਰਤੋਂ ਹਰ ਸਾਲ ਪੰਜਾਬ ਵਿਚ 4 ਫੀਸਦੀ ਦੇ ਹਿਸਾਬ ਵੱਧ ਰਹੀ ਹੈ। ਪਹਿਲਾਂ ਹੀ ਭਾਵੇਂ ਪੰਜਾਬ ਦਾ ਖੇਤਰ ਭਾਰਤ ਦੇ ਖੇਤਰ ਦਾ ਸਿਰਫ 15 ਫੀਸਦੀ ਹੈ ਪਰ ਇੱਥੇ ਕੁੱਲ ਭਾਰਤ ਵਿਚ ਵਰਤੇ ਜਾਣ ਵਾਲੇ ਰਸਾਇਣਾਂ ਵਿਚੋਂ 19 ਫੀਸਦੀ ਰਸਾਇਣ ਵਰਤੇ ਸਨ।

ਪਰ ਦੇਸ਼ ਵਿਚ ਵਰਤੇ ਜਾਣ ਵਾਲੇ ਕੀਟਨਾਸ਼ਕ ਅਤੇ 9 ਫੀਸਦੀ ਨਦੀਨਨਾਸ਼ਕ ਵੀ ਪੰਜਾਬ ਵਿਚ ਵਰਤੇ ਜਾ ਰਹੇ ਹਨ। ਇੰਨੀ ਵੱਡੀ ਮਾਤਰਾ ਵਿਚ ਇਹ ਰਸਾਇਣ ਜਿਹੜੇ ਵੱਡਾ ਜ਼ਹਿਰੀਲਾ ਮਾਪ ਹਨ, ਉਹ ਲਗਾਤਾਰ ਹਵਾ, ਪਾਣੀ ਅਤੇ ਧਰਤੀ ਵਿਚ ਘੁਲ ਕੇ ਜਿੱਥੇ ਵਾਤਾਵਰਨ ਨੂੰ ਪ੍ਰਦੂਸ਼ਿਤ ਕਰ ਰਹੇ ਹਨ, ਉਥੇ ਇਹ ਖੁਰਾਕ ਵਿਚ ਸ਼ਾਮਲ ਹੋ ਰਹੇ ਹਨ।

ਇਨ੍ਹਾਂ ਦੀ ਵਰਤੋਂ ਨਾਲ ਧਰਤੀ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ। ਅਤੇ ਉਸ ਕਮੀ ਨੂੰ ਪੂਰਾ ਕਰਨ ਲਈ ਹੋਰ ਮਾਤਰਾ ਵਿਚ ਰਸਾਇਣ ਪਾਉਣੇ ਪੈਂਦੇ ਹਨ। ਖੇਤੀਬਾੜੀ ਵਿਚ ਘਟਦੀਆਂ ਪ੍ਰਾਪਤੀਆਂ ਦਾ ਨਿਯਮ ਸਭ ਤੋਂ ਛੇਤੀ ਲਾਗੂ ਹੁੰਦਾ ਹੈ, ਜਿਸ ਦਾ ਅਰਥ ਹੈ ਕਿ ਜੇ ਪਹਿਲੀ ਖਾਦ ਦੀ ਬੋਰੀ ਨਾਲ 10 ਕੁਇੰਟਲ ਉਪਜ ਵਧੀ ਹੈ, ਤਾਂ ਅਗਲੀ ਬੋਰੀ ਨਾਲ 9 ਫਿਰ ਤੋਂ ਅਗਲੀਆਂ ਬੋਰੀਆਂ ਨਾਲ 8, 7, 6 ਅਤੇ ਇਹ ਘੱਟਦੀ ਜਾਵੇਗੀ। ਇਸ ਲਈ ਜ਼ਿਆਦਾ ਖਾਦ ਦੀਆਂ ਬੋਰੀਆਂ ਵਰਤੀਆਂ ਜਾਣਗੀਆਂ, ਜਿਨ੍ਹਾਂ ਨਾਲ ਪਾਣੀ ਦੀ ਵੀ ਜ਼ਿਆਦਾ ਵਰਤੋਂ ਕਰਨੀ ਪਵੇਗੀ ਅਤੇ ਵਾਤਾਵਰਨ ਹੋਰ ਜ਼ਹਿਰੀਲਾ ਹੋ ਜਾਵੇਗਾ।

ਪੰਜਾਬ ਵਿਚ ਖਾਦਾਂ ਅਤੇ ਰਸਾਇਣਾਂ ਦੀ ਜ਼ਿਆਦਾ ਵਰਤੋਂ ਦਾ ਕਾਰਨ ਪੰਜਾਬ ਦਾ ਫਸਲ ਚੱਕਰ ਹੈ, ਜਿਹੜਾ ਕਣਕ ਅਤੇ ਝੋਨੇ ਤੱਕ ਸੁੰਗੜਦਾ ਜਾ ਰਿਹਾ ਹੈ। 1960 ਵਾਲੀ ਖੇਤੀ ਵਿਚ ਹਾੜੀ ਅਤੇ ਸੌਣੀ ਦੇ ਮੌਸਮ ਵਿਚ ਕਈ ਫਸਲਾਂ ਜਿਨ੍ਹਾਂ ਵਿਚ ਦਾਲਾਂ, ਮੂੰਗਫਲੀ, ਤੋਰੀਆ, ਸਰੋਂ, ਗੰਨਾ, ਤਾਰਾਮੀਰਾ, ਤਿਲ, ਸਣ, ਮੱਕਈ, ਕਪਾਹ ਆਦਿ ਸਭ ਕੁਝ ਰੁੱਤ ਅਨੁਸਾਰ ਹੁੰਦਾ ਸੀ। ਪਰ ਅੱਜਕੱਲ੍ਹ ਕਣਕ ਅਤੇ ਝੋਨਾ ਹੀ ਦੋ ਫਸਲਾਂ ਹਨ, ਜਿਨ੍ਹਾਂ ਹੇਠ 80 ਫੀਸਦੀ ਖੇਤਰ ਆ ਗਿਆ ਹੈ। 1960 ਵਿਚ 20 ਹਜ਼ਾਰ ਹੈਕਟਰ ਵਿਚ ਝੋਨਾ ਲਾਇਆ ਜਾਂਦਾ ਸੀ ਪਰ ਅੱਜਕੱਲ੍ਹ ਭਾਵੇਂ ਫਸਲ ਦੀ ਵਿਭਿੰਨਤਾ ਦੀਆਂ ਅਪੀਲਾਂ ਵੀ ਕੀਤੀਆਂ ਜਾਂਦੀਆਂ ਹਨ, ਪੰਜਾਬ ਵਿਚ 32 ਲੱਖ ਹੈਕਟਰ ਜਾਂ 80 ਲੱਖ ਏਕੜ ਝੋਨਾ ਲੱਗਦਾ ਹੈ। ਕਣਕ ਅਤੇ ਝੋਨਾ ਦੋਵੇਂ ਹੀ ਫਸਲਾਂ ਪਾਣੀ ਦੀ ਬਹੁਤ ਜ਼ਿਆਦਾ ਵਰਤੋਂ ਕਰਦੀਆਂ ਹਨ, ਰਸਾਇਣਾਂ ਕਰਕੇ ਹੋਰ ਵਾਧੂ ਪਾਣੀ ਦੀ ਲੋੜ ਪੈਂਦੀ ਹੈ।

ਇਨ੍ਹਾਂ ਦੋਵਾਂ ਫਸਲਾਂ ਅਧੀਨ ਖੇਤਰ ਵਧਣ ਦਾ ਸਿਰਫ ਇੱਕ ਹੀ ਕਾਰਨ ਹੈ, ਇਨ੍ਹਾਂ ਦੀ ਪਹਿਲਾਂ ਤੋਂ ਘੋਸ਼ਿਤ ਕੀਮਤਾਂ ’ਤੇ ਸਰਕਾਰੀ ਅਤੇ ਯਕੀਨੀ ਖਰੀਦ ਭਾਵੇਂ ਕਿ ਕੇਂਦਰੀ ਸਰਕਾਰ ਵੱਲੋਂ 23 ਵੱਖ-ਵੱਖ ਫਸਲਾਂ ਲਈ ਘੱਟੋ-ਘੱਟ ਖਰੀਦ ਕੀਮਤ ਦੀ ਘੋਸ਼ਣਾ ਕੀਤੀ ਜਾਂਦੀ ਹੈ ਪਰ ਸਿਰਫ ਕਣਕ ਅਤੇ ਝੋਨਾ ਹੀ ਦੋ ਫਸਲਾਂ ਹਨ, ਜਿਹੜੀਆਂ ਉਨ੍ਹਾਂ ਕੀਮਤਾਂ ’ਤੇ ਸਰਕਾਰ ਵੱਲੋਂ ਖਰੀਦੀਆਂ ਜਾਂਦੀਆਂ ਹਨ। ਇੱਥੋਂ ਤੱਕ ਪੰਜਾਬ ਵਿਚ ਫਿਰੋਜ਼ਪੁਰ, ਬਠਿੰਡਾ, ਮਾਨਸਾ, ਫਰੀਦਕੋਟ, ਫਾਜ਼ਿਲਕਾ ਜਿਹੜੇ ਕਪਾਹ ਲਈ ਵਿਸ਼ੇਸ਼ ਖੇਤਰ ਮੰਨੇ ਜਾਂਦੇ ਹਨ, ਸਰਕਾਰੀ ਖਰੀਦ ਦੀ ਵਜ੍ਹਾ ਕਰਕੇ ਉਥੇ ਵੀ ਹੁਣ ਸਾਉਣੀ ਦੀ ਰੁੱਤ ਵਿਚ ਝੋਨਾ ਮੁੱਖ ਫਸਲ ਬਣ ਗਈ ਹੈ।

ਝੋਨਾ ਅਤੇ ਕਣਕ ਵਧਣ ਨਾਲ ਹੋਰ ਫਸਲਾਂ ਅਧੀਨ ਖੇਤਰ ਲਗਾਤਾਰ ਘੱਟਦਾ ਗਿਆ ਤੇ ਕਈ ਫਸਲਾਂ ਹੁਣ ਪੰਜਾਬ ਵਿਚ ਨਜ਼ਰ ਹੀ ਨਹੀਂ ਆਉਂਦੀਆਂ। ਜਿਵੇਂ ਸਣ, ਤਿਲ, ਤਾਰਾਮੀਰਾ, ਆਵੇ, ਦਾਲਾਂ ਤੇ ਤੇਲਾਂ ਦੇ ਬੀਜ ਉਹ ਫਸਲਾਂ ਹਨ, ਜਿਹੜੀਆਂ ਘੱਟ ਪਾਣੀ ਦੀ ਵਰਤੋਂ ਕਰਦੀਆਂ ਹਨ ਪਰ ਉਨ੍ਹਾਂ ਦੇ ਨਾਂ ਬੀਜਣ ਦਾ ਇੱਕ ਹੀ ਕਾਰਨ ਹੈ, ਉਨ੍ਹਾਂ ਦੀ ਸਰਕਾਰੀ ਖਰੀਦ ਦਾ ਨਾ ਹੋਣਾ। ਇਸ ਲਈ ਦਾਲ ਅਤੇ ਤੇਲ ਦੇ ਬੀਜ ਦੋਵੇਂ ਹਰ ਸਾਲ ਡੇਢ ਲੱਖ ਕਰੋੜ ਰੁਪਏ ਦੀ ਵਿਦੇਸ਼ਾਂ ਤੋਂ ਆਯਾਤ ਕੀਤੇ ਜਾ ਰਹੇ ਹਨ ਅਤੇ ਇਨ੍ਹਾਂ ਫਸਲਾਂ ਦੀਆਂ ਕੀਮਤਾਂ ਵਿਦੇਸ਼ਾਂ ਵਿਚ ਵੀ ਵਧਣ ਕਰਕੇ ਇਨ੍ਹਾਂ ਲਈ ਭੁਗਤਾਨ ਕਰਨ ਵਾਲਾ ਆਯਾਤ ਬਿਲ ਹਰ ਸਾਲ ਵੱਧਦਾ ਜਾ ਰਿਹਾ ਹੈ। ਭਾਵੇਂ ਕਿ ਭਾਰਤ ਦਾਲਾਂ ਨੂੰ ਦੁਨੀਆਂ ਭਰ ਵਿਚ ਵੱਧ ਪੈਦਾ ਕਰਨ ਵਾਲਾ, ਸਭ ਤੋਂ ਵੱਧ ਖਾਣ ਵਾਲਾ ਪਰ ਸਭ ਤੋਂ ਵੱਡਾ ਆਯਾਤ ਕਰਨ ਵਾਲਾ ਵੀ ਹੈ। ਖੇਤੀ ਪ੍ਰਧਾਨ ਦੇਸ਼ ਹੋਣ ਕਰਕੇ ਇਸ ਨੂੰ ਘੱਟੋ-ਘੱਟ ਖੇਤੀ ਵਸਤੂਆਂ ਵਿਚ ਆਤਮ ਨਿਰਭਰ ਬਣਨਾ ਚਾਹੀਦਾ ਹੈ ਅਤੇ ਆਤਮ ਨਿਰਭਰ ਬਣਨ ਲਈ ਘੱਟੋ-ਘੱਟ ਮੁੱਲ ’ਤੇ ਖਰੀਦ ਕਰਨੀ ਹੀ ਇੱਕ ਉਹ ਜਾਦੂ ਹੈ, ਜਿਸਨੇ ਭਾਰਤ ਨੂੰ ਖੁਰਾਕ ਆਯਾਤ ਕਰਨ ਵਾਲੇ ਦੇਸ਼ ਤੋਂ ਖੁਰਾਕ ਨਿਰਯਾਤ ਕਰਨ ਵਾਲਾ ਦੇਸ਼ ਬਣਾ ਦਿੱਤਾ ਹੈ। ਇਸ ਹੀ ਜਾਦੂ ਨੂੰ ਹੋਰ ਫਸਲਾਂ ਲਈ ਖਾਸ ਕਰਕੇ ਉਨ੍ਹਾਂ ਫਸਲਾਂ ਲਈ ਜਿਨ੍ਹਾਂ ਲਈ ਪੰਜਾਬ ਦਾ ਜਲਵਾਯੂ ਅਨੁਕੂਲ ਹੈ, ਉਨ੍ਹਾਂ ਲਈ ਅਪਣਾਉਣਾ ਚਾਹੀਦਾ ਹੈ, ਜੇ ਕੇਂਦਰੀ ਸਰਕਾਰ ਇਹ ਕੰਮ ਨਹੀਂ ਕਰਦੀ, ਤਾਂ ਪੰਜਾਬ ਸਰਕਾਰ ਨੂੰ ਆਪ ਖਰੀਦ ਕਰ ਲੈਣੀ ਚਾਹੀਦੀ ਹੈ, ਜਿਸ ਵਿਚ ਮਹਿੰਗੀ ਆਯਾਤ ਨਾਲੋਂ ਇਹ ਫਿਰ ਸਸਤੀਆਂ ਮਿਲ ਸਕਦੀਆਂ।

ਫਸਲ ਚੱਕਰ ਵਿਚ ਤਬਦੀਲੀ ਇਸ ਕਰਕੇ ਵੀ ਲੋੜੀਂਦੀ ਹੈ, ਜਿਸ ਨਾਲ ਫਸਲਾਂ ਨਾਲ ਸੰਤੁਲਨ ਵਾਤਾਵਰਨ ਬਣੇਗਾ ਤੇ ਰਸਾਇਣਾਂ ਦੀ ਵਰਤੋਂ ਘਟੇਗੀ, ਜਿਸ ਲਈ ਵੱਡੇ ਖਤਰਿਆਂ ਤੋਂ ਬਚਾਅ ਹੋ ਸਕਦਾ ਹੈ। ਕੇਂਦਰ ਸਰਕਾਰ ਨੂੰ ਪੰਜਾਬ ਸਰਕਾਰ ਨੂੰ ਵੱਡੀ ਸਬਸਿਡੀ ਫਸਲਾਂ ਦੇ ਬਦਲਾਅ ਲਈ ਦੇ ਦੇਣੀ ਕੋਈ ਘਾਟੇ ਵਾਲੀ ਗੱਲ ਨਹੀਂ, ਸਗੋਂ ਜ਼ਿਆਦਾ ਉਪਯੋਗੀ ਹੈ। ਪੰਜਾਬ ਵਿਚ ਸੀਮਤ ਫਸਲ ਚੱਕਰ ਅਪਣਾਉਣ ਕਰਕੇ ਜ਼ਿਆਦਾਤਰ ਖੇਤੀ ਕਿਰਤੀ ਅਰਧ ਬੇਰੁਜ਼ਗਾਰ ਹਨ, ਜੇ ਕਣਕ ਝੋਨੇ ਦੇ ਨਾਲ ਹੋਰ ਫਸਲ ਵੀ ਬੀਜੀਆਂ ਜਾਂਦੀਆਂ ਹਨ, ਤਾਂ ਇੱਕ ਤਾਂ ਉਸ ਨਾਲ ਰਸਾਇਣ ਘਟਣਗੇ, ਇੱਕ ਪਾਣੀ ਦੀ ਬਚਤ ਹੋਵੇਗੀ ਪਰ ਸਭ ਤੋਂ ਵੱਡਾ ਲਾਭ ਇਹ ਵੀ ਹੋਵੇਗਾ ਕਿ ਕਿਰਤੀਆਂ ਦੇ ਕੰਮ ਵਿਚ ਵਾਧਾ ਹੋਵੇਗਾ ਤੇ ਪੂੰਜੀ ਜਿਵੇਂ ਟਰੈਕਟਰ ਸਾਰੇ ਸਾਲਾਂ ਵਿਚ ਜ਼ਿਆਦਾ ਸਮਾਂ ਵਿਹਲਾ ਰਹਿੰਦਾ ਹੈ, ਉਸ ਲਈ ਕੰਮ ਪੈਦਾ ਹੋਵੇਗਾ, ਕਿਰਤੀਆਂ ਅਤੇ ਮਸ਼ੀਨਾਂ ਲਈ ਕੰਮ ਦੀ ਸਾਰੇ ਸਾਲ ਵਿਚ ਵੰਡ ਹੋਵੇਗੀ ।

ਕੇਂਦਰ ਅਤੇ ਪ੍ਰਾਂਤ ਦੀ ਸਰਕਾਰ ਨੂੰ ਰਸਾਇਣਾਂ ਦੀ ਵਧਦੀ ਵਰਤੋਂ ਇਸ ਕਰਕੇ ਵਾਤਾਵਰਨ ਵਿਚ ਪ੍ਰਦੂਸ਼ਣ ਕੰਮ ਵਿਚ ਕਮੀ ਪਾਣੀ ਦਾ ਹੇਠਾਂ ਜਾਣ ਕਈ ਲਾਭਦਾਇਕ ਸੂਖਮ ਜੀਵ ਜਿਵੇਂ ਗੰਡੋਏ, ਪੰਛੀਆਂ ਦਾ ਖਤਮ ਹੋਣਾ, ਉਨ੍ਹਾਂ ਪ੍ਰਤੀ ਗੰਭੀਰਤਾ ਨਾਲ ਕੋਈ ਇਸ ਤਰ੍ਹਾਂ ਦੀ ਨੀਤੀ ਅਪਣਾਉਣੀ ਚਾਹੀਦੀ ਹੈ, ਜਿਸ ਦੇ ਅਨੁਕੂਲ ਸਿੱਟੇ ਮਿਲ ਸਕਣ। ਇਨ੍ਹਾਂ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਜਿੱਥੇ ਜਨਤਾ ਵਿਚ ਚੇਤਨਾ ਦਾ ਵਧਣਾ ਇੱਕ ਪੱਖ ਹੈ ਪਰ ਸਰਕਾਰ ਦੀ ਪ੍ਰਭਾਵੀ ਨੀਤੀ, ਜਿਸ ਵਿਚ ਉਨ੍ਹਾਂ ਫਸਲਾਂ ਦੀ ਖਰੀਦ ਜ਼ਰੂਰ ਸ਼ੁਰੂ ਕਰਨੀ ਚਾਹੀਦੀ ਹੈ, ਜਿਨ੍ਹਾਂ ਲਈ ਦੇਸ਼ ਨੂੰ ਆਯਾਤ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਰਸਾਇਣਾਂ ਦੇ ਘਾਤਕ ਪ੍ਰਭਾਵਾਂ ਤੋਂ ਬਚਤ ਕਰਨ ਲਈ ਜੈਵਿਕ ਖੇਤੀ ਨੂੰ ਬਰਾਬਰ ਲਾਭਕਾਰੀ ਬਣਾਉਣ ਲਈ ਲੰਬੇ ਸਮੇਂ ਦੀ ਯੋਗ ਨੀਤੀ ਅਪਣਾਉਣੀ ਪਵੇਗੀ।

# ਆਫਤਾਂ ਅਤੇ ਇਨਸਾਨ ਰੂਪੀ ਗਿਰਝਾਂ।

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA





ਇਸ ਵਾਰ ਪੰਜਾਬ ਵਿਚ ਜਦੋਂ ਹੜ੍ਹ ਆਏ ਸਨ, ਤਾਂ ਲੋਕਾਂ ਨੇ ਸਹਾਇਤਾ ਵਾਲੀ ਕਮਾਲ ਕਰ ਦਿੱਤੀ ਸੀ। ਸਮਾਜ ਸੇਵੀ ਸੰਸਥਾਵਾਂ ਨੇ ਐਨੀ ਮਦਦ ਕੀਤੀ ਕਿ ਹੜ੍ਹ ਪੀੜਤਾਂ ਨੂੰ ਸਮਾਨ ਸੰਭਾਲਣਾ ਮੁਸ਼ਕਿਲ ਹੋ ਗਿਆ ਸੀ। ਇਹ ਸੇਵਾ ਅਜੇ ਵੀ ਖਾਦਾਂ, ਤੇਲ, ਬੀਜਾਂ ਅਤੇ ਟਰੈਕਟਰਾਂ ਦੇ ਰੂਪ ਵਿਚ ਜਾਰੀ ਹੈ। ਪਰ ਦੂਸਰੇ ਪਾਸੇ ਕੁਝ ਅਜਿਹੇ ਵੀ ਲੋਕ ਹਨ, ਜੋ ਅਜਿਹੀਆਂ ਮੁਸੀਬਤਾਂ ਸਮੇਂ ਫਾਇਦਾ ਕਮਾਉਣ ਲਈ ਸਰਗਰਮ ਹੋ ਜਾਂਦੇ ਹਨ। ਕੁਝ ਮਹੀਨੇ ਪਹਿਲਾਂ ਕਸ਼ਮੀਰ ਦੇ ਪ੍ਰਸਿੱਧ ਟੂਰਿਸਟ ਸਥਾਨ ਪਹਿਲਗਾਮ ਦੇ ਨਜ਼ਦੀਕ ਅੱਤਵਾਦੀਆਂ ਨੇ ਹਮਲਾ ਕਰ ਕੇ 26 ਮਾਸੂਮ ਸੈਲਾਨੀਆਂ ਦਾ ਕਤਲ ਕਰ ਦਿੱਤਾ ਸੀ। ਅਜਿਹੇ ਮੌਕੇ ਕਈ ਜ਼ਿੰਦਾ ਜ਼ਮੀਰ ਵਾਲੇ ਲੋਕ ਮ੍ਰਿਤਕਾਂ ਦੇ ਪਰਿਵਾਰਾਂ ਅਤੇ ਜ਼ਖਮੀਆਂ ਦੀ ਮਦਦ ਲਈ ਅੱਗੇ ਆਏ ਤੇ ਉਨ੍ਹਾਂ ਵਾਸਤੇ ਫਰੀ ਲੰਗਰ, ਰਿਹਾਇਸ਼ ਅਤੇ ਡਾਕਟਰੀ ਇਲਾਜ਼ ਦਾ ਪ੍ਰਬੰਧ ਕੀਤਾ। ਪਰ ਕੁਝ ਬੇਜ਼ਮੀਰੇ ਤੇ ਪੱਥਰ ਦਿਲ ਲੋਕਾਂ ਨੇ ਇਸ ਆਫਤ ਵੇਲੇ ਵੀ ਫਾਇਦਾ ਉਠਾਉਣ ਤੋਂ ਸ਼ਰਮ ਹਯਾ ਨਹੀਂ ਸੀ ਕੀਤੀ। ਇਸ ਕੌਮੀ ਆਫਤ ਵੇਲੇ ਸਭ ਤੋਂ ਜ਼ਿਆਦਾ ਬੇਸ਼ਰਮੀ ਏਅਰਲਾਈਨਾਂ ਨੇ ਵਿਖਾਈ ਸੀ। ਜਦੋਂ ਇਹ ਅੱਤਵਾਦੀ ਹਮਲਾ ਹੋਇਆ, ਤਾਂ ਉਸ ਵੇਲੇ ਭਾਰੀ ਬਾਰਸ਼ਾਂ ਕਰ ਕੇ ਹੋਈ ਲੈਂਡਸਲਾਈਡ ਕਾਰਨ ਜੰਮੂ ਅਤੇ ਸ੍ਰੀਨਗਰ ਰਾਸ਼ਟਰੀ ਰਾਜ ਮਾਰਗ ਬੰਦ ਹੋ ਗਿਆ ਸੀ। ਡਰੇ ਹੋਏ ਸੈਲਾਨੀ ਜਲਦੀ ਤੋਂ ਜਲਦੀ ਕਸ਼ਮੀਰ ਛੱਡ ਕੇ ਆਪਣੇ ਘਰ ਪਹੁੰਚਣਾ ਚਾਹੁੰਦੇ ਸਨ। ਏਅਰਲਾਈਨਾਂ ਨੇ ਇਸ ਮੌਕੇ ਦਾ ਭਰਪੂਰ ਫਾਇਦਾ ਉਠਾਇਆ ਤੇ ਕਿਰਾਏ ਦਸ ਗੁਣਾ ਤੱਕ ਵਧਾ ਦਿੱਤੇ। ਸ੍ਰੀਨਗਰ ਤੋਂ ਜ਼ਿਆਦਾ ਟਰੈਫਿਕ ਵਾਲੇ ਸ਼ਹਿਰਾਂ ਜਿਵੇਂ ਦਿੱਲੀ, ਕੋਲਕੱਤਾ ਅਤੇ ਮੁੰਬਈ ਆਦਿ ਵਾਸਤੇ ਤਾਂ 5000 ਰੁਪਏ ਵਾਲੀ ਟਿਕਟ 50000 ਰੁਪਏ ਤੱਕ ਵੇਚੀ ਗਈ। ਜਦੋਂ ਇਸ ਗੱਲ ਦਾ ਅਖਬਾਰਾਂ ਅਤੇ ਸੋਸ਼ਲ ਮੀਡੀਆ 'ਤੇ ਰੌਲਾ ਪਿਆ ਤਾਂ ਕੇਂਦਰੀ ਹਵਾਬਾਜ਼ੀ ਮੰਤਰੀ ਨੇ ਏਅਰਲਾਈਨਾਂ ਨੂੰ ਡਾਂਟ ਮਾਰੀ ਪਰ ਕੋਈ ਫਰਕ ਨਾ ਪਿਆ।

ਜਿਸ ਵੇਲੇ ਸਾਰਾ ਦੇਸ਼ ਕਰੋਨਾ ਦੇ ਕਹਿਰ ਨਾਲ ਜੂਝ ਰਿਹਾ ਸੀ, ਉਸ ਵੇਲੇ ਵੀ ਅਨੇਕਾਂ ਲਾਲਚੀ ਲੋਕ ਪੀੜਤਾਂ ਦੀ ਮਦਦ ਕਰਨ ਦੀ ਬਜਾਏ ਮਰੀਜ਼ਾਂ ਦੇ ਇਲਾਜ ਲਈ ਬੇਹੱਦ ਜ਼ਰੂਰੀ ਆਕਸੀਜਨ ਅਤੇ ਰੈਮੀਡੀਸੀਵੀਅਰ ਦਵਾਈ ਦੀ ਕਾਲਾਬਜ਼ਾਰੀ ਕਰਨ ਵਿਚ ਰੁੱਝੇ ਹੋਏ ਸਨ। ਇੱਕ ਪਾਸੇ ਤਾਂ ਕਈ ਧਾਰਮਿਕ ਸਥਾਨ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਆਕਸੀਜਨ ਦੇ ਫਰੀ ਲੰਗਰ ਲਗਾਏ ਜਾਣ ਦੀਆਂ ਖਬਰਾਂ ਆ ਰਹੀਆਂ ਸਨ ਤੇ ਦੂਸਰੇ ਪਾਸੇ ਅੱਠ-ਦਸ ਹਜ਼ਾਰ ਦੀ ਕੀਮਤ ਵਾਲਾ ਆਕਸੀਜਨ ਦਾ ਸਿਲੰਡਰ ਇੱਕ ਲੱਖ ਰੁਪਏ ਅਤੇ ਤਿੰਨ ਚਾਰ ਹਜ਼ਾਰ ਦੀ ਕੀਮਤ ਵਾਲਾ ਰੈਮਡੈਸੀਵੀਅਰ ਦਾ ਟੀਕਾ ਪੈਂਤੀ-ਚਾਲੀ ਹਜ਼ਾਰ ਤੱਕ ਵੇਚਣ ਵਰਗੀਆਂ ਘਟੀਆ ਕਰਤੂਤਾਂ ਕੀਤੀਆਂ ਜਾ ਰਹੀਆਂ ਸਨ। ਮਰਨ ਕਿਨਾਰੇ ਪਏ ਆਪਣੇ ਪਿਆਰਿਆਂ ਨੂੰ ਬਚਾਉਣ ਖਾਤਰ ਵਾਰਸ ਕੋਈ ਵੀ ਕੀਮਤ ਦੇਣ ਨੂੰ ਤਿਆਰ ਸਨ। ਪਰ ਕਾਲਾਬਜ਼ਾਰੀ ਕਰਨ ਵਾਲਿਆਂ ਲਈ ਇਨਸਾਨੀ ਜਾਨ ਦੀ ਕੋਈ ਕੀਮਤ ਨਹੀਂ ਹੈ, ਇਹ ਸਿਰਫ ਆਪਣਾ ਮੁਨਾਫਾ ਵੇਖਦੇ ਹਨ।

ਉਸ ਵੇਲੇ ਪ੍ਰਵਾਸੀ ਮਜ਼ਦੂਰਾਂ ਨੂੰ ਯੂ.ਪੀ.- ਬਿਹਾਰ ਲੈ ਕੇ ਜਾਣ ਵਾਲੀਆਂ ਅਨੇਕਾਂ ਬਿਨਾਂ ਪਰਮਿਟ ਤੋਂ ਚੱਲ ਰਹੀਆਂ ਬੱਸਾਂ ਵਾਲੇ ਰੱਜ ਕੇ ਗਰੀਬ ਪ੍ਰਵਾਸੀਆਂ ਦਾ ਖੂਨ ਨਿਚੋੜ ਰਹੇ ਸਨ। ਸਾਧਾਰਨ ਨਾਲੋਂ ਦੁਗਣਾ-ਤਿਗਣਾ ਕਿਰਾਇਆ ਲੈ ਕੇ ਵੀ ਪ੍ਰਵਾਸੀਆਂ ਨੂੰ ਬੱਸਾਂ ਵਿਚ ਮੁਰਗਿਆਂ ਵਾਂਗ ਠੂਸ ਕੇ ਲਿਜਾਇਆ ਜਾ ਰਿਹਾ ਸੀ। 2010 ਵੇਲੇ ਜਦੋਂ ਲੱਦਾਖ ਵਿਚ ਹੜ੍ਹ ਆਏ ਸਨ, ਤਾਂ ਉਥੇ ਫਸੇ ਹੋਏ ਸੈਲਾਨੀਆਂ ਨੂੰ ਕੱਢਣ ਸਮੇਂ ਵੀ ਏਅਰਲਾਈਨਾਂ ਨੇ ਕਮਾਲ ਦੀ ਬੇਸ਼ਰਮੀ ਵਿਖਾਈ ਸੀ। ਲੋਕਾਂ ਦੀ ਮਦਦ ਕਰਨ ਦੀ ਬਜਾਏ ਕਿੰਗਫਿਸ਼ਰ ਅਤੇ ਏਅਰ ਇੰਡੀਆ ਵਰਗੀਆਂ ਕਈ ਕੰਪਨੀਆਂ ਨੇ ਟਿਕਟਾਂ ਦਾ ਰੇਟ ਕਈ ਗੁਣਾ ਵਧਾ ਦਿੱਤਾ ਸੀ। ਉਹ ਗੱਲ ਵੱਖਰੀ ਹੈ ਕਿ ਐਨੀ ਕਮੀਨਗੀ ਵਿਖਾਉਣ ਦੇ ਬਾਵਜੂਦ ਵੀ ਕਿੰਗਫਿਸ਼ਰ ਬੰਦ ਹੋ ਚੁੱਕੀ ਹੈ ਤੇ ਏਅਰ ਇੰਡੀਆ ਦੀਵਾਲੀਆ ਹੋਣ ਕਾਰਨ ਟਾਟਾ ਨੂੰ ਵਿਕ ਚੁੱਕੀ ਹੈ। 1988 ਅਤੇ 1993 ਵਿਚ ਪੰਜਾਬ ਵਿਚ ਭਿਆਨਕ ਹੜ੍ਹ ਆਏ ਸਨ। ਸਮਾਜ ਸੇਵੀ ਸੰਸਥਾਵਾਂ ਨੇ ਪੀੜਤ ਲੋਕਾਂ ਦੀ ਅਥਾਹ ਸੇਵਾ ਕੀਤੀ ਸੀ ਪਰ ਉਸ ਸਮੇਂ ਵੀ ਜਮ੍ਹਾਂਖੋਰਾਂ ਨੇ ਰੱਜ ਕੇ ਮੁਨਾਫਾ ਕਮਾਇਆ ਸੀ। ਰਾਤੋ-ਰਾਤ ਖੰਡ-ਪੱਤੀ ਅਤੇ ਹੋਰ ਜ਼ਰੂਰੀ ਨਿੱਤ ਪ੍ਰਤੀ ਦੀ ਵਰਤੋਂ ਵਾਲੀਆਂ ਵਸਤੂਆਂ ਦੇ ਰੇਟ ਕਈ ਗੁਣਾ ਚੁੱਕ ਦਿੱਤੇ ਸਨ।

1993 ਵਿਚ ਪਟਿਆਲਾ, ਸੰਗਰੂਰ ਅਤੇ ਕਈ ਹੋਰ ਜ਼ਿਲ੍ਹਿਆਂ ਵਿਚ ਘੱਗਰ ਨਦੀ ਨੇ ਹੜ੍ਹਾਂ ਕਾਰਨ ਤਬਾਹੀ ਮਚਾ ਦਿੱਤੀ ਸੀ। ਮੈਂ ਉਸ ਵੇਲੇ ਇੱਕ ਥਾਣੇ ਵਿਚ ਐੱਸ.ਐੱਚ.ਉ. ਲੱਗਾ ਹੋਇਆ ਸੀ। ਇੱਕ ਪਾਸੇ ਸਮਾਜ ਸੇਵੀ ਪੀੜਤਾਂ ਲਈ ਮਦਦ ਭੇਜ ਰਹੇ ਸਨ ਪਰ ਦੂਸਰੇ ਪਾਸੇ ਕਈ ਦੁਕਾਨਦਾਰਾਂ ਨੇ ਪ੍ਰਚੂਨ ਵਸਤੂਆਂ ਦੇ ਰੇਟ ਦੂਣੇ ਕਰ ਦਿੱਤੇ ਤੇ ਸਭ ਤੋਂ ਜ਼ਰੂਰੀ ਵਸਤੂ ਤਰਪਾਲ ਨੂੰ ਤਾਂ ਬਜ਼ਾਰ ਵਿਚੋਂ ਗਾਇਬ ਹੀ ਕਰ ਦਿੱਤਾ ਸੀ। ਜਦੋਂ ਲੋਕਾਂ ਵਿਚ ਹਾਹਾਕਾਰ ਮੱਚੀ, ਤਾਂ ਅਸੀਂ ਅਜਿਹੇ ਕਈ ਜਮ੍ਹਾਖੋਰਾਂ 'ਤੇ ਮੁਕੱਦਮੇ ਦਰਜ਼ ਕੀਤੇ, ਤਾਂ ਜਾ ਕੇ ਹਾਲਾਤ ਵਿਚ ਸੁਧਾਰ ਆਇਆ ਸੀ। ਅਜਿਹੇ ਲੋਕਾਂ ਲਈ ਵਰਤਿਆ ਜਾਣ ਵਾਲਾ ਸ਼ਬਦ ਇਨਸਾਨੀ ਗਿਰਝਾਂ (ਹਿਊਮਨ ਵਲਚਰ) ਮੱਧ ਕਾਲ ਸਮੇਂ ਯੂਰਪ ਵਿਚ ਇਜਾਦ ਹੋਇਆ ਸੀ। ਉਸ ਸਮੇਂ ਹਜ਼ਾਰਾਂ ਲੋਕਾਂ ਦੇ ਅਜਿਹੇ ਗਿਰੋਹ ਸਾਰੇ ਯੂਰਪ ਵਿਚ ਫੈਲੇ ਹੋਏ ਸਨ, ਜੋ ਫੌਜਾਂ ਦੇ ਪਿੱਛੇ-ਪਿੱਛੇ ਚੱਲਦੇ ਸਨ। ਮੱਧ ਕਾਲ ਯੂਰਪ ਵਿਚ ਅਸ਼ਾਂਤੀ ਦਾ ਕਾਲ ਸੀ ਤੇ ਦੇਸ਼ਾਂ ਦਰਮਿਆਨ ਲਗਾਤਾਰ ਯੁੱਧ ਚੱਲ ਰਹੇ ਸਨ। ਜੰਗ ਖਤਮ ਹੋਣ ਤੋਂ ਬਾਅਦ ਇਨਸਾਨੀ ਗਿਰਝਾਂ ਜੰਗ ਦੇ ਮੈਦਾਨ ਵਿਚ ਪਹੁੰਚ ਜਾਂਦੀਆਂ ਤੇ ਜ਼ਖਮੀ ਫੌਜੀਆਂ ਦੀ ਸਾਂਭ-ਸੰਭਾਲ ਅਤੇ ਮ੍ਰਿਤਕਾਂ ਨੂੰ ਦਫਨਾਉਣ ਵਿਚ ਮਦਦ ਕਰਨ ਦੇ ਬਹਾਨੇ ਉਨ੍ਹਾਂ ਦਾ ਸਮਾਨ ਚੋਰੀ ਕਰ ਲੈਂਦੀਆਂ ਸਨ। ਫਰਾਂਸ ਦੇ ਬਾਦਸ਼ਾਹ ਲੂਈ ਚੌਧਵੇਂ (ਸ਼ਾਸਨ 1643 ਤੋਂ 1715 ਈਸਵੀ) ਸਮੇਂ ਇਹ ਵਰਤਾਰਾ ਐਨਾ ਵਧ ਗਿਆ ਸੀ ਕਿ ਇਸ ਦੀ ਰੋਕਥਾਮ ਲਈ ਫਰਾਂਸ ਦੀ ਫੌਜ ਨੇ ਅਜਿਹੇ ਹਜ਼ਾਰਾਂ ਗਿਰਝਾਂ ਨੂੰ ਸੂਲੀ 'ਤੇ ਲਟਕਾ ਦਿੱਤਾ ਸੀ। ਆਧੁਨਿਕ ਗਿਰਝਾਂ ਨਾਲ ਵੀ ਕਾਨੂੰਨ ਅਨੁਸਾਰ ਸਖਤੀ ਨਾਲ ਨਿਪਟਿਆ ਜਾਣਾ ਚਾਹੀਦਾ ਹੈ।

> ਉਸ ਵੇਲੇ ਪ੍ਰਵਾਸੀ ਮਜ਼ਦੂਰਾਂ ਨੂੰ ਯੂ.ਪੀ.- ਬਿਹਾਰ ਲੈ ਕੇ ਜਾਣ ਵਾਲੀਆਂ ਅਨੇਕਾਂ ਬਿਨਾਂ ਪਰਮਿਟ ਤੋਂ ਚੱਲ ਰਹੀਆਂ ਬੱਸਾਂ ਵਾਲੇ ਰੱਜ ਕੇ ਗਰੀਬ ਪ੍ਰਵਾਸੀਆਂ ਦਾ ਖੂਨ ਨਿਚੋੜ ਰਹੇ ਸਨ। ਸਧਾਰਨ ਨਾਲੋਂ ਦੁੱਗਣਾ-ਤਿਗਣਾ ਕਿਰਾਇਆ ਲੈ ਕੇ ਵੀ ਪ੍ਰਵਾਸੀਆਂ ਨੂੰ ਬੱਸਾਂ ਵਿਚ ਮੁਰਗਿਆਂ ਵਾਂਗ ਤੂਸ ਕੇ ਲਿਜਾਇਆ ਜਾ ਰਿਹਾ ਸੀ। 2010 ਵੇਲੇ ਜਦੋਂ ਲੱਦਾਖ ਵਿਚ ਹੜ੍ਹ ਆਏ ਸਨ, ਤਾਂ ਉਥੇ ਫਸੇ ਹੋਏ ਸੈਲਾਨੀਆਂ ਨੂੰ ਕੱਢਣ ਸਮੇਂ ਵੀ ਏਅਰਲਾਈਨਾਂ ਨੇ ਕਮਾਲ ਦੀ ਬੇਸ਼ਰਮੀ ਵਿਖਾਈ ਸੀ।

# "ਇਸ ਸਦੀ ਦਾ ਕਾਮਯਾਬ ਆਸ਼ਿਕ"

## ਵਿਚਾਰ ਪ੍ਰਵਾਹ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
ਪੰਜਾਬ ਮੇਲ USA



ਸੱਚੇ ਆਸ਼ਕਾਂ ਅਤੇ ਮਾਸ਼ੂਕਾਂ ਨਾਲ ਇਤਿਹਾਸ ਭਰਿਆ ਪਿਆ ਹੈ ਪਰ ਉਹ ਸਾਰਾ ਇਤਿਹਾਸ ਸਦੀਆਂ ਪੁਰਾਣਾ ਹੈ, ਜਿਸ ਵਿਚ ਹੀਰ ਰਾਂਝਾ, ਸੱਸੀ ਪੁੰਨੂੰ, ਮਿਰਜ਼ਾ ਸਾਹਿਬਾਂ, ਸ਼ੀਰੀਂ ਫ਼ਰਹਾਦ, ਰੋਮੀਉ ਜੂਲੀਅਟ, ਸੋਹਣੀ ਮਹੀਂਵਾਲ, ਲੈਲਾ ਮਜਨੂੰ, ਇੰਦਰ ਬੇਗੋ ਆਦਿ ਪਰ ਨਾ ਤਾਂ ਇਨ੍ਹਾਂ ਨੂੰ ਕਿਸੇ ਨੇ ਅੱਖੀਂ ਵੇਖਿਆ, ਨਾ ਹੀ ਕੰਨੀਂ ਸੁਣਿਆ ਹੈ। ਕੁਝ ਲੋਕ ਇਸ ਨੂੰ ਸੱਚ ਮੰਨਦੇ ਹਨ ਅਤੇ ਕੁਝ ਮਨੋ ਕਲਪਿਤ ਕਹਾਣੀਆਂ ਮੰਨਦੇ ਹਨ। ਪਰ ਪੰਜਾਹ, 80, 90 ਵਰ੍ਹੇ ਪਹਿਲਾਂ ਇੱਕ ਸੱਚਾ ਆਸ਼ਿਕ ਪੰਜਾਬ ਦੀ ਧਰਤੀ 'ਤੇ ਪੈਦਾ ਹੋਇਆ ਅਤੇ ਆਪਣੀ ਪਿਆਰ ਦੀ ਹਿੰਡ ਪੁਗਾਉਣ ਖਾਤਰ ਆਪਣੀ ਪਹਿਲੀ ਰੱਬ ਰੂਪ ਪਤਨੀ, ਪੁੱਤਰਾਂ, ਧੀਆਂ ਨਾਲ ਚਹਿਕਦੇ ਪਰਿਵਾਰ ਨਾਲ ਭਿੜ ਗਿਆ। ਕਾਨੂੰਨੀ ਅੜਚਨਾਂ ਤੋਂ ਬਚਣ ਖਾਤਰ ਧਰਮ ਵੀ ਪਰਿਵਰਤਨ ਕਰ ਗਿਆ ਪਰ ਆਪਣੇ ਪਿਆਰ ਨੂੰ ਸਿਰਫ ਪਾ ਹੀ ਨਹੀਂ ਗਿਆ, ਸਗੋਂ ਚਾਲੀ-ਪੰਜਤਾਲੀ ਵਰ੍ਹੇ ਨਿਭਾਉਣ ਅਤੇ ਮੁੜ ਪਿਤਾ ਬਣਨ ਦਾ ਫਰਜ਼ ਨਿਭਾਅ ਕੇ ਦੁਨੀਆਂ ਤੋਂ ਰੁਖ਼ਸਤ ਹੋਇਆ। ਇਹ ਸਭ ਕੁਝ ਮੇਰੇ ਹਮਉਮਰ ਮੇਰੇ ਤੋਂ ਵੀਹ-ਪੱਚੀ ਸਾਲ ਵੱਡਿਆਂ ਅਤੇ ਮੇਰੇ ਤੋਂ ਪੰਜਾਹ-ਪਚਵੰਜਾ ਸਾਲ ਛੋਟਿਆਂ ਨੇ ਅੱਖੀਂ ਵੇਖਿਆ ਹੈ ਅਤੇ ਉਸ ਦੀਆਂ ਫਿਲਮਾਂ ਦਾ ਆਨੰਦ ਮਾਣਿਆ ਅਤੇ ਉਸਦੀ ਸ਼ਖ਼ਸੀਅਤ ਦੇ ਮੁਰੀਦ ਹੋ ਲਿਆ, ਏਨੇ ਵੇਰਵੇ ਦੇਣ ਉਪਰੰਤ ਕੋਈ ਅਜਿਹਾ ਵਿਅਕਤੀ ਨਹੀਂ ਹੋਵੇਗਾ, ਜਿਸ ਨੂੰ ਸਮਝਣ ਵਿਚ ਮੁਸ਼ਕਿਲ ਆਈ ਹੋਵੇ ਉਹ ਕੌਣ ਸੀ। ਅਸਲ ਕਹਾਣੀ ਇਉਂ ਬਣਦੀ ਹੈ ਕਿ

"ਐ ਦਿਲ ਜ਼ਰਾ ਸੀ ਤੂੰ ਸਮਝ ਕਰ,
ਅਸਲ ਹਾਲਾਤ ਕੋ ਤੂੰ ਜਾਨਤਾ ਹੀ ਨਹੀਂ,
ਇਹ ਕਿਸੇ ਦੀ ਸੁਣਦਾ ਨੀ
ਅਪਣੀ ਮਰਜ਼ੀ ਕਰੇ ਦਿਲ ਹੈ ਕਿ ਚੰਦਰਾ ਮਾਨਤਾ ਹੀ ਨਹੀਂ"

"ਯੇ ਨਾਦਾਨ ਉਸਕੇ ਪੀਛੇ ਭੀ ਲਗ ਜਾਤਾ ਹੈ
ਜਿਸੇਂ ਵੋ ਜਾਨਤਾ ਭੀ ਨਹੀਂ
ਏਕ ਕਾ ਹੋਕਰ ਬੈਠਜਾ ਓਏ ਮੂਰਖ
ਏਕ ਕਾ ਹੋ ਜਾਨੇ ਸੇ ਫੇਰ ਦਰ ਦਰ ਕੀ ਖਾਕ ਛਾਨਤਾ ਵੀ ਨਹੀਂ"



ਧਰਮਿੰਦਰ ਜੀ ਦਾ ਦਿਲ ਆਇਆ ਡ੍ਰੀਮਗਰਲ ਹੇਮਾਮਾਲਿਨੀ 'ਤੇ। ਫਿਲਮੀ ਕਹਾਣੀ ਅਨੁਸਾਰ ਹੇਮਾ ਮਾਲਿਨੀ ਬੇਸ਼ੱਕ ਰਾਜ਼ੀ ਸੀ ਪਰ ਕਬਾਬ ਵਿਚ ਹੱਡੀ ਬਣੀ ਹੇਮਾ ਦੀ ਮੌਸੀ (ਮਾਸੀ)। ਜਦੋਂ ਅਮਿਤਾਭ ਬੱਚਨ ਰਾਹੀਂ ਤਰਲੇ-ਮਿੰਨਤਾਂ ਕਰਾਉਣ ਨਾਲ ਵੀ ਮੌਸੀ ਨਾ ਮੰਨੀ, ਤਾਂ ਧਰਮਿੰਦਰ ਹੁਣਾਂ ਦੇ ਅੰਦਰਲਾ "ਜੱਟ ਜਾਗਿਆ" ਅਤੇ ਉਹ ਚੜ੍ਹ ਗਏ ਪਾਣੀ ਵਾਲੀ ਟੈਂਕੀ 'ਤੇ, ਜਿਥੋਂ ਸਾਰਾ ਸ਼ਹਿਰ ਦਿੱਸਦਾ ਸੀ। ਜੇ ਤਾਂ ਕੋਈ ਅੱਜ ਵਰਗਾ ਭੂੰਡ ਆਸ਼ਿਕ ਹੁੰਦਾ, ਤਾਂ



ਟੈਂਕੀ ਤੋਂ ਹੇਠਾਂ ਨਜ਼ਰ ਮਾਰਦਾ, ਕੋਈ ਸੋਹਣੀ ਜਿਹੀ ਕੁੜੀ ਵੇਖਦਾ, ਤਾਂ ਛਾਲਾਂ ਮਾਰਦਾ ਹੇਠਾਂ ਐਂ ਆਉਂਦਾ, ਜਿਵੇਂ ਡਾਲਰ ਮੂਹਰੇ ਰੁਪਈਆ ਆਉਂਦਾ ਹੈ ਤੇ ਉਸ ਨਾਲ ਵਿਆਹ ਕਰ ਲੈਂਦਾ ਕਿਉਂਕਿ ਮੌਕੇ ਦੇ (ਹੀ-ਮੈਨ) ਨਾਲ ਵਿਆਹ ਕਰਾਉਣ ਨੂੰ ਕੋਈ ਵੀ ਰਾਜ਼ੀ ਹੋ ਜਾਂਦੀ ਪਰ ਜੱਟ ਨੇ ਵਿਆਹ ਨਹੀਂ ਸੀ ਕਰਾਉਣਾ, ਹਿੰਡ ਪੁਗਾਉਣੀ ਸੀ ਅਤੇ ਉਹ ਦੁਨੀਆਂ ਜਹਾਨ ਧਰਮ, ਜਾਤ ਤੋਂ ਉੱਪਰ ਉੱਠ ਕੇ ਪਰਿਵਾਰ ਨੂੰ ਵੀ ਨਜ਼ਰ ਅੰਦਾਜ਼ ਕਰਕੇ ਸੱਚੇ ਅਤੇ ਕਾਮਯਾਬ ਆਸ਼ਿਕਾਂ ਵਿਚ ਆਪਣਾ ਨਾਮ ਦਰਜ ਕਰਵਾ ਗਿਆ।

# ਆਓ ਨਵੇਂ ਸਾਲ ਦੇ ਵਿਚ ਕੁਝ ਵੱਖਰਾ ਤੇ ਵਧੀਆ ਕਰਨ ਦਾ ਯਤਨ ਕਰੀਏ


ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ
559-285-0841
ਪੰਜਾਬ ਮੇਲ USA







ਕੁਝ ਦਿਨ ਪਹਿਲਾਂ ਪਿਛਲਾ ਵਰ੍ਹਾ 2025 ਬੀਤ ਗਿਆ ਅਤੇ ਨਵੇਂ ਵਰ੍ਹੇ ਨੇ 2026 ਨੇ ਦਸਤਕ ਆਣ ਦਿੱਤੀ ਹੈ। ਬੀਤੇ ਵਰ੍ਹੇ ਬਹੁਤ ਕੁਝ ਅਜਿਹਾ ਹੋਇਆ, ਜੋ ਸਾਨੂੰ ਚੰਗਾ ਮਾੜਾ ਲੱਗਿਆ। ਇਸੇ ਲਈ ਅਸੀਂ ਕਈ ਵਾਰ ਆਪਣੇ ਮਨ ਦੇ ਵਿਚ ਬੀਤੇ ਵਰ੍ਹੇ ਨੂੰ ਕੋਸਦੇ ਹਾਂ। ਚਲੋ ਹੁਣ ਤਾਂ ਨਵੇਂ ਵਰ੍ਹੇ ਦੀ ਸ਼ੁਰੂਆਤ ਹੋ ਚੁੱਕੀ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਅਸੀਂ ਨਵੇਂ ਵਰ੍ਹੇ ਦੀ ਆਮਦ ’ਤੇ ਕੁਝ ਵੱਖਰਾ ਸਿਰਜਣ ਦਾ ਯਤਨ ਕਰੀਏ, ਜਿਸ ਨੂੰ ਵੇਖ ਕੇ ਦੁਨੀਆਂ ਅੱਸ਼-ਅੱਸ਼ ਕਰ ਉਠੇ। ਬੀਤੇ ਵਰ੍ਹੇ ਜੋ ਕੁਝ ਅਸੀਂ ਕੀਤਾ, ਗਲਤ ਕੀਤਾ, ਮਾੜਾ ਕੀਤਾ ਜਾਂ ਦੁਨਿਆਵੀ ਦਿਸਹੱਦਿਆਂ ਨੂੰ ਉਲੰਘ ਕੇ ਕੀਤਾ, ਉਸ ਨੂੰ ਵੇਖ ਕੇ ਜੇਕਰ ਅਸੀਂ ਇਹ ਆਖੀਏ ਕਿ ਹਾਂ ਅਸੀਂ ਬਿਲਕੁਲ ਮਾੜਾ ਕੀਤਾ ਹੈ, ਤਾਂ ਸੱਚ ਜਾਣਿਓ ਸਾਨੂੰ ਨਵੇਂ ਵਰ੍ਹੇ ਦੀ ਆਮਦ ’ਤੇ ਕੁਝ ਵੱਖਰਾ ਅਤੇ ਵਧੀਆ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਚੰਗਾ ਹੋਵੇ, ਜੇਕਰ ਅਸੀਂ ਨਵੇਂ ਸਾਲ ਦੀ ਸ਼ੁਰੂਆਤ ਸਮੇਂ ਇੱਕ ਵਧੀਆ ਮਨ ਲੈ ਕੇ ਇਸ ਖੇਤਰ ਦੇ ਵਿਚ ਉਤਰਨ ਦਾ ਯਤਨ ਕਰੀਏ। ਗੱਲ ਭਾਵੇਂ ਗੁਰਬਾਣੀ ਦੇ ਫਲਸਫੇ ਦੀ ਹੋਵੇ ਜਾਂ ਮਨੁੱਖੀ ਨੈਤਿਕ ਕਦਰਾਂ-ਕੀਮਤਾਂ ਦੀ, ਅਸੀਂ ਸਾਰੇ ਖੇਤਰਾਂ ਦੇ ਵਿਚ ਪੂਰਾ ਉਤਰ ਸਕੀਏ। ਦੁਨੀਆਂ ਭਾਵੇਂ ਬਹੁਤ ਦੂਰ ਤੱਕ ਪਹੁੰਚ ਚੁੱਕੀ ਹੈ ਪਰ ਕਈ ਖੇਤਰਾਂ ਦੇ ਵਿਚ ਅਸੀਂ ਪੰਜਾਬੀ ਫਾਡੀ ਰਹਿ ਗਏ ਹਾਂ, ਸਾਨੂੰ ਵੀ ਚਾਹੀਦਾ ਹੈ ਕਿ ਅਸੀਂ ਕੁਝ ਅਜਿਹਾ ਕਰੀਏ, ਜੋ ਨਵੇਂ ਵਰ੍ਹੇ ਦੇ ਤੁਲ ਹੋਵੇ।

ਅਜਿਹੇ ਕੰਮ ਸਾਨੂੰ ਕਰਨੇ ਚਾਹੀਦੇ ਹਨ। ਉਸ ਤੋਂ ਬਾਅਦ ਧਾਰਮਿਕ ਖੇਤਰ ਦੇ ਅੰਦਰ ਵੀ ਸਾਨੂੰ ਕਾਫੀ ਕੁਝ ਕਰਨ ਦੀ ਲੋੜ ਹੈ। ਉਸ ਦੇ ਵਿਚ ਵੀ ਸਾਨੂੰ ਕੁਝ ਨਵਾਂ ਕਰਨ ਦੇ ਲਈ ਮੈਦਾਨ ਵਿਚ ਆਉਣਾ ਚਾਹੀਦਾ ਹੈ। ਨਸ਼ੇ ਦੀ ਲੱਤ ਨੂੰ ਲੱਗੇ ਨੌਜਵਾਨਾਂ ਨੂੰ ਇਸ ਪਾਸੇ ਤੋਂ ਮੋੜਨ ਦੀ ਲੋੜ ਹੈ। ਜਿਹੜੇ ਨੌਜਵਾਨ ਗਲਤ ਰਾਹ ਪੈ ਚੁੱਕੇ ਹਨ, ਉਨ੍ਹਾਂ ਨੂੰ ਵੀ ਸਹੀ ਦਿਸ਼ਾ ਵੱਲ ਲਿਆਉਣ ਦੇ ਲਈ ਚਾਰਾਜੋਈ ਕਰਨੀ ਚਾਹੀਦੀ ਹੈ। ਇਹ ਗੱਲਾਂ ਸਾਨੂੰ ਸਾਰਿਆਂ ਨੂੰ ਕਰਨੀਆਂ ਬਣਦੀਆਂ ਹਨ। ਇਹ ਕਿਸੇ ਇੱਕ ਦਾ ਕੰਮ ਨਹੀਂ ਹਨ। ਦੂਜੇ ਖੇਤਰਾਂ ਦੀ ਗੱਲ ਕਰੀਏ, ਤਾਂ ਇਮਾਨਦਾਰੀ ਦੀ ਮਿਸਾਲ ਬਣ ਕੇ ਸਾਨੂੰ ਸਮਾਜ ਦੇ ਅੰਦਰ ਰਹਿਣਾ ਚਾਹੀਦਾ ਹੈ। ਅਸੀਂ ਭਾਵੇਂ ਕਿਸੇ ਵੀ ਖੇਤਰ ਦੇ ਵਿਚ ਹੋਈਏ, ਸਾਨੂੰ ਪੰਜਾਬੀ ਮਾਂ ਬੋਲੀ ਤੋਂ ਟੁੱਟਣਾ ਨਹੀਂ ਚਾਹੀਦਾ ਕਿਉਂਕਿ ਜੇਕਰ ਅਸੀਂ ਪੰਜਾਬੀ ਮਾਂ ਬੋਲੀ ਤੋਂ ਟੁੱਟ ਜਾਵਾਂਗੇ, ਤਾਂ ਕੱਖਾਂ ਵਾਂਗੂ ਰੁਲ ਜਾਵਾਂਗੇ। ਉਸ ਤੋਂ ਅਗਲੀ ਗੱਲ ਕਰੀਏ ਇਮਾਨਦਾਰੀ ਨਾਲ ਜ਼ਿੰਦਗੀ ਜਿਉਣ ਦੀ, ਉੱਥੇ ਵੀ ਸਾਨੂੰ ਨਵੇਂ ਵਰ੍ਹੇ ਦੀ ਆਮਦ ਨੂੰ ਮੁੱਖ ਰੱਖ ਕੇ ਭਾਈਚਾਰਕ ਏਕਾ ਬਣਾਉਂਦਿਆਂ ਹੋਇਆਂ ਆਪਣੇ ਭਾਈਆਂ ਨਾਲ ਪਿਆਰ ਦੀਆਂ ਗੰਢਾਂ ਪੀਢੀਆਂ ਕਰਨੀਆਂ ਚਾਹੀਦੀਆਂ ਹਨ। ਨੌਜਵਾਨ ਵਰਗ ਨੂੰ ਚਾਹੀਦਾ ਹੈ ਕਿ ਉਹ ਸਮਾਜ ਦੀ ਅਗਵਾਈ ਕਰਨ ਦੇ ਸਮਰੱਥ ਹੋਵੇ ਅਤੇ ਅੱਗੇ ਹੋ ਕੇ ਸਾਰੀ ਗੱਲਬਾਤ ਆਪ ਸਾਂਭੇ, ਇਹ ਵੱਡੀ ਲੋੜ ਹੈ।

> *ਅਜਿਹੇ ਕੰਮ ਸਾਨੂੰ ਕਰਨੇ ਚਾਹੀਦੇ ਹਨ। ਉਸ ਤੋਂ ਬਾਅਦ ਧਾਰਮਿਕ ਖੇਤਰ ਦੇ ਅੰਦਰ ਵੀ ਸਾਨੂੰ ਕਾਫੀ ਕੁਝ ਕਰਨ ਦੀ ਲੋੜ ਹੈ। ਉਸ ਦੇ ਵਿਚ ਵੀ ਸਾਨੂੰ ਕੁਝ ਨਵਾਂ ਕਰਨ ਦੇ ਲਈ ਮੈਦਾਨ ਵਿਚ ਆਉਣਾ ਚਾਹੀਦਾ ਹੈ। ਨਸ਼ੇ ਦੀ ਲੱਤ ਨੂੰ ਲੱਗੇ ਨੌਜਵਾਨਾਂ ਨੂੰ ਇਸ ਪਾਸੇ ਤੋਂ ਮੋੜਨ ਦੀ ਲੋੜ ਹੈ। ਜਿਹੜੇ ਨੌਜਵਾਨ ਗਲਤ ਰਾਹ ਪੈ ਚੁੱਕੇ ਹਨ, ਉਨ੍ਹਾਂ ਨੂੰ ਵੀ ਸਹੀ ਦਿਸ਼ਾ ਵੱਲ ਲਿਆਉਣ ਦੇ ਲਈ ਚਾਰਾਜੋਈ ਕਰਨੀ ਚਾਹੀਦੀ ਹੈ। ਇਹ ਗੱਲਾਂ ਸਾਨੂੰ ਸਾਰਿਆਂ ਨੂੰ ਕਰਨੀਆਂ ਬਣਦੀਆਂ ਹਨ। ਇਹ ਕਿਸੇ ਇੱਕ ਦਾ ਕੰਮ ਨਹੀਂ ਹਨ।*

ਪਰਿਵਾਰਾਂ ਦੀ ਏਕਤਾ ਨੂੰ ਵੇਖ ਕੇ ਸਾਰੇ ਜੀਆਂ ਨੂੰ ਏਕਾ ਬਣਾਈ ਰੱਖਣ ਦੇ ਲਈ ਪਹਿਲ ਕਰਨੀ ਚਾਹੀਦੀ ਹੈ। ਮਾਂ-ਪਿਓ ਦੀ ਸੇਵਾ ਕਰਨਾ ਸਾਡਾ ਧਰਮ ਹੈ। ਜੇਕਰ ਅਸੀਂ ਮਾਂ-ਪਿਓ ਦੀ ਸੇਵਾ ਨਹੀਂ ਕਰਾਂਗੇ, ਤਾਂ ਇੱਕ ਵਧੀਆ ਇਨਸਾਨ ਨਹੀਂ ਕਹਾਵਾਂਗੇ। ਬਿਨਾਂ ਸ਼ੱਕ ਮਾਂ-ਪਿਓ ਜਿਸ ਨੇ ਸਾਨੂੰ ਇਸ ਦੁਨੀਆਂ ’ਤੇ ਆਉਣ ਜੋਗਾ ਕੀਤਾ ਹੈ। ਇਸ ਲਈ ਸਾਡਾ ਫਰਜ਼ ਬਣ ਜਾਂਦਾ ਹੈ ਕਿ ਅਸੀਂ ਉਨ੍ਹਾਂ ਦਾ ਸਤਿਕਾਰ ਕਰੀਏ। ਪਤੀ ਪਤਨੀ ਦੇ ਰਿਸ਼ਤੇ ਵਿਚ ਵੀ ਸਾਨੂੰ ਕਦੇ ਦਰਾੜ ਲਿਆ ਕੇ ਪਰਿਵਾਰ ਨੂੰ ਧਰਮ ਸੰਕਟ ਵਿਚ ਨਹੀਂ ਪਾਉਣਾ ਚਾਹੀਦਾ। ਉਸ ਤੋਂ ਇਲਾਵਾ ਹਸਪਤਾਲਾਂ ਦੇ ਅੰਦਰ ਜਿਹੜੇ ਲੋਕ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੇ ਹਨ, ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ। ਸਿੱਖਿਆ ਦੇ ਖੇਤਰ ਅੰਦਰ ਵੀ ਸਾਨੂੰ ਬਹੁਤ ਕੁਝ ਕਰਨਾ ਪੈਣਾ ਹੈ। ਗੁਰਦੁਆਰਿਆਂ ਦੇ ਅੰਦਰ ਹੁੰਦੀਆਂ ਲੜਾਈਆਂ ਨੂੰ ਰੋਕ ਕੇ ਭਾਈਚਾਰਕ ਸਾਂਝ ਦੀ ਬਾਤ ਪਾਉਂਦੇ ਹੋਏ ਸਾਨੂੰ ਅਜਿਹਾ ਮਾਹੌਲ ਬਣਾਉਣਾ ਚਾਹੀਦਾ ਹੈ, ਜੋ ਸਾਰਿਆਂ ਨੂੰ ਚੰਗਾ ਲੱਗੇ। ਪਿਛਲੇ ਵਰ੍ਹੇ ਜੋ ਕੁਝ ਕਈ ਖੇਤਰਾਂ ਦੇ ਅੰਦਰ ਪੰਜਾਬੀਆਂ ਨੇ ਕੀਤਾ, ਉਸ ਨੂੰ ਸਹੀ ਨਹੀਂ ਕਿਹਾ ਜਾ ਸਕਦਾ। ਨੌਜਵਾਨ ਪੀੜ੍ਹੀ ਨੂੰ ਇਸ ਪਾਸੇ ਵੱਲ ਖਾਸ ਤੌਰ ’ਤੇ ਧਿਆਨ ਦੇਣ ਦੀ ਲੋੜ ਹੈ ਕਿਉਂਕਿ ਨੌਜਵਾਨ ਵਰਗ ਸਮਾਜ ਦਾ ਇੱਕ ਤਰ੍ਹਾਂ ਨਾਲ ਰਾਹ ਦਸੇਰਾ ਬਣਦਾ ਹੈ। ਬਾਕੀ ਸਾਰੇ ਖੇਤਰਾਂ ਦੇ ਵਿਚ ਵੀ ਬਹੁਤ ਕੁਝ ਕਰਨ ਦੀ ਲੋੜ ਹੈ। ਖਾਸ ਕਰ ਧਾਰਮਿਕ ਖੇਤਰ ਦੇ ਅੰਦਰ ਨਵੀਆਂ ਪੈੜਾਂ ਪਾਈਆਂ ਜਾਣ ਤਾਂ ਚੰਗਾ ਹੈ। ਸਭ ਤੋਂ ਵੱਡੀ ਸਿੱਖਿਆ ਗੁਰੂ ਸਾਹਿਬਾਨ ਦੀ ਹੁੰਦੀ ਹੈ, ਉਸ ’ਤੇ ਪਹਿਰਾ ਦੇਣ ਦੀ ਲੋੜ ਹੈ।

ਕਮ ਸੇ ਕਮ ਅਸੀਂ ਇੱਕ ਗੱਲ ਤਾਂ ਕਰ ਸਕਦੇ ਹਾਂ ਕਿ ਅਸੀਂ ਸਾਡੇ ਗੁਰੂਆਂ ਦੀ ਸਿੱਖਿਆ ਅਤੇ ਉਨ੍ਹਾਂ ਦੇ ਪਰਿਵਾਰਾਂ ਤੋਂ ਸੇਧ ਲੈ ਕੇ ਜ਼ਿੰਦਗੀ ਚੰਗੀ ਤਰ੍ਹਾਂ ਜਿਉਂ ਸਕਦੇ ਹਾਂ। ਜਿਸ ਨੂੰ ਵੇਖ ਕੇ ਪੂਰੀ ਦੁਨੀਆਂ ਦੇ ਅੰਦਰ ਇੱਕ ਗੱਲ ਚੱਲੇ ਕਿ ਪਿਆਰ ਆਹ ਹੁੰਦਾ ਹੈ। ਅਸਲ ਵਿਚ ਗੱਲ ਤਾਂ ਇਹ ਹੈ ਕਿ ਸਾਨੂੰ ਸਾਰੇ ਹੀ ਖੇਤਰਾਂ ਦੇ ਅੰਦਰ ਬਹੁਤ ਕੁਝ ਅਜਿਹਾ ਕਰਨ ਦੀ ਲੋੜ ਹੈ, ਜਿਸ ਨੂੰ ਵੇਖ ਕੇ ਦੁਨੀਆਂ ਦੇ ਹਰ ਕੋਨੇ ਵਿਚ ਬੈਠਾ ਸਿੱਖ ਜਾਂ ਪੰਜਾਬੀ ਇਸ ਦੀ ਸ਼ਲਾਘਾ ਕਰੇ ਕਿ ਹੁਣ ਪੰਜਾਬੀ ਨਵੇਂ ਵਰ੍ਹੇ ਦੀ ਆਮਦ ’ਤੇ ਕਿੰਨੇ ਬਦਲ ਚੁੱਕੇ ਹਨ। ਕਾਨੂੰਨ ਨੂੰ ਹੱਥ ਵਿਚ ਲੈਣ ਦੀ ਲੋੜ ਨਹੀਂ ਹੁੰਦੀ, ਇਸ ਦੇ ਲਈ ਪ੍ਰਸ਼ਾਸਨ ਹੁੰਦਾ ਹੈ, ਉੱਥੇ ਤੱਕ ਪਹੁੰਚ ਕਰਨੀ ਚਾਹੀਦੀ ਹੈ। ਲੜਾਈ-ਝਗੜੇ ਤੋਂ ਦੂਰ ਰਹਿ ਕੇ ਇੱਕ ਚੰਗਾ ਮਾਹੌਲ ਬਣਾਇਆ ਜਾਵੇ, ਤਾਂ ਕਿ ਸਾਡੀ ਬਦਨਾਮੀ ਨਾ ਹੋਵੇ। ਇਹ ਕੁਝ ਗੱਲਾਂ-ਬਾਤਾਂ ਸਾਨੂੰ ਨਵੇਂ ਵਰ੍ਹੇ ਦੀ ਆਮਦ ਨੂੰ ਮੁੱਖ ਰੱਖ ਕੇ ਕਰਨੀਆਂ ਚਾਹੀਦੀਆਂ ਹਨ। ਜੇਕਰ ਅਸੀਂ ਅਜੇ ਵੀ ਨਾ ਸੰਭਲੇ, ਤਾਂ ਸਮਾਂ ਸਾਡੇ ਕੋਲੋਂ ਰੇਤ ਦੀ ਮੁੱਠੀ ਵਾਂਗ ਕਿਰ ਜਾਵੇਗਾ ਤੇ ਸਾਡੇ ਪੱਲੇ ਸਿਰਫ ਪਛਤਾਉਣਾ ਰਹਿ ਜਾਵੇਗਾ। ਫਿਰ ਅਸੀਂ ਕੁਝ ਨਹੀਂ ਕਰ ਸਕਦੇ। ਸੋ ਇਸੇ ਲਈ ਸਾਨੂੰ ਨਵੇਂ ਵਰ੍ਹੇ ਦੇ ਸ਼ੁਰੂ ਹੋਣ ’ਤੇ ਇੱਕ ਗੱਲ ਮਨ ਮਸਤਕ ਦੇ ਵਿੱਚ ਧਾਰ ਕੇ ਕਰਨੀ ਚਾਹੀਦੀ ਹੈ ਕਿ ਅਸੀਂ ਸਾਰੇ ਖੇਤਰਾਂ ਦੇ ਵਿਚ ਆਪਣੇ ਆਪ ਨੂੰ ਸਹੀ ਬਣਾ ਕੇ ਰੱਖਣਾ ਹੈ। ਜੇਕਰ ਅਸੀਂ ਆਪ ਨੂੰ ਸਹੀ ਬਣਾ ਕੇ ਰੱਖਾਂਗੇ, ਤਾਂ ਸਾਨੂੰ ਦੂਜਿਆਂ ਨੂੰ ਗਲਤ ਕਹਿਣ ਦੀ ਲੋੜ ਨਹੀਂ ਹੋਵੇਗੀ। ਆਓ ਨਵੇਂ ਵਰ੍ਹੇ ਦੀ ਆਮਦ ’ਤੇ ਪਿਆਰ ਵੰਡੀਏ।

# ਭੂਖਨੇ ’ਚ ਚਵਾਨੀ

## ਕੰਡੇ ਦਾ ਕੰਡਾ : -ਡਾ. ਅਮਰੀਕ ਸਿੰਘ ਕੰਡਾ


-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ
ਨੇੜੇ ਨੈਸ਼ਲੇ ਮੋਗਾ
98557-35666
(Punjab Mail USA)






“ਚਾਚਾ ਵੇਖੀਂ ਸਰਕਾਰ ਕੀ ਕੀ ਕਰੂਗੀ, ਅੱਜ ਪ੍ਰਧਾਨ ਮੰਤਰੀ ਨੇ ਵੇਖਿਆ ਕਿਵੇਂ ਭਾਸ਼ਣ ਦਿੱਤਾ, ਕਮਾਲ ਕਰ ਦਿੱਤੀ।” ਭਤੀਜੇ ਨੇ ਚਾਚੇ ਦੇ ਵੱਲ ਵੇਖਿਆ ਤੇ ਪੁੱਛਿਆ।

“ਚਾਚਾ ਬਹੁਤ ਉਦਾਸ ਲੱਗ ਰਿਹਾਂ ਏਂ ਕੀ ਹੋਇਆ?”

“ਉਹ ਪੁੱਤਰਾ ਜਦੋਂ ਭੂਖਨੇ ’ਚ ਚਵਾਨੀ ਫਸ ਜਾਂਦੀ ਆ, ਤਾਂ ਚਵਾਨੀ ਨਾ ਤਾਂ ਨਿਕਲਦੀ ਆ ਤੇ ਨਾ ਹੀ ਭੂਖਨੇ ਕਿਸੇ ਕੰਮ ਆਉਂਦਾ ਹੈ। ਬੱਸ ਹੁਣ ਤਾਂ ਰੱਬ ਹੀ ਰਾਖਾ, ਕੋਈ ਕਰਿਸ਼ਮਾ ਹੋ ਜਾਵੇ।”

“ਚਾਚਾ ਮੈਂ ਤੇਰੀਆਂ ਬੁਝਰਤਾਂ ਨਹੀਂ ਬੁੱਝ ਸਕਦਾ, ਮੈਨੂੰ ਤਾਂ ਸਿੱਧਾ-ਸਿੱਧਾ ਹੀ ਦੱਸਿਆ ਕਰ। ਇਹ ਭੂਖਨੇ ਚਵਾਨੀ ਮੇਰੀ ਸਮਝ ਤੋਂ ਤਾਂ ਪਰ੍ਹੇ ਨੇ, ਮੈਨੂੰ ਤਾਂ ਇਹ ਦੱਸ ਤੂੰ ਉਦਾਸ ਕਿਉਂ ਏਂ?”

“ਆਪਣੇ ਰੰਗਲੇ ਦਾ ਹਾਲ ਵੇਖ ਲੈ, ਨਾ ਤਾਂ ਇਹ ਰੰਗਲਾ ਰਿਹਾ, ਨਾ ਹੀ ਹਰਿਆ-ਭਰਿਆ, ਉਜਾੜਤਾ ਸਿਆਸਤ ਨੇ।” ਚਾਚੇ ਨੇ ਦੁਖੀ ਹੋ ਕੇ ਕਿਹਾ।

“ਚਾਚਾ ਇਸ ’ਚ ਤਾਂ ਕੋਈ ਸ਼ੱਕ ਨਹੀਂ, ਪਰ ਤੇਰੀ ਭੂਕਣੇ ’ਚ ਚਵਾਨੀ ਵਾਲੀ ਗੱਲ ਸਮਝ ਨਹੀਂ ਲੱਗੀ? ਇਹ ਕੀ ਕਹਾਣੀ ਆ?”

“ਭੂਖਨੇ ’ਚ ਚਵਾਨੀ ਤਾਂ ਬਹੁਤ ਸਾਲਾਂ ਦੀ ਫਸੀ ਆ, ਅੱਠਤਰ ਸਾਲ ਹੋ ਗਏ, ਭੂਖਨਾ ਸਿਆਸਤ ਦਾ ਹਥਿਆਰ ਆ ਤੇ ਜਨਤਾ ਵਿਚਾਰੀ ਚਵਾਨੀ ਆ, ਇਹ ਅਕਸਰ ਭੂਖਨੇ ਦੀਆਂ ਸਿਆਸੀ ਗੱਲਾਂ ’ਚ ਆ ਕੇ ਫਸ ਜਾਂਦੀ ਹੈ। ਨਾ ਅਗਾਂਹ, ਨਾ ਪਿਛਾਂਹ, ਬਸ ਫਸੀ ਹੋਈ ਆ, ਇਸ ਸਿਆਸਤ ਨੇ ਆਮ ਜਨਤਾ ਦਾ ਕਦੇ ਕੁੱਛ ਨਹੀਂ ਸੋਚਿਆ, ਨਾ ਸਿਹਤ ਬਾਰੇ ਨਾ ਕੋਈ ਸੁਵਿਧਾਵਾਂ ਬਾਰੇ, ਬੱਸ ਆਪਣੀਆਂ ਗੱਲਾਂ ਦੇ ਭੂਖਨੇ ’ਚ ਫਸਾ ਲੈਂਦੇ ਨੇ ਤੇ ਜਨਤਾ ਫਸ ਜਾਂਦੀ ਆ।” ਚਾਚਾ ਅੱਖਾਂ ਭਰ ਆਇਆ ਸੀ ਤੇ ਮੈਂ ਚਾਚੇ ਬਾਰੇ ਸੋਚ ਰਿਹਾ ਸੀ ਕਿ ਜੇ ਚਾਚੇ ਵਾਂਗ ਸਾਰੇ ਫਿਕਰ ਕਰਨ, ਤਾਂ ਸ਼ਾਇਦ ਭੂਖਨੇ ’ਚ ਚਵਾਨੀ ਨਾ ਫਸੇ।

# 2025: ਭਾਰਤੀ ਅਮਰੀਕੀਆਂ ਦੇ ਦਬਦਬੇ ਦਾ ਸਾਲ

ਜੇਕਰ ਸਾਲ 2025 ਕੋਈ ਮੈਗਜ਼ੀਨ ਹੁੰਦਾ, ਤਾਂ ਹਰ ਦੂਜੇ ਕਵਰ 'ਤੇ ਭਾਰਤੀ-ਅਮਰੀਕੀ ਹੀ ਨਜ਼ਰ ਆਉਂਦੇ। ਇਹ ਸਾਲ ਕੇਵਲ ਨੁਮਾਇੰਦਗੀ ਦਾ ਨਹੀਂ, ਸਗੋਂ ਰਾਜਨੀਤੀ, ਤਕਨਾਲੋਜੀ, ਵਿਗਿਆਨ, ਖੇਡਾਂ, ਮਨੋਰੰਜਨ ਅਤੇ ਸੱਭਿਆਚਾਰ ਵਿਚ ਇੱਕ ਤਰ੍ਹਾਂ ਦੇ 'ਕਬਜ਼ੇ' ਵਰਗਾ ਮਹਿਸੂਸ ਹੋਇਆ।



## ਰਾਜਨੀਤੀ ਵਿਚ ਬੁਲੰਦ ਆਵਾਜ਼ਾਂ

ਇਹ ਸਾਲ ਭਾਰਤੀ-ਅਮਰੀਕੀਆਂ ਲਈ ਸਿਆਸੀ ਮੰਚ 'ਤੇ ਇੱਕ ਇਤਿਹਾਸਕ ਮੋੜ ਸਾਬਤ ਹੋਇਆ। ਸਿਟੀ ਕੌਂਸਲਾਂ, ਰਾਜ ਵਿਧਾਨ ਸਭਾਵਾਂ ਅਤੇ ਰਾਸ਼ਟਰੀ ਪੱਧਰ 'ਤੇ ਕਈ ਨਵੇਂ ਚਿਹਰੇ ਉੱਭਰੇ, ਜੋ ਨਵੇਂ ਯੁੱਗ ਦੇ ਵਿਚਾਰ ਅਤੇ ਸਪੱਸ਼ਟ ਨਜ਼ਰੀਆ ਲੈ ਕੇ ਆਏ।

ਰੋ ਖੰਨਾ ਵਰਗੇ ਆਗੂ ਤਕਨੀਕੀ ਨਿਯਮਾਂ ਅਤੇ ਆਰਥਿਕ ਨਿਆਂ ਲਈ ਇੱਕ ਪ੍ਰਮੁੱਖ ਆਵਾਜ਼ ਬਣੇ ਰਹੇ, ਜਦੋਂ ਕਿ ਜੈਨ-ਜ਼ੀ ਆਰਗੇਨਾਈਜ਼ਰਾਂ ਨੇ ਜ਼ਮੀਨੀ ਪੱਧਰ ਦੀ ਰਾਜਨੀਤੀ ਵਿਚ ਨਵੀਂ ਊਰਜਾ ਭਰੀ। ਦੂਜੇ ਪਾਸੇ, ਪ੍ਰਮਿਲਾ ਜੈਪਾਲ ਇਮੀਗ੍ਰੇਸ਼ਨ ਸੁਧਾਰਾਂ, ਸਿਹਤ ਸੰਭਾਲ ਅਤੇ ਮਜ਼ਦੂਰਾਂ ਦੇ ਅਧਿਕਾਰਾਂ 'ਤੇ ਪ੍ਰਗਤੀਸ਼ੀਲ ਚਰਚਾਵਾਂ ਦਾ ਕੇਂਦਰ ਰਹੀ। ਪਰ ਜੋ ਚੀਜ਼ ਸਭ ਤੋਂ ਵੱਖਰੀ ਸੀ, ਉਹ ਸੀ ਚੋਣ ਪ੍ਰਚਾਰ ਦਾ ਅੰਦਾਜ਼—ਬਿਲਕੁਲ ਆਧੁਨਿਕ! ਟਿਕ-ਟੌਕ, ਡਾਟਾ-ਅਧਾਰਿਤ ਰਣਨੀਤੀਆਂ ਅਤੇ ਭਾਈਚਾਰਕ ਸਹਿਯੋਗ ਦਾ ਸੁਮੇਲ। ਸੋਚੋ, ਟਾਊਨ ਹਾਲ ਮੀਟਿੰਗਾਂ ਦੇ ਨਾਲ ਵਾਇਰਲ ਰੀਲਾਂ ਅਤੇ ਡਿਜ਼ਿਟਲ ਕਹਾਣੀਆਂ ਦਾ ਸੰਗਮ, ਕੀ ਤੁਹਾਨੂੰ ਜ਼ੋਹਰਾਨ ਮਮਦਾਨੀ ਯਾਦ ਹੈ?

## ਵਪਾਰ ਦੀ ਦੁਨੀਆਂ ਦੇ ਵੱਡੇ ਦਿਮਾਗ

ਭਾਰਤੀ ਅਮਰੀਕੀ ਲੀਡਰਸ਼ਿਪ ਲਈ ਇਹ ਸੁਨਹਿਰੀ ਸਾਲ ਸੀ। ਤਕਨੀਕੀ ਦਿੱਗਜਾਂ ਨੇ ਸਿਰਫ਼ ਗਲੋਬਲ ਫੈਸਲਿਆਂ ਵਿਚ ਹਿੱਸਾ ਨਹੀਂ ਲਿਆ, ਬਲਕਿ ਉਨ੍ਹਾਂ ਦੀ ਅਗਵਾਈ ਕੀਤੀ। ਸੁੰਦਰ ਪਿਚਾਈ ਨੇ ਗੂਗਲ ਦੀ ਕਮਾਨ ਸੰਭਾਲੀ ਰੱਖੀ ਅਤੇ ਏ.ਆਈ. (ਆਰਟੀਫੀਸ਼ੀਅਲ ਇੰਟੈਲੀਜੈਂਸ) ਦੇ ਦੌਰ ਵਿਚ ਕੰਪਨੀ ਨੂੰ ਅੱਗੇ ਵਧਾਇਆ। ਮਾਈਕ੍ਰੋਸਾਫਟ ਵਿਚ ਸੱਤਿਆ ਨਡੇਲਾ ਨੇ ਇਨੋਵੇਸ਼ਨ ਨੂੰ ਨਵੀਂ ਪਰਿਭਾਸ਼ਾ ਦਿੱਤੀ।

ਇਸ ਤੋਂ ਇਲਾਵਾ ਨਵੀਂ ਪੀੜ੍ਹੀ ਵੀ ਪੂਰੀ ਤਰ੍ਹਾਂ ਸੁਰਖੀਆਂ ਵਿਚ ਰਹੀ। ਮਿਸਾਲ ਵਜੋਂ, ਟਾਈਮ ਮੈਗਜ਼ੀਨ (**Time**) ਦੇ '2025 ਸੀ.ਈ.ਓ. ਆਫ ਦ ਈਅਰ' ਨੀਲ ਮੋਹਨ ਨੇ ਯੂਟਿਊਬ ਦੀ ਅਗਵਾਈ ਕੀਤੀ। **IBM** ਦੇ ਅਰਵਿੰਦ ਕ੍ਰਿਸ਼ਨਾ ਨੇ ਹਾਈਬ੍ਰਿਡ ਕਲਾਊਡ ਅਤੇ ਐਂਟਰਪ੍ਰਾਈਜ਼ ਏ.ਆਈ. ਦੇ ਭਵਿੱਖ ਨੂੰ ਨਵੀਂ ਦਿਸ਼ਾ ਦਿੱਤੀ, ਜਦੋਂ ਕਿ ਸ਼ਾਂਤਨੂ ਨਾਰਾਇਣ ਨੇ ਅਡੋਬ (**Adobe**) ਨੂੰ ਰਚਨਾਤਮਕਤਾ ਅਤੇ ਡਿਜ਼ਿਟਲ ਭਰੋਸੇ ਦੇ ਕੇਂਦਰ ਵਜੋਂ ਸਥਾਪਿਤ ਕੀਤਾ। ਇਹ ਸਭ ਦਰਸਾਉਂਦਾ ਹੈ ਕਿ ਭਾਰਤੀ-ਅਮਰੀਕੀ ਹੁਣ ਸਿਰਫ਼ ਆਪਣੇ ਖੇਤਰਾਂ ਵਿਚ ਹੀ ਨਹੀਂ, ਸਗੋਂ ਮੁੱਖ ਧਾਰਾ ਖੇਤਰਾਂ ਵਿਚ ਆਪਣਾ ਪ੍ਰਭਾਵ ਵਧਾ ਰਹੇ ਹਨ।

## ਵਿਗਿਆਨ ਅਤੇ ਪੁਲਾੜ ਵਿਚ ਨਵੀਂ ਇਨੋਵੇਸ਼ਨ

ਜੇ ਇਸ ਸਾਲ ਕਾਬਲੀਅਤ ਦੀ ਕੋਈ ਕੌਮੀ ਹੁੰਦੀ, ਤਾਂ ਉਸ 'ਤੇ ਭਾਰਤੀ ਅਮਰੀਕੀ ਮੋਹਰੀ ਹੁੰਦੇ। ਸੁਨੀਤਾ ਵਿਲੀਅਮਜ਼ ਪੁਲਾੜ ਖੋਜ ਵਿਚ ਇੱਕ ਗਲੋਬਲ ਆਈਕਨ ਬਣੀ ਰਹੀ। ਸਵਾਤੀ ਮੋਹਨ, ਜਿਨ੍ਹਾਂ ਦੀ ਆਵਾਜ਼ ਨੇ ਕਦੇ ਮੰਗਲ ਗ੍ਰਹਿ 'ਤੇ ਲੈਂਡਿੰਗ ਦਾ ਮਾਰਗਦਰਸ਼ਨ ਕੀਤਾ ਸੀ, ਵਿਗਿਆਨਕ ਲੀਡਰਸ਼ਿਪ ਦਾ ਪ੍ਰਤੀਕ ਬਣ ਕੇ ਉੱਭਰੀ। ਚਿਕਿਤਸਾ ਦੇ ਖੇਤਰ ਵਿਚ, ਸਿਧਾਰਥ ਮੁਖਰਜੀ ਨੇ ਕੈਂਸਰ ਬਾਰੇ ਸਾਡੀ ਸੋਚ ਨੂੰ ਬਦਲ ਦਿੱਤਾ, ਜਦੋਂ ਕਿ ਰੇਸ਼ਮਾ ਕੇਵਲਰਮਾਨੀ ਵਰਗੇ ਆਗੂਆਂ ਨੇ ਬਾਇਓਟੈਕਨਾਲੋਜੀ ਵਿਚ ਅਜਿਹੇ ਸੁਧਾਰ ਕੀਤੇ, ਜੋ ਵੱਡੇ ਪੱਧਰ 'ਤੇ ਜਾਨਾਂ ਬਚਾ ਸਕਦੇ ਹਨ। ਏ.ਆਈ. ਲੈਬਾਂ ਤੋਂ ਲੈ ਕੇ ਕਲਾਈਮੇਟ ਰਿਸਰਚ, ਪਬਲਿਕ ਹੈਲਥ ਅਤੇ ਗ੍ਰੀਨ ਐਨਰਜੀ ਤੱਕ — ਇਸ ਸਾਲ ਭਾਰਤੀ ਅਮਰੀਕੀਆਂ ਨੇ ਬੇਹੱਦ ਸ਼ਾਨਦਾਰ ਕੰਮ ਕੀਤਾ।

## ਪੌਪ ਕਲਚਰ ਵਿਚ 'ਮੇਨ ਕਰੈਕਟਰ' ਐਨਰਜੀ

2025 ਯਕੀਨੀ ਤੌਰ 'ਤੇ ਪੌਪ ਕਲਚਰ ਵਿਚ ਭਾਰਤੀ-ਅਮਰੀਕੀਆਂ ਦਾ ਸਾਲ ਸੀ। ਮਿੰਡੀ ਕੈਲਿੰਗ, ਹਸਨ ਮਿਨਹਾਜ ਅਤੇ ਕਾਲ ਪੈਨ ਵਰਗੇ ਸਿਤਾਰਿਆਂ ਨੇ ਹਾਲੀਵੁੱਡ ਅਤੇ ਕਾਮੇਡੀ ਦੇ ਖੇਤਰ ਵਿਚ ਆਪਣਾ ਸਿੱਕਾ ਜਮਾਇਆ। ਲੇਖਕ, ਫ਼ਿਲਮਕਾਰ, ਯੂਟਿਊਬਰ ਅਤੇ ਡਿਜ਼ਿਟਲ ਕ੍ਰਿਏਟਰਾਂ ਨੇ ਭਾਰਤੀ ਅਮਰੀਕੀ ਪਛਾਣ ਨੂੰ ਨਿਡਰ, ਸਟਾਈਲਿਸ਼ ਅਤੇ ਮੁੱਖ ਧਾਰਾ ਬਣਾਇਆ। ਇੱਥੋਂ ਤੱਕ ਕਿ ਪ੍ਰਿਯੰਕਾ ਚੋਪੜਾ ਜੋਨਸ ਵਰਗੀ ਗਲੋਬਲ ਅਦਾਕਾਰਾ ਨੇ ਦੱਖਣੀ ਏਸ਼ੀਆਈ ਨੁਮਾਇੰਦਗੀ 'ਤੇ ਹਾਲੀਵੁੱਡ ਦੀਆਂ ਧਾਰਨਾਵਾਂ ਨੂੰ ਬਦਲ ਦਿੱਤਾ। ਸੰਗੀਤ, ਫੈਸ਼ਨ ਅਤੇ ਸੋਸ਼ਲ ਮੀਡੀਆ ਹਰ ਪਾਸੇ "ਦੇਸੀ ਮਾਣ" (**Desi Pride**) ਦੀ ਝਲਕ ਦੇਖਣ ਨੂੰ ਮਿਲੀ।

## ਖੇਡਾਂ ਵਿਚ ਗੇਮ ਚੇਂਜਰਸ

ਖੇਡ ਜਗਤ ਵਿਚ ਭਾਰਤੀ-ਅਮਰੀਕੀਆਂ ਦਾ ਪ੍ਰਦਰਸ਼ਨ ਸ਼ਾਂਤ ਪਰ ਪ੍ਰਭਾਵਸ਼ਾਲੀ ਰਿਹਾ। ਟੈਨਿਸ ਸਟਾਰ ਰਾਜੀਵ ਰਾਮ ਨੇ ਅੰਤਰਰਾਸ਼ਟਰੀ ਮੰਚ 'ਤੇ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖਿਆ। ਇਸ ਦੇ ਨਾਲ ਹੀ, ਬਾਸਕਟਬਾਲ ਕੋਰਟਾਂ, ਟਰੈਕ ਫੀਲਡਾਂ ਅਤੇ ਈ-ਸਪੋਰਟਸ ਵਿਚ ਕਈ ਨਵੇਂ ਨੌਜਵਾਨ ਖਿਡਾਰੀ ਸਾਹਮਣੇ ਆਏ।

## ਸਮਾਜਿਕ ਪ੍ਰਭਾਵ ਲਈ ਸ਼ਕਤੀ

ਸੁਰਖੀਆਂ ਤੋਂ ਦੂਰ, ਭਾਰਤੀ-ਅਮਰੀਕੀ ਸਮਾਜ ਸੇਵਕਾਂ ਨੇ ਮਜ਼ਬੂਤ ਨੀਂਹ ਬਣਾਉਣ 'ਤੇ ਧਿਆਨ ਦਿੱਤਾ। ਗੈਰ-ਲਾਭਕਾਰੀ ਸੰਸਥਾਵਾਂ (Non-Profits) ਨੇ ਸਿੱਖਿਆ, ਨੌਜਵਾਨਾਂ ਦੇ ਮਾਰਗਦਰਸ਼ਨ, ਪ੍ਰਵਾਸੀਆਂ ਦੇ ਅਧਿਕਾਰਾਂ ਲਈ ਪ੍ਰੋਗਰਾਮ ਸ਼ੁਰੂ ਕੀਤੇ। ਕਮਿਊਨਿਟੀ ਆਰਗੇਨਾਈਜ਼ਰਾਂ ਨੇ ਵੋਟਰ ਜਾਗਰੂਕਤਾ, ਮਾਨਸਿਕ ਸਿਹਤ ਸਹਿਯੋਗ ਅਤੇ ਅਗਲੀ ਪੀੜ੍ਹੀ ਲਈ ਲੀਡਰਸ਼ਿਪ ਪਾਈਪਲਾਈਨਾਂ ਮਜ਼ਬੂਤ ਕੀਤੀਆਂ। ਇਹ ਚਮਕ-ਧਮਕ ਵਾਲਾ ਨਹੀਂ ਸੀ, ਪਰ ਬਹੁਤ ਪ੍ਰਭਾਵਸ਼ਾਲੀ ਸੀ।

# ਅੱਜ "ਨਵਾਂ ਕੈਲੰਡਰ" ਨਹੀਂ; "ਨਵੇਂ ਮਨੁੱਖ, ਨਵੇਂ ਇਨਸਾਨ ਦੀ ਮੂਰਤ ਕਿੱਲੀ 'ਤੇ ਟੰਗੀਏ

ਹਰ ਸਾਲ ਅਸੀਂ ਘੜੀਆਂ ਦੇ ਘੰਟਿਆਂ ਨਾਲ ਨਵੀਂ ਸ਼ੁਰੂਆਤ ਕਰਦੇ ਖੋਜਦੇ ਹਾਂ — ਪਰ ਕੀ ਸਾਲ ਸਿਰਫ਼ ਕੈਲੰਡਰ ਦੇ ਪੰਨੇ ਪਲਟਣ ਨਾਲ ਨਵਾਂ ਹੋ ਜਾਂਦਾ ਹੈ?

ਨਵਾਂ ਤਾਂ ਉਸ ਵੇਲੇ ਹੁੰਦਾ ਹੈ, ਜਦੋਂ ਅੰਦਰ ਕਈ ਪੁਰਾਣੇ ਡਰ, ਦੁੱਖ ਤੇ ਗਿਲੇ ਸ਼ਮਿਧ ਹੋ ਜਾਣ, ਮਿਟ ਜਾਣ, ਖ਼ਤਮ ਹੋ ਜਾਣ, ਖੁਰ ਜਾਣ। ਸਗੋਂ ਖੁਸ਼ੀਆਂ ਹੀ ਹਰ ਪਾਸੇ ਫੁੱਲ ਬਣ ਜਾਣ।

ਤੁਹਾਡੇ ਸਾਹਾਂ ਦੀਆਂ ਸੁਗੰਧੀਆਂ ਮਹਿਕਾਂ ਆਂਢ-ਗੁਆਂਢ, ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਦੀਆਂ ਰੂਹਾਂ ਵਿਚ ਜਾ ਕੇ ਨੱਚਣ, ਹੱਸਣ, ਵਸਣ।

ਨਵਾਂ ਸਾਲ ਤਦ ਹੀ ਸੱਚਾ ਹੈ, ਜਦੋਂ ਅਸੀਂ ਆਪਣੇ ਮਨ ਦੇ ਕਿਸੇ ਕੋਨੇ ਵਿਚ ਚਾਨਣ ਕਰ ਲਈਏ, ਤਾਂ ਕਿ ਹਨ੍ਹੇਰੇ ਦੀਆਂ ਪਰਤਾਂ ਧੂੜਾਂ ਪੂੰਝੀਆਂ ਜਾਣ, ਦੂਰ ਹੋ ਜਾਣ। ਇਸ ਜ਼ਿੰਦਗੀ ਦੇ ਰਾਹਾਂ 'ਤੇ ਹਰ ਕੋਈ ਕੁਝ ਨਾ ਕੁਝ ਖੋ, ਗੁਆ ਰਿਹਾ ਹੈ — ਕਿਸੇ ਦਾ ਵਿਸ਼ਵਾਸ, ਕਿਸੇ ਦੀ ਮਾਸੂਮ ਖੁਸ਼ੀ, ਕਿਸੇ ਦੀ ਆਸ ਗੁਆਚ ਰਹੀ ਹੈ ਪਲ-ਪਲ।

ਪਰ ਹਰ ਖੋਹ ਦੇ ਇਕ ਕੋਨੇ ਵਿਚ ਇੱਕ ਨਵੀਂ ਉਮੀਦ ਦਾ ਬੀਜ਼ ਵੀ ਲੁੱਕਿਆ-ਛੁੱਪਿਆ ਬੈਠਾ ਮਿਲਦਾ ਹੈ, ਇਕ ਉਮੰਗ ਇਕ ਆਸ ਲੈ ਕੇ।

ਜੇ ਅਸੀਂ ਉਸ ਬੀਜ਼ ਨੂੰ ਨਰਮ ਹੱਥਾਂ ਨਾਲ ਚੁੱਕ ਕੇ ਬੀਜ ਲਈਏ, ਤਾਂ ਜ਼ਿੰਦਗੀ ਮੁੜ ਵਾਪਸ ਹਰੀ-ਭਰੀ ਖੁਸ਼ਗਵਾਰ ਹੋ ਸਕਦੀ ਹੈ। ਵਿਹੜੇ ਵਿਚ ਖੇੜਾ ਆ ਸਕਦਾ, ਬੂਹੇ ਉੱਤੇ ਯਾਰਾਂ ਦਾ ਝੁਰਮਟ ਵੀ




ਦੇਖਿਆ ਜਾ ਸਕਦਾ ਹੈ।

ਸਮਾਂ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ, ਪਰ ਇਨਸਾਨ ਦੇ ਕੋਲ ਇੱਕ ਅਨੋਖੀ ਤਾਕਤ ਹੈ — ਸੋਚ ਬਦਲਣ ਦੀ, ਨਵੇਂ ਸਿਤਾਰੇ ਲੱਭਣ ਦੀ। ਜਦੋਂ ਸੋਚ ਬਦਲਦੀ ਹੈ, ਹਾਲਾਤਾਂ ਦਾ ਰੁਖ ਵੀ ਬਦਲ ਜਾਂਦਾ ਹੈ। ਇਸੇ ਲਈ ਨਵੇਂ ਸਾਲ ਦਾ ਸਭ ਤੋਂ ਸੁੰਦਰ ਵਾਅਦਾ ਕਿਸੇ ਤੋਹਫ਼ੇ ਜਾਂ ਸਫ਼ਲਤਾ ਤੋਂ ਵੱਧ ਹੈ — "ਮੈਂ ਆਪਣੇ ਆਪ ਦਾ ਬਿਹਤਰ ਰੂਪ ਬਣਾਵਾਂਗਾ।"

"ਚਲੋ ਇਸ ਸਾਲ ਨੂੰ ਨਵਾਂ ਬਣਾਈਏ — ਘੜੀਆਂ ਨਾਲ ਨਹੀਂ, ਇਰਾਦਿਆਂ ਨਾਲ। ਖੁਦ ਨਾਲ ਥੋੜ੍ਹੀ ਸ਼ਾਂਤੀ, ਦੂਜਿਆਂ ਨਾਲ ਥੋੜ੍ਹਾ ਪਿਆਰ, ਤੇ ਕੁਦਰਤਿ ਕਰਤਾ ਸਿਰਜਣਹਾਰ ਨਾਲ ਥੋੜ੍ਹਾ ਜਿਹਾ ਸੰਬੰਧ ਜੋੜੀਏ।

ਸ਼ਾਇਦ ਫਿਰ ਸਮਾਂ ਵੀ ਸਾਡੀ ਰੂਹ ਨਾਲ ਤਾਲਮੇਲ ਬਣਾ ਲਵੇ, ਬੈਠ ਕੇ ਰਾਗ ਅਲਾਪਣ ਲੱਗ ਜਾਵੇ। ਨਵਾਂ ਗੀਤ ਸ਼ਬਦ ਫੁੱਟ ਪਵੇਗਾ।

ਨਨਕਾਣੇ ਵਾਲੇ ਦਾ ਚੇਤਾ ਆ ਜਾਵੇਗਾ।

ਕਰਤਾਰਪੁਰ ਦਾ ਖ਼ੂਹ ਫਿਰ ਗਿੜ ਪਵੇਗਾ।

-ਡਾ. ਅਮਰਜੀਤ ਟਾਂਡਾ
"ਸੰਪਰਕ+61-412913021
ਅੰਤਰਰਾਸ਼ਟਰੀ ਪੱਧਰ ਦੇ ਪ੍ਰਸਿੱਧ ਕੀਟ ਵਿਗਿਆਨੀ ਦੇ ਖੇਤੀ ਮਾਹਰ
ਪੰਜਾਬ ਮੇਲ USA



ਬਾਬਾ ਨਾਨਕ ਨੱਕੇ ਮੋੜਦਾ ਲੱਭ ਜਾਵੇਗਾ।

ਨਵਾਂ ਸਾਲ, ਪਰ ਨਵਾਂ ਤਾਂ ਉਹੀ ਹੈ, ਜਿਹੜਾ ਆਪਣੇ ਮਨ ਵਿਚ ਚਿਰਾਗ ਬਾਲ ਲੈਂਦਾ ਹੈ। 25 ਤੋਂ 26 ਹੋਣਾਂ ਤਾਂ ਵਧੀਆ ਲੱਗੇਗਾ, ਜੇ ਅਸੀਂ ਯਾਰਾਂ ਦੋਸਤਾਂ ਲਈ ਬੂਹੇ 'ਤੇ ਨਵਾਂ ਦੀਪਕ ਧਰੀਏ, ਸ਼ਰੀਂਹ ਦੇ ਪੱਤ ਬੰਨੀਏ, ਲਟਕਾਈਏ ਅੰਬ ਦੇ ਪੱਤੇ। ਕੇਲਿਆਂ ਵਰਗੀਆਂ ਬਾਹਾਂ ਨੂੰ ਖਿਲਾਰ ਕੇ ਗਲਵੱਕੜੀਆਂ ਵਰਗੇ ਗੇਟ ਬਣਾਈਏ, ਤੇ ਕਿਸੇ ਸੋਹਣੇ ਨੂੰ ਦਿਲ ਸਾਹਾਂ ਦੀ ਕੋਰੀ ਚਾਦਰ ਵਿਛਾ ਕੇ ਬਿਠਾਈਏ।

ਪੁਰਾਣੇ ਗਿਲੇ ਛੱਡੀਏ, ਦਿਲਾਂ ਦੀਆਂ ਕਾਲਖਾਂ ਪੂੰਝੀਏ ਹਟਾਈਏ, ਤੇ ਸੁਪਨਿਆਂ ਨੂੰ ਫੇਰ ਤੋਂ ਜੀਓਣ ਜੋਗੇ ਕਰੀਏ, ਨਵੀਨ ਖਾਬਾਂ ਨੂੰ ਜਗਾਈਏ ਸੁੱਤਿਆਂ ਨੂੰ।

ਸਮਾਂ ਹਰ ਵੇਲੇ ਦੌੜਦਾ ਹੈ, ਪਰ ਰੂਹ ਉਹੀ ਅੱਗੇ ਵਧਦੀ ਹੈ, ਜੋ ਅੰਦਰ ਸ਼ਾਂਤ, ਸੁਖੀ, ਖੁਸ਼ ਹੋਵੇ, ਪਿਆਰ ਨਾਲ ਭਰੀ ਕਿਸੇ ਆਪਣੇ ਦੀ ਉਡੀਕ ਕਰਦੀ ਦਰਾਂ 'ਤੇ ਚਿਰਾਂ ਤੋਂ ਖੜ ਕੇ, ਭੁੱਖੀ ਪਿਆਸੀ ਮਰ ਕੇ।

ਇਸ ਸਾਲ ਕੁਝ ਹੋਰ ਨਹੀਂ ਚਾਹੀਦਾ — ਸਿਰਫ਼ ਇਕ ਵਾਅਦਾ ਆਪਣੇ ਆਪ ਨਾਲ, ਕਿ ਹਰ ਦਿਨ ਜੀਉਣਾ ਹੈ ਨਵੀਂ ਰੌਸ਼ਨੀ ਵਾਲਾ, ਨਵੀਆਂ ਰਿਸ਼ਮਾਂ ਵਾਲਾ।

ਸੋ ਆਓ ਅੱਜ ਸਾਰੇ ਰੁੱਸਿਆਂ ਨੂੰ ਵੀ ਮਨਾਈਏ, ਉਨ੍ਹਾਂ ਨੂੰ ਮੁਬਾਰਕਾਂ ਦੇ ਚਾਅ ਫੁੱਲ ਖੁਸ਼ੀਆਂ ਸੁਗੰਧੀਆਂ ਘੱਲੀਏ।

ਜੇ ਤੁਸੀਂ ਅੱਜ ਮੇਰੀ ਇਹ ਨਿੱਕੀ ਜਿਹੀ ਅਰਜ਼ ਮੰਨ ਲਈ, ਇੰਝ ਕੀਤਾ, ਜੇ ਇੰਝ ਹੋਇਆ ਤਾਂ ਆਪਸੀ ਗਿਲੇ-ਸ਼ਿਕਵੇ, ਸ਼ਿਕਾਇਤਾਂ ਆਪਣੇ ਆਪ ਖੁਰ ਜਾਣਗੀਆਂ, ਸਾਲਾਂ ਦੀਆਂ ਮਨਾਂ ਵਿਚ ਰੀਂਗਦੀਆਂ, ਵਿਸ਼ ਘੋਲਦੀਆਂ ਸੁਲਗਦੀਆਂ।

ਪੁਰਾਣੇ ਦੁੱਖ, ਗਿਲੇ ਤੇ ਟੁੱਟੇ ਸੁਫ਼ਨੇ, ਇਹ ਸਭ ਛੱਡ ਕੇ ਜਦੋਂ ਕੋਈ ਦਿਲ ਵਿਚ ਵਸਦਾ ਚਾਨਣ ਕਰਦਾ ਹੈ, ਉਹੀ ਵਕਤ ਨਵਾਂ ਸਾਲ ਬਣ ਜਾਂਦਾ ਹੈ।

ਕਿਸੇ ਨਾਲ ਥੋੜ੍ਹਾ ਪਿਆਰ ਮੁਹੱਬਤ, ਆਪਣੇ ਨਾਲ ਥੋੜੀ ਸ਼ਾਂਤੀ, ਤੇ ਕੁਦਰਤ ਕਾਇਨਾਤ ਨਾਲ ਥੋੜ੍ਹਾ ਨਾਤਾ ਸਬੰਧ ਜੋੜੋ ...ਬੱਸ, ਹੋਰ ਕੁਝ ਨਹੀਂ ਚਾਹੀਦਾ ਹੁੰਦਾ, ਇਨ੍ਹਾਂ ਨਿਮਾਣੀਆਂ ਜਿਹੀਆਂ ਰੂਹਾਂ ਨੂੰ।

"ਨਵਾਂ ਕੈਲੰਡਰ" ਨਹੀਂ, ਇਸ ਸਾਲ

"ਨਵੇਂ ਮਨੁੱਖ, ਨਵੇਂ ਇਨਸਾਨ ਦੀ ਮੂਰਤ ਕਿੱਲੀ 'ਤੇ ਟੰਗੀਏ

# ਅਲਵਿਦਾ ! ਪੰਜਾਬੀ ਦੇ ਮੁੱਦਈ ਬਹੁ-ਪੱਖੀ ਸ਼ਖ਼ਸੀਅਤ : ਜੈਤੇਗ ਸਿੰਘ ਅਨੰਤ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਪੰਜਾਬ ਅਤੇ ਪੰਜਾਬੀ ਦੇ ਮੁੱਦਈ ਪ੍ਰਸਿੱਧ ਸਿੱਖ ਵਿਦਵਾਨ ਭਾਈ ਜੈਤੇਗ ਸਿੰਘ ਅਨੰਤ ਲੰਬੀ ਬਿਮਾਰੀ ਤੋਂ ਬਾਅਦ ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਰਾਜ ਦੇ ਸਰੀ ਸ਼ਹਿਰ ਵਿਚ 79 ਸਾਲ ਦੀ ਉਮਰ ਵਿਚ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਨਾਮਵਰ ਲੇਖਕ ਜੈਤੇਗ ਸਿੰਘ ਅਨੰਤ ਪਿਛਲੇ 28 ਸਾਲਾਂ ਤੋਂ ਕੈਨੇਡਾ ਦੇ ਸਰੀ ਸ਼ਹਿਰ ਵਿਚ ਰਹਿ ਰਹੇ ਸਨ। ਪੰਜਾਬੀ ਸਾਹਿਤ ਦੇ ਅਦਬ ਦੇ ਹਵਾਲੇ ਨਾਲ ਉਨ੍ਹਾਂ ਦਾ ਇਕ ਵਿਸ਼ੇਸ਼ ਮੁਕਾਮ ਸੀ। ਉਨ੍ਹਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਵਿਚ ਲਗਪਗ ਦੋ ਦਰਜਨ ਪੁਸਤਕਾਂ ਪਾਈਆਂ ਹਨ, ਜਿਨ੍ਹਾਂ ਵਿਚੋਂ 3 ਪੁਸਤਕਾਂ ਗ਼ਦਰ ਦੀ ਗੂੰਜ, ਸਿਮਰਤੀ ਗ੍ਰੰਥ ਭਾਈ ਰਣਧੀਰ ਸਿੰਘ ਅਤੇ ਪੰਥ ਦੀ ਸੋਨ ਚਿੜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਤੇ ਸ਼ਖ਼ਸੀਅਤ ਨੂੰ ਸਮਰਪਿਤ ਹਨ। ਉਸਦੀ ਸੰਪਾਦਤ ਕੀਤੀ ਪੁਸਤਕ ਪ੍ਰਸਿੱਧ ਸੁਤੰਤਰਤਾ ਸੰਗਰਾਮੀ, ਦੇਸ਼ ਭਗਤ ਅਤੇ ਸਿੱਖੀ ਅਤੇ ਪੰਜਾਬੀਅਤ ਨੂੰ ਵਰਸੋਈ ਸ਼ਖਸੀਅਤ ਜਿਸਦੀ ਦੇਣ ਨੂੰ ਬਹੁ ਪਾਸਾਰੀ ਕਿਹਾ ਜਾ ਸਕਦਾ ਹੈ, ਮੇਰੀ ਮੁਰਾਦ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੇ 'ਭਾਈ ਰਣਧੀਰ ਸਿੰਘ ਸਿਮਰਤੀ ਗ੍ਰੰਥ' ਤੋਂ ਹੈ, ਜਿਹੜਾ, ਨਸ਼ਿਆਂ ਵਿਚ ਗਲਤਾਨ ਪੰਜਾਬੀ ਨੌਜਵਾਨਾਂ ਲਈ ਗਾਡੀ ਰਾਹ ਸਾਬਤ ਹੋਵੇਗੀ। ਗ਼ਦਰ ਦੀ ਗੂੰਜ ਚਾਰ ਪੁਸਤਕਾਂ ਮਹਾਨ ਚਿੰਤਕ ਸਿਰਦਾਰ ਕਪੂਰ ਸਿੰਘ ਦੀਆਂ 'ਸਿਰਦਾਰ', 'ਇੱਕ ਸਿੱਖ ਦਾ ਬੁੱਧ ਨੂੰ ਪ੍ਰਣਾਮ' ਅਤੇ ਚੋਣਵੇਂ ਲੇਖਾਂ ਦੀਆਂ ਦੋ ਪੁਸਤਕਾਂ 'ਪੰਚ ਨਦ' ਤੇ 'ਬੁਲੰਦ ਆਵਾਜ਼' ਸੰਪਾਦਤ ਕਰਕੇ ਵਿਲੱਖਣ ਕਾਰਜ ਕੀਤਾ ਹੈ। 6 ਪੁਸਤਕਾਂ 'ਰਾਗ ਮਾਲਾ', 'ਰਾਗ ਮਾਲਾ ਦਰਪਨ', 'ਜਨ ਪਰਉਪਕਾਰੀ ਆਏ', 'ਕੂੜ ਨ ਪਹੁੰਚੇ ਸੱਚ ਨੂੰ', 'ਝਟਕਾ ਮਾਸ ਪ੍ਰਥਾਇ ਤਤ ਗੁਰਮਤਿ ਨਿਰਣਯ', 'ਸਭਿ ਅਵਗੁਣ ਮੈਂ' ਵੀ ਪ੍ਰਕਾਸ਼ਤ ਕੀਤੀਆਂ ਹਨ। ਇੱਕ ਪੁਸਤਕ 'ਛੁਪੇ ਰਹਿਣ ਦੀ ਚਾਹ' ਪ੍ਰਕਾਸ਼ਨਾ ਅਧੀਨ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀ ਜੀਵਨੀ ਦਾ ਖਰੜਾ ਵੀ ਤਿਆਰ ਪਿਆ ਹੈ। ਉਨ੍ਹਾਂ ਨੇ ਇੱਕ ਫੱਕਰ ਅਤੇ ਅਣਥੱਕ ਯੋਗੀ ਦੀ ਤਰ੍ਹਾਂ ਪੰਜਾਬ ਦੀ ਮਿੱਟੀ ਵਿਚ ਗੁਆਚੇ ਮੋਤੀਆਂ ਨੂੰ ਲੱਭਕੇ ਉਨ੍ਹਾਂ ਨੂੰ ਮਾਂਜ ਸਵਾਰਕੇ ਤੇ ਲਿਸ਼ਕਾਕੇ ਲੋਕਾਂ ਸਾਹਮਣੇ ਪ੍ਰਸਤੁਤ ਕੀਤਾ ਸੀ। ਦੋ ਪੁਸਤਕਾਂ ਲਹਿੰਦੇ ਪੰਜਾਬ ਦੇ ਪ੍ਰਸਿੱਧ ਅਦੀਬ ਉਸਤਾਦ ਦਾਮਨ ਦੇ ਜੀਵਨ ਨਾਲ ਜੁੜੀਆਂ ਹੋਈਆਂ ਹਨ। ਪਾਕਿਸਤਾਨ ਸਰਕਾਰ ਵਲੋਂ ਅਣਗੌਲੇ ਪੰਜਾਬੀ ਦੇ ਸਿਰਮੌਰ ਸਟੇਜੀ ਸ਼ਾਇਰ ਚਿਰਾਗ ਦੀਨ ਦਾਮਨ, ਜਿਹੜਾ ਉਸਤਾਦ ਦਾਮਨ ਦੇ ਨਾਂ 'ਤੇ ਜਾਣਿਆਂ ਜਾਂਦਾ ਹੈ, ਦੇ ਪੰਜਾਬੀ ਦੇ ਯੋਗਦਾਨ ਬਾਰੇ 'ਬੇਨਿਆਜ ਹਸਤੀ ਉਸਤਾਦ ਦਾਮਨ' (ਗੁਰਮੁੱਖੀ) ਅਤੇ 'ਬੇਨਿਆਜ ਹਸਤੀ ਉਸਤਾਦ ਦਾਮਨ' (ਸ਼ਾਹਮੁੱਖੀ) ਵਿਚ ਸੰਪਾਦਤ ਕਰਕੇ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ ਸਨ। ਇਹ ਪੁਸਤਕਾਂ ਇੱਕ ਮੀਲ ਪੱਥਰ ਸਾਬਤ ਹੋਈਆਂ ਹਨ ਕਿਉਂਕਿ ਪਾਕਿਸਤਾਨ ਸਰਕਾਰ ਉਸਤਾਦ ਦਾਮਨ ਨੂੰ ਪੰਜਾਬੀ ਵਿਚ ਲਿਖਣ ਤੋਂ ਵਰਜਦੀ ਰਹੀ ਤੇ ਹਮੇਸ਼ਾ ਉਸਨੂੰ ਉਰਦੂ ਦਾ ਸ਼ਾਇਰ ਹੀ ਕਹਿੰਦੀ ਰਹੀ ਹੈ। ਅਸਲ ਵਿਚ ਜੈਤੇਗ ਸਿੰਘ ਅਨੰਤ ਚੜ੍ਹਦੇ ਤੇ ਲਹਿੰਦੇ ਪੰਜਾਬ ਅਤੇ ਦੁਨੀਆਂ ਵਿਚ ਵਸਦੇ ਪੰਜਾਬੀਆਂ ਦਰਮਿਆਨ ਸਾਹਿਤਕ ਕੜੀ ਦਾ ਕੰਮ ਕਰ ਰਿਹਾ ਸੀ। ਉਸਨੇ ਤਿੰਨ ਪੁਸਤਕਾਂ 'ਮਹਿਕ ਸਮੁੰਦਰੋਂ ਪਾਰ', 'ਕਲਾ ਦੇ ਵਣਜਾਰੇ' ਅਤੇ 'ਗਾਇਕੀ ਦਾ ਬੇਸ਼ਕੀਮਤੀ ਹੀਰਾ' ਪ੍ਰਕਾਸ਼ਤ ਕਰਵਾਕੇ ਪੰਜਾਬੀ ਸੱਭਿਆਚਾਰ ਅਤੇ ਸੱਭਿਅਤਾ ਦੇ ਪ੍ਰਤੀਕ ਵਿਅਕਤੀਆਂ ਦੇ ਵੱਖ-ਵੱਖ ਖੇਤਰਾਂ ਵਿਚ ਪਾਏ ਮਹੱਤਵਪੂਰਨ ਯੋਗਦਾਨ ਨੂੰ ਲੋਕਾਂ ਸਾਹਮਣੇ ਲਿਆਂਦਾ ਸੀ। ਇਹ ਤਿੰਨੋਂ ਪੁਸਤਕਾਂ ਵਿਦੇਸ਼ਾਂ ਵਿਚ ਪ੍ਰਵਾਸ ਕਰ ਰਹੇ ਕਲਾਕਾਰਾਂ ਦੀ ਪੰਜਾਬੀ ਸੱਭਿਆਚਾਰ ਨੂੰ ਦਿੱਤੀ ਦੇਣ ਦਾ ਪ੍ਰਗਟਾਵਾ ਕਰ ਰਹੀਆਂ ਹਨ। ਸਿੱਖ ਇਤਿਹਾਸ ਨਾਲ ਸੰਬੰਧਤ ਉਨ੍ਹਾਂ ਦੀਆਂ ਦੋ ਪੁਸਤਕਾਂ 'ਗ਼ਦਰੀ ਯੋਧੇ' ਤੇ 'ਗ਼ਦਰ ਦੀ ਕਹਾਣੀ' ਵੀ ਪ੍ਰਕਾਸ਼ਤ ਹੋਈਆਂ ਹਨ। ਜੈਤੇਗ ਸਿੰਘ ਅਨੰਤ ਦੀ ਪੁਸਤਕ 'ਗ਼ਦਰੀ ਯੋਧੇ' ਨੂੰ ਸੰਪਾਦਨਾ ਵਿਚ ਭਾਸ਼ਾ ਵਿਭਾਗ ਪੰਜਾਬ ਨੇ ਸਰਵੋਤਮ ਪਹਿਲਾ ਪੁਰਸਕਾਰ 'ਪ੍ਰਿੰਸੀਪਲ ਤੇਜਾ ਸਿੰਘ ਅਵਾਰਡ' ਦਿੱਤਾ ਸੀ, ਜੈਤੇਗ ਸਿੰਘ ਨੇ ਆਪਣੇ ਫੋਟੋਗ੍ਰਾਫੀ ਦੇ ਸ਼ੌਕ ਦੇ ਨਾਲ ਇਤਿਹਾਸਕ ਸਥਾਨਾ ਬਾਰੇ 1968 ਵਿਚ ਲਿਖਣਾ ਵੀ ਸ਼ੁਰੂ ਕਰ ਦਿੱਤਾ, ਜੋ ਕਿ ਹੌਲੀ-ਹੌਲੀ ਇੱਕ ਲੇਖਕ ਦੇ ਰੂਪ ਵਿਚ ਵਿਕਸਿਤ ਹੋ ਗਿਆ। ਉਸਦੇ ਸਾਹਿਤਕ ਸ਼ੌਕ ਨੇ ਉਸਨੂੰ ਸਰਕਾਰੀ ਨੌਕਰੀ ਤੋਂ ਸਮੇਂ ਤੋਂ ਪਹਿਲਾਂ ਹੀ ਸੇਵਾਮੁਕਤੀ ਲੈ ਕੇ ਆਪਣੇ ਮਸ ਨੂੰ ਪੂਰਾ ਕਰਨ ਲਈ ਮਜਬੂਰ ਕਰ ਦਿੱਤਾ। ਜਲਦੀ ਹੀ ਉਹ ਸਾਹਿਤਕ ਸੰਸਾਰ ਵਿਚ ਇੱਕ ਸੁਦ੍ਰਿੜ ਕਾਲਮ ਨਵੀਸ, ਸੰਪਾਦਕ, ਲੇਖਕ ਅਤੇ ਫੋਟੋ ਪੱਤਰਕਾਰ ਦੇ ਤੌਰ 'ਤੇ ਜਾਣਿਆ ਜਾਣ ਲੱਗ ਪਿਆ। ਫੋਟੋਗ੍ਰਾਫੀ ਦੇ ਅਥਾਹ ਸ਼ੌਕ ਨੇ ਹੀ ਉਸਨੂੰ ਇਤਿਹਾਸਕ ਮਹੱਤਤਾ ਵਾਲੇ ਦੁਰਲੱਭ ਸਥਾਨਾਂ ਦੀ ਫੋਟੋਗ੍ਰਾਫੀ ਕਰਨ ਕਰਕੇ ਇੱਕ ਪਰਪੱਕ ਸੰਪਾਦਕ ਬਣਾਇਆ। ਲੰਮਾ ਸਮਾਂ ਸਖਤ ਮਿਹਨਤ ਕਰਨ ਤੋਂ ਬਾਅਦ ਉਨ੍ਹਾਂ ਆਪਣਾ ਕਿਤਾਬੀ ਰੂਪ ਵਿਚ ਸਾਹਿਤਕ ਸਫਰ 2006 ਵਿਚ ਸ਼ੁਰੂ ਕੀਤਾ ਸੀ ਅਤੇ 8 ਸਾਲਾਂ ਵਿਚ ਹੀ ਉਨ੍ਹਾਂ ਨੇ ਇੱਕ ਦਰਜਨ ਤੋਂ ਵਧੇਰੇ ਪੁਸਤਕਾਂ ਵੱਖ-ਵੱਖ ਵਿਸ਼ਿਆਂ ਵਿਚ ਪੰਜਾਬੀ ਸਾਹਿਤਕ ਜਗਤ ਦੀ ਝੋਲੀ ਪਾਈਆਂ ਸਨ। ਉਹ ਭਾਵੇਂ ਅੱਜਕੱਲ੍ਹ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਕੈਨੇਡਾ ਵਿਚ ਪ੍ਰਵਾਸ ਕਰ ਰਿਹਾ ਸੀ, ਪ੍ਰੰਤੂ ਪੰਜਾਬ ਦੀ ਮਿੱਟੀ ਦੇ ਮੋਹ ਕਰਕੇ ਗੁਰਦੇ ਦੀ ਬਿਮਾਰੀ ਦੇ ਹੁੰਦਿਆਂ ਵੀ ਉਹ ਹਰ ਸਾਲ ਛੇ ਮਹੀਨੇ ਪੰਜਾਬ ਦੀ ਮਿੱਟੀ ਦੀ ਮਹਿਕ ਦੀ ਖ਼ੁਸ਼ਬੋ ਦਾ ਆਨੰਦ ਮਾਨਣ ਆਉਂਦਾ ਸੀ। ਇੱਥੇ ਉਹ ਟਿੱਕ ਕੇ ਨਹੀਂ ਬਹਿੰਦਾ ਸੀ, ਸਗੋਂ ਆਪਣੀਆਂ ਪੁਸਤਕਾਂ ਲਈ ਮੈਟਰ ਤੇ ਤਸਵੀਰਾਂ ਖਿੱਚਣ ਲਈ ਪੰਜਾਬ ਦੀ ਧਰਤੀ ਨੂੰ ਗਾਹ ਮਾਰਦਾ ਸੀ। ਮੁੱਢਲੇ ਤੌਰ 'ਤੇ ਉਹ ਪੰਜਾਬੀ/ਖਾਲਸਾ/ਇਤਿਹਾਸ ਦੀ ਅਮੀਰ ਵਿਰਾਸਤ ਦੀਆਂ ਵੱਡਮੁੱਲੀਆਂ ਪ੍ਰਾਪਤੀਆਂ ਅਤੇ ਯਾਦਗਾਰਾਂ ਸੰਬੰਧੀ ਪੁਸਤਕਾਂ ਪ੍ਰਕਾਸ਼ਤ ਕਰਵਾਕੇ ਸੰਸਾਰ ਨੂੰ ਜਾਣੂੰ ਕਰਵਾਉਣਾ ਚਾਹੁੰਦਾ ਸੀ। ਅਨੰਤ ਅਜਿਹੇ ਕੰਮ ਕਰਨ ਨੂੰ ਤਰਜ਼ੀਹ ਦਿੰਦਾ ਸੀ, ਜਿਹੜੇ ਲਕੀਰ ਤੋਂ ਹੱਟਕੇ ਹੋਣ, ਉਹ ਆਮ ਲੋਕਾਂ ਦੀ ਤਰ੍ਹਾਂ ਲਕੀਰ ਦਾ ਫਕੀਰ ਨਹੀਂ। ਜਿਸ ਔਖੇ ਕਾਰਜ ਨੂੰ ਕੋਈ ਵਿਅਕਤੀ ਕਰਨ ਦੀ ਹਿੰਮਤ ਨਾ ਕਰਦਾ ਹੋਵੇ, ਉਹ ਉਸ ਕੰਮ ਨੂੰ ਹੱਥ ਵਿਚ ਫੜਦਾ ਹੀ ਨਹੀਂ, ਸਗੋਂ ਉਸਨੂੰ ਨੇਪਰੇ ਚਾੜ੍ਹ ਕੇ ਹੀ ਸਾਹ ਲੈਂਦਾ ਸੀ। ਚੜ੍ਹਦੇ ਸੂਰਜ ਨੂੰ ਤਾਂ ਹਰ ਕੋਈ ਸਲਾਮ ਕਰਦਾ ਹੈ ਪ੍ਰੰਤੂ ਜੈਤੇਗ ਸਿੰਘ ਅਨੰਤ, ਉਸ ਵਿਅਕਤੀ ਨੂੰ ਹੀ ਸਲਾਮ ਕਰਦਾ ਸੀ, ਜਿਸ ਨੂੰ ਸਮਾਜ ਨੇ ਅਣਗੌਲਿਆ ਕੀਤਾ ਹੋਵੇ। ਉਹ ਸਬਰ-ਸੰਤੋਖ ਵਾਲੇ ਸੰਤੁਸ਼ਟ ਵਿਅਕਤੀਤਵ ਦਾ ਮਾਲਕ ਸੀ, ਪ੍ਰੰਤੂ ਉਹ ਪੰਜਾਬੀ/ਸਿੱਖ/ਇਤਿਹਾਸ/ਸੱਭਿਆਚਾਰ ਦੇ ਸਮੁੰਦਰ ਵਿਚੋਂ ਹਮੇਸ਼ਾ ਅਜਿਹੇ ਗੁਆਚੇ ਮੋਤੀਆਂ ਨੂੰ ਲੱਭਦੇ ਰਹਿੰਦੇ ਸਨ, ਜਿਨ੍ਹਾਂ ਨੂੰ ਖ਼ੁਦਗਰਜ ਸਮਾਜ ਨੇ ਉਨ੍ਹਾਂ ਦੇ ਵਿਲੱਖਣ ਯੋਗਦਾਨ ਦੀ ਬੇਕਦਰੀ ਕਰਦਿਆਂ ਅਣਡਿੱਠ ਕੀਤਾ ਹੋਵੇ। ਵਿਸ਼ਿਆਂ ਦੀ ਚੋਣ ਕਰਨ ਲੱਗਿਆਂ ਵੀ ਜੈਤੇਗ ਸਿੰਘ ਅਨੰਤ ਨੇ ਕਮਾਲ ਹੀ ਕੀਤੀ ਹੈ, ਅਜਿਹੇ ਸਮੇਂ ਉਹ ਸਰਹੱਦਾਂ ਵੀ ਪਾਰ ਕਰ ਜਾਂਦਾ ਸੀ। ਇਸੇ ਕਰਕੇ ਜੈਤੇਗ ਸਿੰਘ ਨੂੰ ਹਮੇਸ਼ਾ ਨਵੀਂਆਂ ਪੈੜਾਂ ਪਾਉਣ ਅਤੇ ਖੁਦ ਪਗਡੰਡੀਆਂ ਬਣਾਕੇ ਪੰਜਾਬੀਆਂ ਨੂੰ ਉਨ੍ਹਾਂ 'ਤੇ ਪਹਿਰਾ ਦੇਣ ਲਈ ਪ੍ਰੇਰਦੇ ਰਹਿੰਦੇ ਸਨ। ਉਹ ਖ਼ੁਸ਼ਬੋਆਂ ਦਾ ਵਣਜਾਰਾ ਸੀ ਤੇ ਪੰਜਾਬੀ ਵਿਰਸੇ ਵਿਚੋਂ ਖ਼ੁਸ਼ਬੋਆਂ ਲੱਭਕੇ ਪੰਜਾਬੀਆਂ ਦੀ ਝੋਲੀ ਪਾਉਂਦੇ ਰਹਿੰਦੇ ਸਨ। ਪੰਜਾਬੀ ਦੇ ਖ਼ਜ਼ਾਨੇ ਨੂੰ ਭਰਨ ਲਈ ਉਨ੍ਹਾਂ ਨੂੰ ਅਨੇਕਾਂ ਦੁਸ਼ਾਵਰੀਆਂ ਤੇ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪਿਆ, ਇਸਦੇ ਬਾਵਜੂਦ ਵੀ ਉਨ੍ਹਾਂ ਹਜ਼ਾਰਾਂ ਮੀਲਾਂ ਦਾ ਸਫਰ ਤਹਿ ਕਰਕੇ, ਘੱਟਾ ਫਕਦਿਆਂ ਮਸਤ ਹਾਥੀ ਦੀ ਚਾਲ ਚੱਲਦਿਆਂ ਆਪਣਾ ਕਾਰਜ ਜਾਰੀ ਰੱਖਿਆ। ਉਹ ਪੰਜਾਬੀ ਅਦਬੀ ਸੰਗਤ ਲਿਟ੍ਰੇਰੀ ਸੋਸਾਇਟੀ ਕੈਨੇਡਾ, ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਰੂਹੇ-ਰਵਾਂ ਅਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਲਾਈਫ਼ ਮੈਂਬਰ ਸਨ। ਇਸ ਤੋਂ ਇਲਾਵਾ ਹਰ ਸਾਲ ਪੰਜਾਬੀ ਯੂਨੀਵਰਸਿਟੀ ਵਿਚ ਹੋਣ ਵਾਲੀਆਂ ਹਿਸਟਰੀ ਕਾਨਫਰੰਸਾਂ ਵਿਚ ਹਿੱਸਾ ਲੈਂਦੇ ਸਨ। ਸੰਸਾਰ ਵਿਚ ਹੋਣ ਵਾਲੀਆਂ ਅੰਤਰਰਾਸ਼ਟਰੀ ਪੰਜਾਬੀ ਕਾਨਫ਼ਰੰਸਾਂ ਵਿਚ ਜ਼ਰੂਰ ਸ਼ਾਮਲ ਹੁੰਦੇ ਸਨ। ਉਨ੍ਹਾਂ ਨੂੰ ਲਗਪਗ 50 ਸਾਹਿਤਕ, ਸਮਾਜਿਕ ਅਤੇ ਸੱਭਿਆਚਾਰਕ ਸੰਸਥਾਵਾਂ ਨੇ ਮਾਨ-ਸਨਮਾਨ ਪ੍ਰਦਾਨ ਕੀਤੇ ਸਨ। ਸਿੱਖ ਧਰਮ ਦੇ ਖੋਜੀਆਂ ਖਾਸ ਤੌਰ 'ਤੇ ਪੀ.ਐੱਚ.ਡੀ. ਕਰਨ ਵਾਲੇ ਖੋਜੀ ਵਿਦਿਆਰਥੀਆਂ ਦੀ ਆਰਥਿਕ ਮਦਦ ਬਿਨਾ ਮੰਗੇ ਕਰਦੇ ਰਹਿੰਦੇ ਸਨ।

ਭਾਈ ਜੈਤੇਗ ਸਿੰਘ ਅਨੰਤ ਦਾ ਜਨਮ ਪਿਤਾ ਹਰਿਚਰਨ ਸਿੰਘ ਤੇ ਮਾਤਾ ਦਰਸ਼ਨ ਕੌਰ ਦੀ ਕੁੱਖੋਂ ਸਰਗੋਧਾ ਜ਼ਿਲ੍ਹੇ ਦੇ ਪਿੰਡ ਮਿੱਢਰਾਂਝਾ ਵਿਚ 14 ਅਗਸਤ 1946 ਵਿਚ ਹੋਇਆ ਸੀ। ਦੇਸ਼ ਦੀ ਵੰਡ ਤੋਂ ਬਾਅਦ ਉਨ੍ਹਾਂ ਦੇ ਪਿਤਾ ਜੀ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਬੁਟਾਹਰੀ ਵਿਚ ਸੈਟਲ ਹੋ ਗਏ ਸਨ। ਉਨ੍ਹਾਂ ਦਾ ਇੱਕ ਲੜਕਾ ਇੰਜ. ਕੁਲਬੀਰ ਸਿੰਘ ਅਨੰਤ ਅਤੇ ਲੜਕੀ ਆਰਕੀਟੈਕਟ ਕੁਲਪ੍ਰੀਤ ਕੌਰ ਵੜੈਚ ਹੈ। ਜੈਤੇਗ ਸਿੰਘ ਅਨੰਤ ਨੇ ਪੰਜ ਸਾਲਾ ਨੈਸ਼ਨਲ ਡਿਪਲੋਮਾ ਇਨ ਅਪਲਾਈਡ ਆਰਟ ਅਤੇ ਕਾਰਟੂਨਿੰਗ ਵਿਚ ਅਮਰੀਕਾ ਤੋਂ ਡਿਪਲੋਮਾ ਕੀਤਾ ਹੋਇਆ ਸੀ। ਉਹ 31 ਦਸੰਬਰ, 2025 ਨੂੰ ਸਵਰਗਵਾਸ ਹੋ ਗਏ ਸਨ।

ਭਾਈ ਜੈਤੇਗ ਸਿੰਘ ਅਨੰਤ ਦਾ ਅੰਤਮ ਸਸਕਾਰ 11 ਜਨਵਰੀ, 2026 ਨੂੰ ਸਵੇਰੇ 11.00 ਵਜੇ ਰਿਵਰਸਾਈਡ ਫਿਊਨਰਲ ਹੋਮ ਐਂਡ ਕਰੀਮੇਟੋਰੀਅਮ, 7410 ਹੋਪਸਕੋਟ ਰੋਡ ਡੈਲਟਾ ਵੀ4ਜੀ 1ਏ9 ਵਿਖੇ ਹੋਵੇਗਾ। ਉਸ ਤੋਂ ਬਾਅਦ ਅੰਤਮ ਅਰਦਾਸ ਗੁਰਦੁਆਰਾ ਸਾਹਿਬ ਬਰੁਕਸਾਈਡ 8365 140 ਸਟਰੀਟ ਸਰੀ ਵੀ3ਡਬਲਯੂ 5ਕੇ9 ਵਿਖੇ ਹੋਵੇਗੀ।



ਤਸਵੀਰ : ਜੈਤੇਗ ਸਿੰਘ ਅਨੰਤ

*ਅਸਲ ਵਿਚ ਜੈਤੇਗ ਸਿੰਘ ਅਨੰਤ ਚੜ੍ਹਦੇ ਤੇ ਲਹਿੰਦੇ ਪੰਜਾਬ ਅਤੇ ਦੁਨੀਆਂ ਵਿਚ ਵਸਦੇ ਪੰਜਾਬੀਆਂ ਦਰਮਿਆਨ ਸਾਹਿਤਕ ਕੜੀ ਦਾ ਕੰਮ ਕਰ ਰਿਹਾ ਸੀ। ਉਸਨੇ ਤਿੰਨ ਪੁਸਤਕਾਂ 'ਮਹਿਕ ਸਮੁੰਦਰੋਂ ਪਾਰ', 'ਕਲਾ ਦੇ ਵਣਜਾਰੇ' ਅਤੇ 'ਗਾਇਕੀ ਦਾ ਬੇਸ਼ਕੀਮਤੀ ਹੀਰਾ' ਪ੍ਰਕਾਸ਼ਤ ਕਰਵਾਕੇ ਪੰਜਾਬੀ ਸੱਭਿਆਚਾਰ ਅਤੇ ਸੱਭਿਅਤਾ ਦੇ ਪ੍ਰਤੀਕ ਵਿਅਕਤੀਆਂ ਦੇ ਵੱਖ-ਵੱਖ ਖੇਤਰਾਂ ਵਿਚ ਪਾਏ ਮਹੱਤਵਪੂਰਨ ਯੋਗਦਾਨ ਨੂੰ ਲੋਕਾਂ ਸਾਹਮਣੇ ਲਿਆਂਦਾ ਸੀ। ਇਹ ਤਿੰਨੋਂ ਪੁਸਤਕਾਂ ਵਿਦੇਸ਼ਾਂ ਵਿਚ ਪ੍ਰਵਾਸ ਕਰ ਰਹੇ ਕਲਾਕਾਰਾਂ ਦੀ ਪੰਜਾਬੀ ਸੱਭਿਆਚਾਰ ਨੂੰ ਦਿੱਤੀ ਦੇਣ ਦਾ ਪ੍ਰਗਟਾਵਾ ਕਰ ਰਹੀਆਂ ਹਨ। ਸਿੱਖ ਇਤਿਹਾਸ ਨਾਲ ਸੰਬੰਧਤ ਉਨ੍ਹਾਂ ਦੀਆਂ ਦੋ ਪੁਸਤਕਾਂ 'ਗ਼ਦਰੀ ਯੋਧੇ' ਤੇ 'ਗ਼ਦਰ ਦੀ ਕਹਾਣੀ' ਵੀ ਪ੍ਰਕਾਸ਼ਤ ਹੋਈਆਂ ਹਨ। ਜੈਤੇਗ ਸਿੰਘ ਅਨੰਤ ਦੀ ਪੁਸਤਕ 'ਗ਼ਦਰੀ ਯੋਧੇ' ਨੂੰ ਸੰਪਾਦਨਾ ਵਿਚ ਭਾਸ਼ਾ ਵਿਭਾਗ ਪੰਜਾਬ ਨੇ ਸਰਵੋਤਮ ਪਹਿਲਾ ਪੁਰਸਕਾਰ 'ਪ੍ਰਿੰਸੀਪਲ ਤੇਜਾ ਸਿੰਘ ਅਵਾਰਡ' ਦਿੱਤਾ ਸੀ, ਜੈਤੇਗ ਸਿੰਘ ਨੇ ਆਪਣੇ ਫੋਟੋਗ੍ਰਾਫੀ ਦੇ ਸ਼ੌਕ ਦੇ ਨਾਲ ਇਤਿਹਾਸਕ ਸਥਾਨਾ ਬਾਰੇ 1968 ਵਿਚ ਲਿਖਣਾ ਵੀ ਸ਼ੁਰੂ ਕਰ ਦਿੱਤਾ, ਜੋ ਕਿ ਹੌਲੀ-ਹੌਲੀ ਇੱਕ ਲੇਖਕ ਦੇ ਰੂਪ ਵਿਚ ਵਿਕਸਿਤ ਹੋ ਗਿਆ।*



ਸਰਬਜੀਤ ਸਿੰਘ
ਸੈਕਰਾਮੈਂਟੋ
ਪੰਜਾਬ ਮੇਲ USA

# ਅੰਮਤਾ, ਪੂਰਨਮੰਤਾ ਅਤੇ ਮਲਮਾਸ


ਗਭਗ 8 ਸਾਲ ਪਹਿਲਾਂ, ਅਨੁਰਾਗ ਸਿੰਘ ਦੀਆਂ ਪੋਸਟਾਂ ਵਿਚ ਮੈਂ ਪਹਿਲੀ ਵਾਰ ਪੜ੍ਹਿਆ ਸੀ ਕਿ ਗੁਰੂ ਸਾਹਿਬ ਜੀ ਨੇ ਪ੍ਰਚੱਲਤ ਬਿਕ੍ਰਮੀ ਕੈਲੰਡਰ ਵਿਚ ਸੋਧ ਕਰਕੇ 'ਮੂਲ ਸਿੱਖ ਕੈਲੰਡਰ' ਸਥਾਪਿਤ ਕੀਤਾ ਸੀ। ਇਹ ਜਾਣਕਾਰੀ ਮੇਰੇ ਵਾਸਤੇ ਨਵੀਂ ਸੀ। ਮੈਂ ਅਨੁਰਾਗ ਸਿੰਘ ਨੂੰ ਲਿਖਤੀ ਬੇਨਤੀ ਕੀਤੀ ਕਿ ਇਸ ਕੈਲੰਡਰ ਬਾਰੇ ਹੋਰ ਜਾਣਕਾਰੀ ਦੇ ਨਾਲ, ਉਹ ਕੈਲੰਡਰ ਵੀ ਸਾਂਝਾ ਕੀਤਾ ਜਾਵੇ। ਉਸ ਵੱਲੋਂ ਕੋਈ ਜਵਾਬ ਨਾ ਆਉਣ ਕਾਰਨ, ਮੇਰਾ ਸ਼ੱਕ ਯਕੀਨ ਵਿਚ ਬਦਲ ਗਿਆ ਕਿ ਇਹ ਝੂਠ ਬੋਲ/ਲਿਖ ਰਿਹਾ ਹੈ। ਫੇਰ ਇਹ ਆਉਣ ਵਾਲੀ ਕਿਤਾਬ ਬਾਰੇ ਪ੍ਰਚਾਰ ਕਰਨ ਲੱਗ ਪਿਆ। ਅਸੀਂ ਸੋਚਿਆ ਕਿ ਕਿਤਾਬ ਵਿਚ ਤਾਂ ਕੈਲੰਡਰ ਬਾਰੇ ਜਾਣਕਾਰੀ ਦੇਣਗੇ ਹੀ। ਇਕ ਦਿਨ ਸਤਿੰਦਰ ਸਿੰਘ ਦੀ ਪੋਸਟ ਨੇ ਮੇਰਾ ਧਿਆਨ ਖਿੱਚਿਆ, "ਉਡੀਕ ਖਤਮ ਹੋਈ, ਪੁਸਤਕ ਹੁਣ ਕੈਨੇਡਾ-ਅਮਰੀਕਾ ਵਿਚ ਵੀ ਉਪਲੱਬਦ ਹੈ"। ਕਿਤਾਬ ਦਾ ਨਾਮ, "ਗੁਰੂ ਸਾਹਿਬ ਵੱਲੋਂ ਸਥਾਪਤ ਕੀਤਾ ਮੂਲ ਸਿੱਖ ਕੈਲੰਡਰ", ਪੜ੍ਹ ਕੇ ਆਸ ਦੀ ਕਿਰਨ ਵਿਖਾਈ ਦਿੱਤੀ ਕਿ ਹੁਣ ਤਾਂ ਗੁਰੂ ਸਾਹਿਬ ਜੀ ਵੱਲੋਂ ਸਥਾਪਤ ਕੀਤੇ 'ਮੂਲ ਸਿੱਖ ਕੈਲੰਡਰ' ਦੇ ਦਰਸ਼ਨ ਹੋ ਹੀ ਜਾਣਗੇ। ਪਰ ਕਿੱਥੇ? ਕੈਲੰਡਰ ਦੇ ਦਰਸ਼ਨ ਤਾਂ ਹੁੰਦੇ, ਜੇ ਕੋਈ ਅਜਿਹਾ ਕੈਲੰਡਰ ਹੁੰਦਾ?

ਹੁਣ ਅਸੀਂ ਇਹ ਵੇਖਣਾ ਹੈ ਕਿ ਅਨੁਰਾਗ ਸਿੰਘ ਨੂੰ ਅਜਿਹਾ ਸ਼ੋਸ਼ਾ ਛੱਡਣ ਦਾ ਖਿਆਲ ਕਿਵੇਂ ਆਇਆ ਹੋਵੇਗਾ? ਇਸ ਦੀ ਜੜ੍ਹ ਹੈ '**Oxford Dictionary of World Religions**' ਵਿਚ। ਜਿਸ ਦੇ ਹਵਾਲੇ ਨਾਲ, ਆਪਣੀ ਹਰ ਦੂਜੀ-ਤੀਜੀ ਪੋਸਟ ਵਿਚ ਆਹ ਪੰਗਤੀ, "ਪਾਲ ਸਿੰਘ ਪੁਰੇਵਾਲ ਦੀ ਮਿਸ਼ਰਤ ਜੰਤਰੀ ਤੋਂ ਪਹਿਲਾਂ ਸਿੱਖਾਂ ਦਾ ਮੂਲ ਸਿੱਖ ਕੈਲੰਡਰ ਸੀ, ਜਿਸ ਦਾ ਜਿਕਰ John Bowker ਇਸ ਤਰ੍ਹਾਂ ਕਰਦੇ ਹਨ: "**The Sikh Religious Calendar is a modified form of the Bikrami Calendar**", ਪੋਸਟ ਕਰਦਾ ਰਿਹਾ ਹੈ। ਆਪਣੀ ਕਿਤਾਬ "ਮੂਲ ਸਿੱਖ ਕੈਲੰਡਰ" ਵਿਚ ਵੀ ਇਹ ਪੰਗਤੀ ਦਰਜ ਕਰਨਾ ਨਹੀਂ ਭੁੱਲੇ (ਪੰਨਾ 19)

ਪਰ ਜਦੋਂ, '**Oxford Dictionary of World Religions**' ਦਾ ਹਵਲਾ ਦੇ ਕੇ, "**Sikhism; The Sikhs' religious calendar is a modified form of the Bikrami calendar. The year is solar (23 minutes 44 seconds shorter than the Christian year) and the months are lunar. Lunar month dates, varying within fifteen days, are used for *gurpurbs. So in 1984 Guru *Gobind Singh's birthday fell on both 10 Jan. and 29 Dec. Solar months, based on the twelve zodiac signs, are also used, e.g. for *Sangrands, *Baisakhi, and Lohri. The anniversaries of the battle of Chamkaur, martyrdom of the younger *Sahibzada, and battle of *Muktsar are solar dates. Because of the discrepancy between the Bikrami and Christian solar year these dates advance one day in sixty-seven years. (page 188)** ਸਵਾਲ ਕੀਤਾ, ਤਾਂ ਇਨ੍ਹਾਂ ਨੇ 'ਇਕ ਚੁੱਪ ਸੌ ਸੁੱਖ' ਦੀ ਨੀਤੀ 'ਤੇ ਅਮਲ ਕਰਨ ਵਿਚ ਹੀ ਭਲਾਈ ਸਮਝੀ।

ਸਵਾਲ ਪੈਦਾ ਹੁੰਦਾ ਹੈ ਕਿ ਕੀ ਕਿਸੇ ਸ਼ਬਦ ਕੋਸ਼ ਵਿਚ ਲਿਖਿਆ, ਪੱਥਰ 'ਤੇ ਲਕੀਰ ਹੁੰਦੀ ਹੈ? ਕੀ ਉਸ ਨੂੰ ਅੱਖਾਂ ਬੰਦ ਕਰਕੇ ਮੰਨ ਲੈਣਾ ਚਾਹੀਦਾ ਹੈ? ਜੇ ਅਜਿਹਾ ਹੈ, ਤਾਂ "**23 minutes 44 seconds shorter than the Christian year**" ਦਾ ਕੀ ਕੀਤਾ ਜਾਵੇ? ਇਸ਼ੇ ਸ਼ਬਦ ਕੋਸ਼ ਦੇ ਇਸੇ ਪੰਨੇ (188) ਉੱਪਰ 'ਹਿੰਦੂ ਧਾਰਮਿਕ ਕੈਲੰਡਰ' ਵੀ ਦਿੱਤਾ ਹੋਇਆ ਹੈ। ਦੱਸੋ, ਇਨ੍ਹਾਂ ਦੋਵਾਂ ਵਿਚ ਕੀ ਅੰਤਰ ਹੈ? ਗੁਰੂ ਸਾਹਿਬ ਜੀ ਵੱਲੋਂ ਸੋਧ ਕੇ ਲਾਗੀ ਕੀਤਾ 'ਮੂਲ ਸਿੱਖ ਕੈਲੰਡਰ' ਕਿੱਥੇ ਹੈ? ਅਨੁਰਾਗ ਸਿੰਘ ਨੂੰ ਇਹ ਕੈਲੰਡਰ ਕਦੋਂ ਅਤੇ ਕਿਥੋਂ ਪ੍ਰਾਪਤ ਹੋਇਆ ਸੀ? ਜੇ ਇਸ ਨੂੰ, ਇਸ ਕੈਲੰਡਰ ਬਾਰੇ, ਨਾਨਕਸ਼ਾਹੀ ਕੈਲੰਡਰ ਬਨਣ ਤੋਂ ਪਹਿਲਾ ਜਾਣਕਾਰੀ ਸੀ, ਤਾਂ ਇਸ ਨੇ ਉਸ ਵੇਲੇ ਕਿਉਂ ਨਹੀਂ ਦੱਸਿਆ, ਜਦੋਂ ਇਹ ਮੀਟਿੰਗਾਂ ਵਿਚ ਸ਼ਾਮਿਲ ਹੁੰਦਾ ਸੀ। ਯਾਦ ਰਹੇ, ਇਹ ਕਿਤਾਬ 1996 ਈ: ਵਿਚ ਛਪੀ ਸੀ। ਜੇ ਇਹ ਕੈਲੰਡਰ ਉਸ ਤੋਂ ਪਿੱਛੋਂ ਲੱਭਾ ਹੈ, ਤਾਂ ਵਾਰ-ਵਾਰ ਬੇਨਤੀਆਂ ਕਰਨ 'ਤੇ ਵੀ ਸੰਗਤਾਂ ਦੀ ਕਚਿਹਰੀ ਵਿਚ ਕਿਉਂ ਨਹੀਂ ਰੱਖਿਆ ਗਿਆ? ਕੀ ਇਹ ਕੈਲੰਡਰ, ਇਨ੍ਹਾਂ ਦੀ ਨਿੱਜੀ ਸੰਪਤੀ ਹੈ ਜਾਂ ਪੰਥਕ ਵਿਰਾਸਤ?

20 ਦਸੰਬਰ 2025 ਈ: ਨੂੰ ਬਠਿੰਡਾ ਵਿਖੇ ਹੋਣ





ਵਾਲੀ ਵਿਚਾਰ-ਚਰਚਾ ਸਬੰਧੀ ਜਦੋਂ ਸਤਿੰਦਰ ਸਿੰਘ ਦਾ ਫੋਨ (12 ਦਸੰਬਰ) ਆਇਆ, ਤਾਂ ਮੈਂ ਉਸ ਮੀਟਿੰਗ ਦੇ ਏਜੰਡੇ ਬਾਰੇ ਜਾਨਣ ਦੇ ਨਾਲ-ਨਾਲ 'ਗੁਰੂ ਸਾਹਿਬ ਜੀ ਵੱਲੋਂ ਸਥਾਪਿਤ ਕੀਤਾ ਗਿਆ ਮੂਲ ਸਿੰਘ ਕੈਲੰਡਰ' ਦੀ ਵੀ ਮੰਗ ਕੀਤੀ, ਤਾਂ ਸਤਿੰਦਰ ਸਿੰਘ ਨੇ ਕੋਈ ਤਸੱਲੀਬਖਸ਼ ਜਵਾਬ ਨਹੀਂ ਸੀ ਦਿੱਤਾ। ਇਨ੍ਹਾਂ ਦੀ ਕਿਤਾਬ ਪੜ੍ਹ ਕੇ ਮੈਂ 4 ਦਸੰਬਰ 2023 ਈ: ਨੂੰ ਈ ਮੇਲ ਕਰਕੇ ਕੈਲੰਡਰ ਦੀ ਮੰਗ ਕੀਤੀ ਸੀ, ਜਿਸ ਦਾ ਜਵਾਬ ਅੱਜ ਤਾਂਈ ਨਹੀਂ ਆਇਆ। ਬਠਿੰਡੇ ਵਾਲੀ ਮੀਟਿੰਗ ਵਿਚ ਵੀ ਸ. ਕਿਰਪਾਲ ਸਿੰਘ ਨੇ ਕੈਲੰਡਰ ਦੀ ਮੰਗ ਕੀਤੀ ਤਾਂ ਜਵਾਬ ਮਿਲਿਆ ਕਿ ਕੈਲੰਡਰ ਕਿਤਾਬ ਵਿਚ ਹੀ ਹੈ। ਸਰਬਜੀਤ ਸਿੰਘ ਸੈਕਰਾਮੈਂਟੋ ਅਤੇ ਕਿਰਪਾਲ ਸਿੰਘ ਬਠਿੰਡਾ ਨੂੰ ਕੈਲੰਡਰ ਸਮਝ ਨਹੀਂ ਆਇਆ, ਪਰ ਹੋਰ ਸਾਰਿਆਂ ਨੂੰ ਸਮਝ ਆ ਗਿਆ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਉਹ, 'ਹੋਰ ਸਾਰੇ' ਕੌਣ ਹਨ? ਜਿਨ੍ਹਾਂ ਨੂੰ ਕਿਤਾਬ ਪੜ੍ਹ ਕੇ ਕੈਲੰਡਰ ਦੇ ਦਰਸ਼ਨ ਹੋ ਗਏ ਹਨ? ਖੈਰ...। ਆਓ ਹੁਣ ਇਹ ਵੇਖੀਏ ਕਿ ਗੁਰਚਰਨ ਸਿੰਘ ਸੇਖੋਂ ਨੇ ਕਿਤਾਬ ਵਿਚ ਕੀ ਲਿਖਿਆ ਹੈ?

"ਗੁਰੂ ਨਾਨਕ ਦੇਵ ਜੀ ਨੇ ਚੰਦਰਮਾਂ ਦੇ ਮਹੀਨਿਆਂ ਦੀ ਸ਼ੁਰੂਆਤ ਦੀ ਚੋਣ ੧ ਵਦੀ ਤੋਂ ਕਰਕੇ ਇਸ ਮਹੀਨੇ ਨਾਲ ਜੁੜਿਆ ਸਾਰਾ ਭਰਮ ਹੀ ਕੱਟ ਦਿੱਤਾ। ... ਗੁਰੂ ਨਾਨਕ ਦੇਵ ਜੀ ਨੇ ਚੰਦ੍ਰਮਾਂ ਦੇ ਮਹੀਨੇ ਦੀ ਸ਼ੁਰੂਆਤ ਦੋ ਮੱਸਿਆ ਦੇ ਅੱਧ ਵਿਚ, ਭਾਵ ਕਿ ਪੂਰਨਮਾਸ਼ੀ ਉਪਰੰਤ ਕਰ ਦਿੱਤੀ। ਹੁਣ ਪਹਿਲੇ ਮਹੀਨੇ ਵਿਚ ਵੀ ਸੰਗਰਾਂਦ ਆਵੇਗੀ ਅਤੇ ਅਗਲੇ ਵਿਚ ਵੀ ਆਵੇਗੀ। ਉਦਾਹਰਨ: ਅਗਰ ਭਾਦੋਂ ੧ ਨੂੰ ਸੂਰਜੀ ਮਹੀਨਾ ਸ਼ੁਰੂ ਹੋਵੇ ਅਤੇ ਦੋ ਨੂੰ ਚੰਦ੍ਰਮਾਂ ਦਾ ਮਹੀਨਾ ਸ਼ੁਰੂ ਹੋ ਜਾਵੇ ਅਤੇ ਫਿਰ ਭਾਦੋਂ ੩੧ ਨੂੰ ਮੱਸਿਆ ਸਮੇਂ ਚੰਦ੍ਰਮਾਂ ਦਾ ਮਹੀਨਾ ਸਮਾਪਤ ਹੋ ਜਾਵੇ ਅਤੇ ਅਗਲੇ ਦਿਨ ਅੱਸੂ ੧ ਦੀ ਸੰਗਰਾਂਦ ਵਾਲੇ ਦਿਨ ਸੂਰਜੀ ਮਹੀਨਾ ਸ਼ੁਰੂ ਹੋ ਜਾਵੇ, ਤਾਂ ਚੰਦ੍ਰਮਾਂ ਦੇ ਮਹੀਨੇ ਵਿਚ ਸੰਗਰਾਂਦ ਨਹੀਂ ਆਵੇਗੀ। ਪਰ ਜੇ ਚੰਦ੍ਰਮਾਂ ਦਾ ਮਹੀਨਾ ਬਦਲ ਕੇ ਪੂਰਨਮਾਸ਼ੀ ਉਪਰੰਤ ਵਦੀ ੧ ਤੋਂ ਕਰ ਦਿੱਤਾ ਜਾਵੇ, ਤਾਂ ਇਹ ਸੂਰਜੀ ਭਾਦੋਂ ਮਹੀਨੇ ਦੇ ਅੱਧ ਵਿਚ, ਭਾਵ ਕਿ ੧੫ ਭਾਦੋਂ ਦੇ ਆਸ-ਪਾਸ ਦਾ ਸਮਾਂ ਬਣ ਜਾਵੇਗਾ। ਹੁਣ ਪਿਛਲੇ 30 ਦਿਨਾਂ ਵਿਚ ਵੀ ਸੰਗਰਾਂਦ ਆਵੇਗੀ ਅਤੇ ਅਗਲੇ 30 ਦਿਨਾਂ ਵਿਚ ਸੰਗਰਾਂਦ ਆਵੇਗੀ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਇਹ ਅਸ਼ੁੱਭ ਵਾਲੀ ਸਾਰੀ ਵਿਚਾਰ ਹੀ ਖ਼ਤਮ ਕਰਕੇ ਇਕ ਨਿਰੋਲ-ਵਿਲੱਖਣ ਸਿੱਖ ਕੈਲੰਡਰ ਸਥਾਪਤ ਕੀਤਾ। ਇਹ ਹੈ ਗੁਰੂ ਸਾਹਿਬਾਂ ਵਲੋਂ ਸਥਾਪਤ ਕੀਤਾ ਸਿੱਖਾਂ ਦਾ ਮੂਲ ਕਲੰਡਰ, ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਸੂਰਜੀ ਅਤੇ ਚੰਦ੍ਰਮਾਂ ਦੇ ਅਲੱਗ-ਅਲੱਗ ਸਿਧਾਂਤਾਂ ਵਿਚੋਂ ਆਪਣੇ ਸਿਧਾਂਤਾਂ ਦੀ ਚੋਣ ਕਰਕੇ, ਉਨ੍ਹਾਂ ਉਪਰ ਬਾਣੀ ਉਚਾਰੀ ਅਤੇ ਸਾਡੇ ਕਲੰਡਰ ਦੇ ਸਿਧਾਂਤ, ਆਦਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ। ਇਸ ਲਈ ਸਿੱਖ ਕੌਮ, ਕਦੇ ਵੀ ਕਲੰਡਰ ਤੋਂ ਵਾਂਝੀ ਨਹੀਂ ਸੀ, ਪਰ ਸਿੱਖਾਂ ਨੂੰ ਝੂਠ ਬੋਲ ਕੇ ਇਸ ਗੱਲ ਦਾ ਭੁਲੇਖਾ ਪਾਇਆ ਗਿਆ ਕਿ ਉਨ੍ਹਾਂ ਪਾਸ ਕੋਈ ਕਲੰਡਰ ਨਹੀਂ ਹੈ"। (ਪੰਨਾ 86)

ਗੁਰਚਰਨ ਸਿੰਘ ਸੇਖੋਂ ਦੇ ਲਿਖਣ ਦਾ ਭਾਵ ਜੋ ਮੈਂ ਸਮਝਿਆ ਹਾਂ, ਇਹ ਹੈ ਕਿ, ਮਲ ਮਾਸ ਇਸ ਕਰਕੇ ਆਉਂਦਾ ਹੈ ਕਿ ਮਹੀਨੇ ਦਾ ਆਰੰਭ ਸੁਦੀ ਏਕਮ ਤੋਂ ਹੁੰਦਾ ਹੈ ਅਤੇ ਉਦੋਂ ਹੀ ਸੰਗਰਾਂਦ ਹੁੰਦੀ ਹੈ, ਇਸ ਕਾਰਨ ਮੱਸਿਆ ਅਤੇ ਸੰਗਰਾਂਦ ਨੂੰ ਵੱਖ-ਵੱਖ ਕਰਨ ਲਈ ਗੁਰੂ ਸਾਹਿਬ ਜੀ ਨੇ ਮਹੀਨੇ ਦਾ ਆਰੰਭ ਵਦੀ ਏਕਮ ਤੋਂ ਕਰ ਦਿੱਤਾ। ਹੁਣ ਮੱਸਿਆ ਮਹੀਨੇ ਦੇ ਮੱਧ ਵਿਚ ਆਉਣ ਕਰਕੇ, ਮਲ ਮਾਸ ਦੀ ਸਮੱਸਿਆ ਨਹੀਂ ਆਵੇਗੀ। "ਗੁਰੂ ਨਾਨਕ ਦੇਵ ਜੀ ਨੇ ਚੰਦ੍ਰਮਾਂ ਦੇ ਮਹੀਨਿਆਂ ਦੀ ਸ਼ੁਰੂਆਤ ਦੀ ਚੋਣ ੧ ਵਦੀ ਤੋਂ ਕਰਕੇ ਇਸ ਮਹੀਨੇ ਨਾਲ ਜੁੜਿਆ ਸਾਰਾ ਭਰਮ ਹੀ ਕੱਟ ਦਿੱਤਾ"।

ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਵਿਚ ਚੰਦ ਦਾ ਮਹੀਨਾ ਅਤੇ ਸੂਰਜੀ ਮਹੀਨਾ, ਦੋਵੇਂ ਇਕੱਠੇ ਚਲਦੇ ਹਨ। ਚੰਦ ਦੇ ਨਵੇਂ ਸਾਲ ਦਾ ਆਰੰਭ ਚੇਤ ਸੁਦੀ ਏਕਮ ਤੋਂ ਹੁੰਦਾ ਹੈ। ਪਰ ਮਹੀਨੇ ਦਾ ਆਰੰਭ ਚੇਤ ਵਦੀ ਏਕਮ ਤੋਂ। ਇਸ ਕਾਰਨ ਚੇਤ ਦਾ ਅੱਧਾ ਮਹੀਨਾ (ਵਦੀ ਪੱਖ) ਪਿਛਲੇ ਸਾਲ ਵਿਚ ਆਉਂਦਾ ਹੈ ਅਤੇ ਅੱਧਾ ਮਹੀਨਾ (ਸੁਦੀ ਪੱਖ) ਨਵੇਂ ਸਾਲ ਵਿਚ ਆਉਂਦਾ ਹੈ। ਬਿਕ੍ਰਮੀ ਕੈਲੰਡਰ ਦੇ ਨਵੇਂ ਚੰਦਰ ਸਾਲ ਭਾਵ 2083 ਬਿ: ਦਾ ਆਰੰਭ 19 ਮਾਰਚ 2026 ਈ: ਨੂੰ ਹੋਵੇਗਾ। ਸੂਰਜੀ ਸਾਲ ਦਾ ਆਰੰਭ 1 ਵੈਸਾਖ/14 ਅਪ੍ਰੈਲ 2026 ਈ: ਨੂੰ ਹੋਵੇਗਾ। ਇਥੇ ਮਹੀਨਾ ਚੰਦ ਦਾ ਮੁੱਖ ਰੱਖਿਆ ਜਾਂਦਾ ਹੈ ਅਤੇ ਸਾਲ ਸੂਰਜੀ।

ਗੁਰੂ ਗ੍ਰੰਥ ਸਾਹਿਬ ਜੀ ਵਿਚ 'ਥਿਤੀ' ਸਿਰਲੇਖ ਹੇਠ ਤਿੰਨ ਬਾਣੀਆ ਦਰਜ ਹਨ:-

੧. ਥਿਤੀ ਗਉੜੀ ਮਹਲਾ ੫ (ਪੰਨਾ 296)

੨. ਰਾਗ ਗਉੜੀ ਥਿਤੀ ਕਬੀਰ ਜੀ ਕੀ (ਪੰਨਾ 343)

੩. ਬਿਲਾਵਲ ਮਹਲਾ ੧ ਥਿਤੀ ਘਰੁ ੧੦ (ਪੰਨਾ 838)

ਚੰਦ ਦਾ ਮਹੀਨਾ ਪੁੰਨਿਆ ਤੋਂ ਪੁੰਨਿਆ, ਜਿਸ ਨੂੰ ਪੂਰਨਮੰਤਾ ਕਹਿੰਦੇ ਹਨ ਅਤੇ ਮੱਸਿਆ ਤੋਂ ਮੱਸਿਆ, ਜਿਸ ਨੂੰ ਅਮੰਤਾ ਕਹਿੰਦੇ ਹਨ, ਦੋਵੇਂ ਤਰ੍ਹਾਂ ਹੀ ਗਿਣਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ 'ਬਿਲਾਵਲ ਮਹਲਾ ੧ ਥਿਤੀ' ਅਤੇ 'ਥਿਤੀ ਗਉੜੀ ਮਹਲਾ ੫' ਦੋਵੇਂ ਪਾਵਨ ਬਾਣੀਆਂ ਵਿਚ ਮਹੀਨਾ 'ਪੂਰਨਮੰਤਾ' ਹੈ। ਅਤੇ 'ਰਾਗ ਗਉੜੀ ਥਿਤੀ ਕਬੀਰ ਜੀ ਕੀ' ਵਿਚ ਮਹੀਨਾ 'ਅਮੰਤਾ' ਹੈ। ਤਿੰਨੇ ਹੀ ਪਾਵਨ ਬਾਣੀਆਂ ਏਕਮ ਤੋਂ ਆਰੰਭ ਹੁੰਦੀਆਂ ਹਨ ;

ਏਕਮ ਏਕੰਕਾਰੁ ਪ੍ਰਭੁ ਕਰਉ ਬੰਦਨਾ ਧਿਆਇ॥ (ਪੰਨਾ 296)

ਪਰਿਵਾ ਪ੍ਰੀਤਮ ਕਰਹੁ ਬੀਚਾਰ॥ (ਪੰਨਾ 343)

ਏਕਮ ਏਕੰਕਾਰੁ ਨਿਰਾਲਾ॥ (ਪੰਨਾ 838)

ਥਿਤੀ ਗਉੜੀ ਮਹਲਾ ੫ (ਪੰਨਾ 296) ਵਿਚ ਚੌਦਸ ਤੋਂ ਪਿਛੋਂ ਮੱਸਿਆ ਦਾ ਜ਼ਿਕਰ ਆਉਂਦਾ ਹੈ, "ਅਮਾਵਸ ਆਤਮ ਸੁਖੀ ਭਏ ਸੰਤੋਖੁ ਦੀਆ ਗੁਰਦੇਵ"। (ਪੰਨਾ 300) ਇੱਥੋਂ ਇਹ ਗਿਆਨ ਹਾਸਿਲ ਹੁੰਦਾ ਹੈ ਕਿ ਮੱਸਿਆ ਮਹੀਨੇ ਦੇ ਵਿਚਕਾਰ ਆਉਣ ਕਾਰਨ ਇਹ ਮਹੀਨਾ 'ਪੂਰਨਮੰਤਾ' ਹੈ।

ਬਿਲਾਵਲ ਮਹਲਾ ੧ ਥਿਤੀ ਘਰੁ ੧੦ (ਪੰਨਾ 838) ਬਾਣੀ ਵਿਚ ਵੀ ਚੌਦਸ ਤੋਂ ਪਿੱਛੋਂ ਮੱਸਿਆ ਦਾ ਜਿਕਰ ਹੀ ਆਉਂਦਾ ਹੈ। "ਅਮਾਵਸਿਆ ਚੰਦੁ ਗੁਪਤੁ ਗੈਣਾਰਿ", (ਪੰਨਾ 840) ਇਥੇ ਵੀ ਮੱਸਿਆ ਦਾ ਮਹੀਨੇ ਅੱਧ ਵਿਚਕਾਰ ਆਉਣਾ ਇਸ ਗੱਲ ਦਾ ਸਬੂਤ ਹੈ ਕਿ ਇਹ ਮਹੀਨਾ ਵੀ 'ਪੂਰਨਮੰਤਾ' ਹੈ।

ਰਾਗ ਗਉੜੀ 'ਥਿਤੀ ਕਬੀਰ ਜੀ ਕੀ' (ਪੰਨਾ 343) ਸਿਰਲੇਖ ਵਾਲੀ ਬਾਣੀ ਵਿਚ, ਚੌਦਸ ਤੋਂ ਪਿਛੋਂ ਪੁੰਨਿਆ ਦਾ ਜ਼ਿਕਰ ਆਉਂਦਾ ਹੈ। "ਪੂਨਿਉ ਪੂਰਾ ਚੰਦ ਅਕਾਸ"। (ਪੰਨਾ 344) ਭਗਤ ਕਬੀਰ ਜੀ ਵੱਲੋਂ ਉਚਾਰਣ ਕੀਤੀ ਗਈ ਬਾਣੀ ਵਿਚ 'ਪੁੰਨਿਆ' ਮਹੀਨੇ ਦੇ ਅੱਧ ਵਿਚਕਾਰ ਆਉਂਦੀ ਹੈ। ਇਸ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਇਹ ਮਹੀਨਾ ਮੱਸਿਆ ਤੋਂ ਮੱਸਿਆ ਤਾਈਂ ਚੱਲਦਾ ਹੈ। ਇਸ ਮਹੀਨੇ ਨੂੰ 'ਅਮੰਤਾ' ਕਹਿੰਦੇ ਹਨ।

ਭਾਰਤ ਸਰਕਾਰ ਵੱਲੋਂ ਬਣਾਈ ਗਈ ਕੈਲੰਡਰ ਸੁਧਾਰ ਕਮੇਟੀ ਦੀ ਰਿਪੋਰਟ ਵਿਚ, ਦੇਸ਼ ਵਿਚ ਪ੍ਰਚੱਲਤ ਵੱਖ-ਵੱਖ 32 ਕੈਲੰਡਰਾਂ ਦੀ ਸੂਚੀ ਦਰਜ ਹੈ। ਜਿਸ ਮੁਤਾਬਕ ਦੇਸ਼ ਵਿਚ ਅੱਜ ਵੀ ਚੰਦ ਦਾ ਮਹੀਨਾ ਦੋਵੇ ਤਰ੍ਹਾਂ ਹੀ, ਭਾਵ 'ਪੂਰਨਮੰਤਾ' ਅਤੇ 'ਅਮੰਤਾ' ਚੱਲਦਾ ਹੈ। ਇਹ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦਾ ਵਿਧਾਨ ਹੈ। ਗੁਰੂ ਸਾਹਿਬ ਜੀ ਪੰਜਾਬ ਦੇ ਇਲਾਕੇ ਵਿਚ ਜ਼ਿਆਦਾ ਵਿਚਰੇ ਹਨ, ਇਸ ਲਈ ਇਸ ਖਿਤੇ ਵਿਚ ਪ੍ਰਚੱਲਿਤ ਕੈਲੰਡਰ, ਚੰਦਰ- ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ- ਪੂਰਨਮੰਤਾ) ਮੁਤਾਬਕ ਉਪਦੇਸ਼ ਦਿੱਤਾ ਗਿਆ ਹੈ। ਭਗਤ ਕਬੀਰ ਦੀ ਦੇਸ਼ ਦੇ ਕਿਸੇ ਹੋਰ ਹਿੱਸੇ (ਬਨਾਰਸ- ਉੱਤਰ ਪ੍ਰਦੇਸ਼) ਵਿਚ ਰਹਿੰਦੇ ਸਨ। ਉਨ੍ਹਾਂ ਨੇ ਉਸ ਇਲਾਕੇ ਵਿਚ ਪ੍ਰਚੱਲਿਤ ਕੈਲੰਡਰ ਚੰਦਰ- ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ- ਅਮੰਤਾ) ਮੁਤਾਬਕ ਉਪਦੇਸ਼ ਦਿੱਤਾ ਹੈ।

**ਮਲ-ਮਾਸ**:- ਚੰਦ ਦੇ ਕੈਲੰਡਰ ਮੁਤਾਬਕ ਸਾਲ ਵਿਚ 354.37 ਦਿਨ ਹੁੰਦੇ ਹਨ। ਜਦੋਂ ਕਿ ਸੂਰਜੀ ਸਿਧਾਂਤ ਮੁਤਾਬਕ ਸੂਰਜੀ ਕੈਲੰਡਰ ਦੇ ਸਾਲ ਦੀ ਲੰਬਾਈ 365.2587 ਦਿਨ ਮੰਨੀ ਗਈ ਹੈ। ਮੋਟੇ ਤੌਰ 'ਤੇ ਕਹਿ ਸਕਦੇ ਹਾਂ ਕਿ ਚੰਦ ਦਾ ਸਾਲ ਸੂਰਜੀ ਸਾਲ ਤੋਂ ਲਗਭਗ 11 ਦਿਨ ਛੋਟਾ ਹੁੰਦਾ ਹੈ। ਜਦੋਂ ਇਕ ਸਾਲ ਵਿਚ 11, ਦੋ ਸਾਲ 22 ਅਤੇ ਤੀਜੇ ਸਾਲ ਚੰਦ ਦਾ ਕੈਲੰਡਰ ਸੂਰਜੀ ਸਾਲ ਤੋਂ 33 ਦਿਨ ਪਿੱਛੇ ਰਹਿ ਜਾਂਦਾ ਹੈ, ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ, ਇਸ ਵਿਚ ਇਕ ਹੋਰ ਮਹੀਨਾ ਜੋੜ ਦਿੱਤਾ ਜਾਂਦਾ ਹੈ। ਇਸ ਨੂੰ ਮਲ ਮਾਸ (ਮਾੜਾ ਮਹੀਨਾ) ਕਹਿੰਦੇ ਹਨ। ਇਸ ਸਾਲ, ਚੰਦ ਦੇ ਸਾਲ ਵਿਚ 384 ਦਿਨ ਅਤੇ 13 ਮਹੀਨੇ ਹੁੰਦੇ ਹਨ। 19 ਸਾਲਾਂ ਵਿਚ, 7 ਸਾਲ ਅਜਿਹੇ ਆਉਂਦੇ ਹਨ।

ਅਗਲੇ ਸਾਲ ਭਾਵ ਸੰਮਤ 2083 ਬਿਕ੍ਰਮੀ (2026-27 ਈ:) ਵਿਚ ਜੇਠ ਦਾ ਮਹੀਨਾ ਦੋ ਵਾਰ ਆਵੇਗਾ। ਇਕ ਚੰਗਾ ਦੂਜਾ ਮਾੜਾ। ਜੇਠ ਮਹੀਨੇ ਦਾ ਆਰੰਭ, ਜੇਠ ਵਦੀ ਏਕਮ, 2 ਮਈ 2026 ਈ: ਤੋਂ ਹੋਵੇਗਾ। ਜੇਠ ਦੀ ਮੱਸਿਆ 16 ਜੂਨ ਨੂੰ ਆਵੇਗੀ। ਜੇਠ ਦੀ ਪੁੰਨਿਆ 31 ਮਈ ਨੂੰ ਆਵੇਗੀ। ਦੂਜੇ ਜੇਠ ਦਾ ਆਰੰਭ (ਜੇਠ ਵਦੀ ਏਕਮ) 1 ਜੂਨ ਤੋਂ ਹੋਵੇਗਾ। ਜੇਠ ਦੀ ਮੱਸਿਆ 15 ਜੂਨ ਨੂੰ ਆਵੇਗੀ ਅਤੇ ਮਹੀਨੇ ਅੰਤ ਭਾਵ ਪੁੰਨਿਆ 29 ਜੂਨ ਨੂੰ ਆਵੇਗੀ। ਜੇਠ ਦਾ ਚੰਦਰ ਮਹੀਨਾ 2 ਮਈ ਤੋਂ 29 ਜੂਨ ਤੀਕ ਭਾਵ 59 ਦਿਨਾਂ ਦਾ ਹੋਵੇਗਾ।

ਇਸ ਵਿਚੋਂ 17 ਮਈ ਤੋਂ 15 ਜੂਨ ਦੇ ਦਿਨ ਮਾੜੇ ਹੋਣਗੇ, ਭਾਵ ਮਲ-ਮਾਸ ਹੋਵੇਗਾ। ਇਨ੍ਹਾਂ ਦਿਨਾਂ ਵਿਚ ਕੋਈ ਵੀ ਸ਼ੁੱਭ ਕਾਰਜ ਨਹੀਂ ਕੀਤਾ ਜਾ ਸਕਦਾ। ਪਹਿਲੇ ਮਹੀਨੇ ਦਾ ਪਹਿਲਾ ਪੱਖ (ਵਦੀ ਪੱਖ) ਚੰਗਾ, ਪਹਿਲੇ ਮਹੀਨ ਦਾ ਦੂਜਾ ਪੱਖ (ਸੁਦੀ ਪੱਖ) ਮਾੜਾ, ਦੂਜੇ ਮਹੀਨੇ ਦਾ ਪਹਿਲਾ ਪੱਖ (ਵਦੀ ਪੱਖ) ਮਾੜਾ ਅਤੇ ਦੂਜੇ ਮਹੀਨੇ ਦਾ ਦੂਜਾ ਪੱਖ (ਸੁਦੀ ਪੱਖ) ਚੰਗਾ ਹੁੰਦਾ ਹੈ। ਯਾਦ ਰਹੇ ਚੰਦਰ- ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਜੇਠ ਸੁਦੀ 4 ਨੂੰ ਮਨਾਇਆ ਜਾਂਦਾ ਹੈ। ਅਗਲੇ ਸਾਲ ਇਹ ਪਹਿਲੀ ਜੇਠ ਸੁਦੀ 4, ਜੋ 20 ਮਈ ਨੂੰ ਆਵੇਗੀ, ਨਹੀਂ ਮਨਾਇਆ ਜਾਵੇਗਾ, ਕਿਉਂਕਿ ਪਹਿਲੇ ਮਹੀਨੇ ਦਾ ਦੂਜਾ ਪੱਖ ਮਾੜਾ ਹੋਵੇਗਾ। ਹੁਣ ਇਹ ਦੂਜੇ ਮਹੀਨੇ ਦੇ ਦੂਜੇ ਪੱਖ ਵਿਚ ਆਉਣ ਵਾਲੀ ਸ਼ੁਭ ਜੇਠ ਸੁਦੀ 4 (18 ਜੂਨ) ਨੂੰ ਮਨਾਇਆ ਜਾਵੇਗਾ। ਜੇ ਇਹ ਬਿਪਰਵਾਦ ਨਹੀਂ ਤਾਂ ਹੋਰ ਕੀ ਹੈ?

ਇਸ ਮਹੀਨੇ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ, ਇਹ ਜਾਨਣਾ ਵੀ ਦਿਲਚਸਪ ਹੋਵੇਗਾ। ਜਦੋਂ ਮੱਸਿਆ ਤੋਂ ਮੱਸਿਆ ਦੇ ਦਰਮਿਆਨ ਸੰਗਰਾਂਦ ਨਾ ਆਵੇ, ਤਾਂ ਉਹ ਮਹੀਨਾ ਦੂਜੀ ਵਾਰ ਆ ਜਾਂਦਾ ਹੈ। ਜੇਠ ਦੀ ਸੰਗਰਾਂਦ 15 ਮਈ 2026 ਈ: ਨੂੰ ਆਵੇਗੀ। ਜੇਠ ਮਹੀਨੇ ਦੀ ਮੱਸਿਆ 16 ਮਈ ਨੂੰ ਆਵੇਗੀ। ਹੁਣ ਅਗਲੀ ਸੰਗਰਾਂਦ ਅਤੇ ਮੱਸਿਆ ਦੋਵੇਂ 15 ਜੂਨ ਨੂੰ ਆ ਰਹੀਆ ਹਨ। ਅਜਿਹੀ ਸਥਿਤੀ ਵਿਚ ਵੇਖਣਾ ਪਵੇਗਾ ਕਿ ਦੋਵਾਂ 'ਚ ਪਹਿਲਾਂ ਕਿਹੜੀ (ਮੱਸਿਆ ਜਾਂ ਸੰਗਰਾਂਦ) ਆ ਰਹੀ ਹੈ? 15 ਜੂਨ 2026 ਈ: ਦਿਨ ਸੋਮਵਾਰ ਨੂੰ ਸੂਰਜ 5:25 **AM** 'ਤੇ ਚੜ੍ਹੇਗਾ। ਮੱਸਿਆ ਦੀ ਤਿੱਥ ਜਿਹੜੀ 14 ਜੂਨ ਨੂੰ 12:20 **PM** 'ਤੇ ਆਰੰਭ ਹੋਈ ਸੀ, 15 ਤਾਰੀਖ ਨੂੰ 8:24 **AM** ਖਤਮ ਹੋਵੇਗੀ। 15 ਤਾਰੀਖ ਨੂੰ ਸੂਰਜ ਚੜ੍ਹਨ ਵੇਲੇ ਮੱਸਿਆ ਹੋਣ ਕਾਰਨ ਅਗਲੇ ਸੂਰਜ ਚੜ੍ਹਨ ਤੀਕ ਇਹ ਮੱਸਿਆ ਹੀ ਮੰਨੀ ਜਾਵੇਗੀ। ਸੂਰਜ, 15 ਜੂਨ ਨੂੰ 12:53 **PM** 'ਤੇ ਮਿਥਨ ਰਾਸ਼ੀ ਵਿਚ ਪ੍ਰਵੇਸ਼ ਕਰੇਗਾ। ਇਸ ਦਾ ਭਾਵ ਇਹ ਹੋਇਆ ਕਿ ਮੱਸਿਆ 8:24 **AM** 'ਤੇ ਖਤਮ ਹੋ ਜਾਵੇਗੀ ਪਰ ਸੰਗਰਾਂਦ 12:53 **PM** ਹੋਵੇਗੀ। ਸਪੱਸ਼ਟ ਹੈ ਕਿ ਮੱਸਿਆ ਤੋਂ ਮੱਸਿਆ ਦੇ ਵਿਚਕਾਰ ਸੰਗਰਾਂਦ ਨਹੀਂ ਆਵੇਗੀ, ਤਾਂ ਜੇਠ ਦਾ ਮਹੀਨਾ ਹੀ ਦੂਜੀ ਵਾਰ ਆ ਜਾਵੇਗਾ। ਇਕ ਚੰਗਾ ਇਕ ਮਾੜਾ ਭਾਵ ਮਲ-ਮਾਸ। ਹੁਣ ਗੁਰਚਰਨ ਸਿੰਘ ਸੇਖੋਂ ਦੇ ਲਿਖਤੀ ਦਾਵੇ, "ਗੁਰੂ ਨਾਨਕ ਦੇਵ ਜੀ ਨੇ ਚੰਦ੍ਰਮਾਂ ਦੇ ਮਹੀਨਿਆਂ ਦੀ ਸ਼ੁਰੂਆਤ ਦੀ ਚੋਣ ੧ ਵਦੀ ਤੋਂ ਕਰਕੇ ਇਸ ਮਹੀਨੇ ਨਾਲ ਜੁੜਿਆ ਸਾਰਾ ਭਰਮ ਹੀ ਕੱਟ ਦਿੱਤਾ" ਦਾ ਕੀ ਬਣਿਆ? ਜਦੋ ਚੰਦ ਦੇ ਸਾਲ (354.37 ਦਿਨ) ਅਤੇ ਸੂਰਜੀ ਸਾਲ (365.2587 ਦਿਨ) ਦੀ ਲੰਬਾਈ ਵੱਖ-ਵੱਖ ਹੋਣ ਕਾਰਨ 10.8887 ਦਿਨਾਂ ਦਾ ਫਰਕ ਹੈ, ਤਾਂ ਦੱਸੋ ਤੇਰਵਾਂ ਮਹੀਨਾ ਭਾਵ ਮਲ ਮਾਸ ਤੋਂ ਬਿਨਾ ਇਨ੍ਹਾਂ ਦੋਵਾਂ ਨੂੰ ਨੇੜੇ-ਤੇੜੇ ਕਿਵੇਂ ਰੱਖਿਆ ਜਾ ਸਕਦਾ ਹੈ?

ਸਿਆਣਿਆਂ ਦਾ ਕਥਨ ਹੈ ਕਿ ਸਮਝਦਾਰ ਨੂੰ ਤਾਂ ਇਸ਼ਾਰਾ ਹੀ ਕਾਫੀ ਹੁੰਦਾ ਹੈ। ਸੇਖੋਂ ਦੇ ਲਿਖਤੀ ਦਾਵੇ ਨੂੰ ਰੱਦ ਕਰਨ ਲਈ ਉਪਰੋਕਤ ਵਿਆਖਿਆ ਹੀ ਕਾਫੀ ਹੈ। ਪਰ ਇਹ ਬਹੁਤ ਹੀ ਢੀਠ ਕਿਸਮ ਦੇ ਲੋਕ ਹਨ। ਇਸ ਲਈ ਇਨ੍ਹਾਂ ਦੀ ਤਸੱਲੀ ਕਰਵਾਉਣ ਲਈ ਗੁਰੂ ਨਾਨਕ ਜੀ ਦੇ ਜੀਵਨ ਕਾਲ ਵਿਚ ਆਏ ਆਖਰੀ ਅਸ਼ੁਭ ਮਹੀਨੇ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ। ਗੁਰੂ ਨਾਨਕ ਸਾਹਿਬ ਜੀ 8 ਅੱਸੂ ਸੰਮਤ 1596 ਬਿ: (7 ਸਤੰਬਰ 1539 ਈ: ਜੂਲੀਅਨ) ਨੂੰ ਜੋਤੀ ਜੋਤ ਸਮਾਏ ਸਨ। ਸੰਮਤ 1595 ਬਿ: (1538 ਈ:) ਵਿਚ ਵੀ ਜੇਠ ਦਾ ਮਹੀਨਾ ਦੋ ਵਾਰ ਆਇਆ ਸੀ, ਇਕ ਸ਼ੁਭ ਅਤੇ ਦੂਜਾ ਅਸ਼ੁਭ ਭਾਵ ਮਲ ਮਾਸ। ਉਸ ਸਾਲ ਜੇਠ ਦਾ ਆਰੰਭ (ਜੇਠ ਵਦੀ ਏਕਮ) 15 ਅਪ੍ਰੈਲ 1538 ਈ: (ਜੂਲੀਅਨ) ਨੂੰ ਹੋਇਆ ਸੀ ਅਤੇ ਦੂਜੇ ਜੇਠ ਦੀ ਪੁੰਨਿਆ 12 ਜੂਨ ਨੂੰ ਆਈ ਸੀ। ਪਹਿਲੇ ਜੇਠ ਦੀ ਮੱਸਿਆ 28 ਅਪ੍ਰੈਲ ਨੂੰ ਆਈ ਸੀ। ਜੇਠ ਦੀ ਸੰਗਰਾਂਦ 27 ਅਪ੍ਰੈਲ ਨੂੰ ਆਈ ਸੀ। ਹਾੜ ਦੀ ਸੰਗਰਾਂਦ 29 ਮਈ ਨੂੰ ਆਈ ਸੀ, ਪਰ ਮੱਸਿਆ 28 ਮਈ 1538 ਈ: (ਜੂਲੀਅਨ) ਨੂੰ ਹੀ ਲੰਘ ਗਈ ਸੀ। ਇਸ ਕਾਰਨ ਜੇਠ ਦਾ ਮਹੀਨਾ ਦੁਵਾਰਾ ਆ ਗਿਆ ਸੀ। ਮਲ ਮਾਸ ਗੁਰੂ ਨਾਨਕ ਜੀ ਦੇ ਜੀਵਨ ਕਾਲ ਤੋਂ ਲੈ ਕੇ ਅੱਜ ਤਾਂਈ ਨਿਰੰਤਰ ਆ ਰਿਹਾ ਹੈ। ਇਸ ਲਈ ਸੇਖੋਂ ਦਾ ਇਹ ਲਿਖਣਾ, "ਪਰ ਜੇ ਚੰਦ੍ਰਮਾਂ ਦਾ ਮਹੀਨਾ ਬਦਲ ਕੇ ਪੂਰਨਮਾਸ਼ੀ ਉਪਰੰਤ ਵਦੀ ੧ ਤੋਂ ਕਰ ਦਿੱਤਾ ਜਾਵੇ, ਤਾਂ ਇਹ ਸੂਰਜੀ ਭਾਦੋਂ ਮਹੀਨੇ ਦੇ ਅੱਧ ਵਿਚ, ਭਾਵ ਕਿ ੧੫ ਭਾਦੋਂ ਦੇ ਆਸ-ਪਾਸ ਦਾ ਸਮਾਂ ਬਣ ਜਾਵੇਗਾ। ਹੁਣ ਪਿਛਲੇ 30 ਦਿਨਾਂ ਵਿਚ ਵੀ ਸੰਗਰਾਂਦ ਆਵੇਗੀ ਅਤੇ ਅਗਲੇ 30 ਦਿਨਾਂ ਵਿਚ ਸੰਗਰਾਂਦ ਆਵੇਗੀ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਇਹ ਅਸ਼ੁਭ ਵਾਲੀ ਸਾਰੀ ਵਿਚਾਰ ਹੀ ਖ਼ਤਮ ਕਰਕੇ ਇਕ ਨਿਰੋਲ-ਵਿਲੱਖਣ ਸਿੱਖ ਕੈਲੰਡਰ ਸਥਾਪਤ ਕੀਤਾ", (ਪੰਨਾ 86) ਮੁੱਢੋਂ ਹੀ ਗਲਤ ਹੈ। ਮੈਂ ਪੂਰੀ ਜ਼ਿੰਮੇਵਾਰੀ ਨਾਲ ਗੁਰਚਰਨ ਸਿੰਘ ਸੇਖੋਂ ਦੇ ਇਸ ਲਿਖਤੀ ਦਾਵੇ ਨੂੰ ਰੱਦ ਕਰਦਾ ਹਾਂ।

ਅਮੰਤਾ, ਪੂਰਨਮੰਤਾ ਅਤੇ ਮਲ-ਮਾਸ ਆਦਿ ਕੁਝ ਗੁੰਝਲਦਾਰ ਨੁਕਤੇ ਹਨ। ਸ਼ਾਇਦ ਸਾਰਿਆਂ ਦੇ ਗੋੜ ਵਿਚ ਨਾ ਆਏ ਹੋਣ, ਸੇਖੋਂ ਵੱਲੋਂ ਲਿਖਿਆ ਇਕ ਹੋਰ ਝੂਠ, ਜੋ ਸੌਖਿਆਂ ਹੀ ਸਾਰਿਆਂ ਦੇ ਸਮਝ ਆ ਜਾਵੇਗਾ, ਉਹ ਇਹ ਹੈ ਕਿ ਸੇਖੋਂ ਆਪਣੀ ਕਿਤਾਬ ਵਿਚ ਲਿਖਦਾ ਹੈ, "ਹਫਤਿਆਂ ਦੇ ਦਿਨਾਂ ਉਪਰ ਜਿਹੜੀ ਗੁਰਬਾਣੀ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਹ ਵੀ ਸੋਮਵਾਰ ਤੋਂ ਹੀ ਸ਼ੁਰੂ ਹੁੰਦੀ ਹੈ, ਐਤਵਾਰ ਤੋਂ ਨਹੀਂ" (ਪੰਨਾ 98)

ਗੁਰੂ ਗ੍ਰੰਥ ਸਾਹਿਬ ਜੀ ਵਿਚ ਸਤਵਾਰ ਦੇ ਸਿਰਲੇਖ ਹੇਠ ਦੋ ਬਾਣੀਆਂ ਦਰਜ ਹਨ। ਭਗਤ ਕਬੀਰ ਜੀ ਵੱਲੋਂ ਉਚਾਰਨ ਕੀਤੀ ਬਾਣੀ, ਗਉੜੀ ਰਾਗ ਵਿਚ (ਪੰਨਾ 344) ਉੱਪਰ ਦਰਜ ਹੈ। ਗੁਰੂ ਅਮਰਦਾਸ ਜੀ ਵੱਲੋਂ ਉਚਾਰੇ ਗਏ ਸਤਵਾਰੇ 'ਬਿਲਾਵਲੁ ਰਾਗ ਵਿਚ (ਪੰਨਾ 841) ਉੱਪਰ ਦਰਜ ਹਨ। ਦੋਵੇਂ ਬਾਣੀਆਂ ਦਾ ਆਰੰਭ ਐਤਵਾਰ ਤੋਂ ਹੁੰਦਾ ਹੈ।

ੴ ਸਤਿਗੁਰ ਪ੍ਰਸਾਦਿ॥ ਰਾਗੁ ਗਉੜੀ ਵਾਰ ਕਬੀਰ ਜੀਉ ਕੇ ੭॥

ਆਦਿਤ ਕਰੈ ਭਗਤਿ ਆਰੰਭ॥ ਕਾਇਆ ਮੰਦਰ ਮਨਸਾ ਥੰਭ॥ (ਪੰਨਾ 344)

ਬਿਲਾਵਲੁ ਮਹਲਾ ੩ ਵਾਰ ਸਤ ਘਰੁ ੧੦

ੴ ਸਤਿਗੁਰ ਪ੍ਰਸਾਦਿ ॥

ਆਦਿਤ ਵਾਰਿ ਆਦਿ ਪੁਰਖੁ ਹੈ ਸੋਈ॥ ਆਪੇ ਵਰਤੈ ਅਵਰੁ ਨ ਕੋਈ॥ (ਪੰਨਾ 841)

ਇਹ ਹੈ ਨਵੇਂ ਉੱਠੇ ਲੇਖਕ ਦਾ ਸ਼ੁੱਧ ਝੂਠ। ਉਪਰੋਕਤ ਵਿਚਾਰ ਚਰਚਾ ਤੋਂ ਸਾਰੇ ਸੱਜਣ ਹੀ ਸਮਝ ਗਏ ਹੋਣਗੇ ਕਿ ਸ. ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਕੀਤੇ ਗਏ ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀ, ਕਿੰਨਾ ਝੂਠ ਬੋਲ ਅਤੇ ਲਿਖ ਰਹੇ ਹਨ। ਕੀ ਅਜਿਹੇ ਝੂਠੇ ਅਤੇ ਮਕਾਰਾਂ ਨਾਲ ਵਿਚਾਰ-ਚਰਚਾ ਕੀਤੀ ਜਾਣੀ ਚਾਹੀਦੀ ਹੈ?

ਗੁਰੂ ਸਾਹਿਬ ਜੀ ਨੇ ਉਸ ਵੇਲੇ ਪ੍ਰਚੱਲਤ ਕੈਲੰਡਰ, ਚੰਦਰ-ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ, ਚਿਤ੍ਰਾਦੀ, ਪੂਰਨਮੰਤਾ) ਕੈਲੰਡਰ ਦੀ ਹੀ ਵਰਤੋਂ ਕੀਤੀ ਸੀ। ਸਾਰੀਆਂ ਤਾਰੀਖਾਂ ਇਸੇ ਕੈਲੰਡਰ ਵਿਚ ਹੀ (ਵਦੀ-ਸੁਦੀ ਅਤੇ ਪ੍ਰਵਿਸ਼ਟੇ) ਲਿਖੀਆਂ ਮਿਲਦੀਆਂ ਹਨ। ਪ੍ਰਚੱਲਤ ਕੈਲੰਡਰ ਵਿਚ ਸੋਧ, ਗੁਰੂ ਸਾਹਿਬ ਜੀ ਨੇ ਨਹੀਂ, ਸਗੋ 1964 ਈ: ਵਿਚ ਹਿੰਦੂ ਵਿਦਵਾਨਾਂ ਨੇ ਕੀਤੀ ਸੀ। ਅੱਜ ਇਸ ਨੂੰ 'ਚੰਦਰ-ਸੂਰਜੀ ਬਿਕ੍ਰਮੀ, ਦ੍ਰਿਕ ਗਿਣਤ ਸਿਧਾਂਤ' ਕਹਿੰਦੇ ਹਨ। ਇਸ ਦੇ ਸਾਲ ਦੀ ਲੰਬਾਈ 365.32563 ਦਿਨ ਮੰਨੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਸੋਧ ਨੂੰ ਪ੍ਰਵਾਨ ਕਰ ਚੁੱਕੀ ਹੈ। ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀਆਂ ਨੇ ਕਦੇ ਵੀ ਇਸ ਸੋਧ ਨੂੰ ਪ੍ਰਵਾਨ ਕਰਨ ਤੇ ਕਿੰਤੂ-ਪ੍ਰੰਤੂ ਨਹੀਂ ਕੀਤਾ। ਦੂਜੇ ਪਾਸੇ ਗੁਰੂ ਸਾਹਿਬ ਜੀ ਦੇ ਨਾਮ ਨਾਲ ਵੀ ਝੂਠ ਨੂੰ ਜੋੜਨ ਤੋਂ ਸੰਕੋਚ ਨਹੀਂ ਕਰਦੇ।

# ਨਵਾਂ ਸਾਲ: ਤਾਰੀਖ ਬਦਲਣ ਦੀ ਨਹੀਂ, ਸਗੋਂ ਬਦਲਦੇ ਦ੍ਰਿਸ਼ਟੀਕੋਣ ਦੀ ਲੋੜ ਹੈ

ਨਵੇਂ ਸਾਲ ਦੇ ਆਉਣ ਦੇ ਨਾਲ ਹੀ ਸਾਡੇ ਸਮਾਜ ਵਿਚ ਇੱਕ ਅਜੀਬ ਜਿਹੀ ਗੂੰਜ ਸ਼ੁਰੂ ਹੋ ਜਾਂਦੀ ਹੈ। ਕੈਲੰਡਰ ਬਦਲਦਾ ਹੈ, ਮੋਬਾਈਲ ਫੋਨ ਵਧਾਈਆਂ ਨਾਲ ਭਰ ਜਾਂਦੇ ਹਨ, ਟੀ.ਵੀ. ਚੈਨਲ "ਨਵੇਂ ਸਾਲ ਦੇ ਵਿਸ਼ੇਸ਼" ਪ੍ਰੋਗਰਾਮਾਂ ਦਾ ਪ੍ਰਸਾਰਣ ਕਰਨਾ ਸ਼ੁਰੂ ਕਰ ਦਿੰਦੇ ਹਨ ਅਤੇ ਅਸੀਂ ਸਾਰੇ ਇੱਕ ਦੂਜੇ ਨੂੰ ਭਰੋਸਾ ਦਿਵਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ "ਇਸ ਸਾਲ ਸਭ ਕੁਝ ਠੀਕ ਰਹੇਗਾ।" ਪਰ, ਹਰ ਸਾਲ ਵਾਂਗ, ਸਵਾਲ ਇਹ ਰਹਿੰਦਾ ਹੈ: ਕੀ ਕੁਝ ਸੱਚਮੁੱਚ ਨਵਾਂ ਹੈ, ਜਾਂ ਕੀ ਅਸੀਂ ਸਿਰਫ਼ ਤਾਰੀਖ ਬਦਲ ਰਹੇ ਹਾਂ ਅਤੇ ਉਹੀ ਪੁਰਾਣੇ ਤਰੀਕਿਆਂ ਨਾਲ ਜਾਰੀ ਰੱਖ ਰਹੇ ਹਾਂ?

ਭਾਰਤ ਵਰਗੇ ਦੇਸ਼ ਵਿਚ, ਨਵੇਂ ਸਾਲ ਦਾ ਦਿਨ ਸਿਰਫ਼ ਇੱਕ ਜਸ਼ਨ ਨਹੀਂ ਹੋਣਾ ਚਾਹੀਦਾ, ਸਗੋਂ ਆਤਮ-ਨਿਰੀਖਣ ਦਾ ਮੌਕਾ ਹੋਣਾ ਚਾਹੀਦਾ ਹੈ। ਕਿਉਂਕਿ ਨਵੇਂ ਸਾਲ ਦਾ ਦਿਨ ਹਰ ਕਿਸੇ ਲਈ ਇੱਕੋ ਜਿਹਾ ਨਹੀਂ ਹੁੰਦਾ। ਕੁਝ ਲਈ, ਇਹ ਛੁੱਟੀਆਂ, ਪਾਰਟੀਆਂ ਅਤੇ ਸੰਕਲਪਾਂ ਦਾ ਸਮਾਂ ਹੁੰਦਾ ਹੈ, ਜਦੋਂ ਕਿ ਦੂਜਿਆਂ ਲਈ, ਇਹ ਉਹੀ ਪੁਰਾਣਾ ਰੁਟੀਨ ਹੁੰਦਾ ਹੈ—ਸਵੇਰੇ ਚਾਰ ਵਜੇ ਝਪਕੀ, ਅਧੂਰੀਆਂ ਇੱਛਾਵਾਂ ਅਤੇ ਜ਼ਿੰਮੇਵਾਰੀਆਂ ਦਾ ਇੱਕ ਨਿਰੰਤਰ ਪ੍ਰਵਾਹ। ਮਾਵਾਂ, ਕੰਮਕਾਜੀ ਔਰਤਾਂ, ਦਿਹਾੜੀਦਾਰ ਮਜ਼ਦੂਰਾਂ, ਕਿਸਾਨਾਂ, ਅਧਿਆਪਕਾਂ, ਨਰਸਾਂ, ਡਰਾਈਵਰਾਂ ਲਈ ਨਵੇਂ ਸਾਲ ਦਾ ਦਿਨ ਅਕਸਰ ਕੈਲੰਡਰ 'ਤੇ ਸਿਰਫ਼ ਇੱਕ ਹੋਰ ਤਾਰੀਖ ਬਣ ਜਾਂਦਾ ਹੈ।

ਨਵੇਂ ਸਾਲ ਦੀ ਸ਼ਾਮ ਨੂੰ, ਜਦੋਂ ਅਸੀਂ ਰੌਸ਼ਨੀਆਂ, ਆਤਿਸ਼ਬਾਜ਼ੀਆਂ ਅਤੇ ਸੰਗੀਤ ਨਾਲ ਜਸ਼ਨ ਮਨਾਉਂਦੇ ਹਾਂ, ਇੱਕ ਮਾਂ ਜਲਦੀ ਸੌਂ ਜਾਂਦੀ ਹੈ, ਅਗਲੇ ਦਿਨ ਦੇ ਦੁਪਹਿਰ ਦੇ ਖਾਣੇ ਦੀ ਚਿੰਤਾ ਵਿਚ। ਇੱਕ ਮਜ਼ਦੂਰ ਉਛਾਲਦਾ ਅਤੇ ਮੁੜਦਾ ਹੈ, ਸੋਚਦਾ ਹੈ ਕਿ ਕੀ ਉਸਨੂੰ ਅਗਲੀ ਸਵੇਰ ਕੰਮ ਮਿਲੇਗਾ। ਇੱਕ ਕਿਸਾਨ ਅਸਮਾਨ ਵੱਲ ਦੇਖਦਾ ਹੈ, ਇਹ ਹਿਸਾਬ ਲਗਾਉਂਦਾ ਹੈ ਕਿ ਇਹ ਸਾਲ ਮੀਂਹ ਲਿਆਏਗਾ ਜਾਂ ਕਰਜ਼ਾ। ਅਸੀਂ ਅਕਸਰ ਕਹਿੰਦੇ ਹਾਂ, "ਨਵਾਂ ਸਾਲ, ਨਵੀਂ ਸ਼ੁਰੂਆਤ।" ਪਰ ਕੀ ਇਹ ਨਵੀਂ ਸ਼ੁਰੂਆਤ ਹਰ ਕਿਸੇ ਲਈ ਸੰਭਵ ਹੈ?

ਜਿੰਨਾ ਚਿਰ ਸਮਾਜਿਕ ਢਾਂਚੇ ਇੱਕੋ ਜਿਹੇ ਰਹਿੰਦੇ ਹਨ, ਸੋਚ ਇੱਕੋ ਜਿਹੀ ਰਹਿੰਦੀ ਹੈ, ਅਤੇ ਅਸਮਾਨਤਾਵਾਂ ਕਾਇਮ ਰਹਿੰਦੀਆਂ ਹਨ, ਨਵਾਂ ਸਾਲ ਸਿਰਫ਼ ਇੱਕ ਭਾਵਨਾਤਮਕ ਭਰਮ ਹੀ ਰਹਿੰਦਾ ਹੈ। ਅਸਲ ਤਬਦੀਲੀ ਉਦੋਂ ਆਉਂਦੀ ਹੈ, ਜਦੋਂ ਜਸ਼ਨ ਦੇ ਸ਼ੋਰ ਦੇ ਵਿਚਕਾਰ, ਅਸੀਂ ਉਨ੍ਹਾਂ ਆਵਾਜ਼ਾਂ ਨੂੰ ਸੁਣਨਾ ਸ਼ੁਰੂ ਕਰਦੇ ਹਾਂ, ਜੋ ਅਕਸਰ ਦਬਾਈਆਂ ਜਾਂਦੀਆਂ ਹਨ। ਨਵਾਂ ਸਾਲ ਸਿਰਫ਼ ਉਦੋਂ ਹੀ ਸਹੀ ਅਰਥ ਪ੍ਰਾਪਤ ਕਰਦਾ ਹੈ, ਜਦੋਂ ਅਸੀਂ ਇਹ ਸਵੀਕਾਰ ਕਰਦੇ ਹਾਂ ਕਿ ਹਰ ਕਿਸੇ ਦੀ ਜ਼ਿੰਦਗੀ ਇੱਕੋ ਜਿਹੀ



ਨਹੀਂ ਹੁੰਦੀ, ਅਤੇ ਬਰਾਬਰ ਦ੍ਰਿਸ਼ਟੀ ਤੋਂ ਬਿਨਾਂ ਬਰਾਬਰ ਮੌਕੇ ਅਸੰਭਵ ਹਨ।

ਜ਼ਿਆਦਾਤਰ ਨਵੇਂ ਸਾਲ ਦੀਆਂ ਸ਼ੁੱਭਕਾਮਨਾਵਾਂ ਔਰਤਾਂ ਨੂੰ ਸੰਬੋਧਿਤ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਤੋਂ ਹਰ ਸਥਿਤੀ ਵਿਚ ਮੁਸਕਰਾਉਣ, ਹਰ ਚੀਜ਼ ਦਾ ਪ੍ਰਬੰਧਨ ਕਰਨ ਅਤੇ ਕਦੇ ਸ਼ਿਕਾਇਤ ਨਾ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਪਰ ਬਹੁਤ ਘੱਟ ਹੀ ਕੋਈ ਉਨ੍ਹਾਂ ਨੂੰ ਪੁੱਛਦਾ ਹੈ ਕਿ ਕੀ ਉਹ ਥੱਕੀਆਂ ਹਨ ਜਾਂ ਕੀ ਉਨ੍ਹਾਂ ਨੂੰ ਬ੍ਰੇਕ ਦੀ ਲੋੜ ਹੈ। ਇੱਕ ਕੰਮਕਾਜੀ ਔਰਤ ਦਾ ਨਵਾਂ ਸਾਲ ਅਕਸਰ ਪੁਰਾਣੇ ਸੰਘਰਸ਼ਾਂ ਨਾਲ ਸ਼ੁਰੂ ਹੁੰਦਾ ਹੈ। ਉਸ ਤੋਂ ਘਰ, ਆਪਣੀ ਨੌਕਰੀ, ਆਪਣੇ ਭਾਵਨਾਤਮਕ ਸੰਤੁਲਨ ਨੂੰ ਸੰਭਾਲਣ ਅਤੇ ਇਸ ਸਭ ਦੇ ਵਿਚਕਾਰ, ਆਪਣੇ ਆਪ ਨੂੰ ਭੁੱਲ ਜਾਣ ਦੀ ਉਮੀਦ ਕੀਤੀ ਜਾਂਦੀ ਹੈ।

ਸਮਾਜ ਉਸਦੀ ਸਹਿਣਸ਼ੀਲਤਾ ਨੂੰ ਆਪਣੀ ਤਾਕਤ ਵਜੋਂ ਵਡਿਆਉਂਦਾ ਹੈ, ਪਰ ਉਸ ਸਹਿਣਸ਼ੀਲਤਾ ਦੇ ਪਿੱਛੇ ਛੁਪੀ ਥਕਾਵਟ ਨੂੰ ਵੇਖਣ ਤੋਂ ਬਚਦਾ ਹੈ। ਜੇਕਰ ਇਹ ਨਵਾਂ ਸਾਲ ਸੱਚਮੁੱਚ ਨਵਾਂ ਹੋਣਾ ਹੈ, ਤਾਂ ਸਭ ਤੋਂ ਪਹਿਲਾਂ, ਸਾਨੂੰ ਔਰਤਾਂ ਨੂੰ ਕੁਰਬਾਨੀ ਦੇ ਰੂਪ ਵਜੋਂ ਨਹੀਂ, ਸਗੋਂ ਬਰਾਬਰ ਦੇ ਨਾਗਰਿਕਾਂ ਵਜੋਂ ਪਛਾਣਨਾ ਚਾਹੀਦਾ ਹੈ। ਸਾਨੂੰ ਉਨ੍ਹਾਂ ਨੂੰ ਥੱਕੇ ਹੋਏ ਮਹਿਸੂਸ ਕਰਨ, ਬੋਲਣ, ਅਸਹਿਮਤ ਹੋਣ ਅਤੇ ਆਪਣੇ ਲਈ ਸਮਾਂ ਮੰਗਣ ਦਾ ਅਧਿਕਾਰ ਦੇਣਾ ਚਾਹੀਦਾ ਹੈ।

ਨਵਾਂ ਸਾਲ ਸਿਰਫ਼ ਨਿੱਜੀ ਸੰਕਲਪਾਂ ਬਾਰੇ ਨਹੀਂ ਹੈ; ਇਹ ਸਮੂਹਿਕ ਜ਼ਿੰਮੇਵਾਰੀ ਦਾ ਵੀ ਸਮਾਂ ਹੈ। ਅਸੀਂ ਅਕਸਰ ਆਪਣੇ ਲਈ ਸੰਕਲਪ ਲੈਂਦੇ ਹਾਂ – ਸਖ਼ਤ ਮਿਹਨਤ ਕਰਨ, ਹੋਰ ਕਮਾਉਣ, ਬਿਹਤਰ ਜ਼ਿੰਦਗੀ ਜੀਉਣ ਦੇ। ਪਰ ਅਸੀਂ ਸਮਾਜ ਲਈ ਬਹੁਤ ਘੱਟ ਹੀ ਸੰਕਲਪ ਲੈਂਦੇ ਹਾਂ। ਕੀ ਅਸੀਂ ਘਰੇਲੂ ਕੰਮਾਂ ਨੂੰ "ਜ਼ਿੰਮੇਵਾਰੀ" ਵਜੋਂ ਮੰਨਣ ਦਾ ਫੈਸਲਾ ਕਰ ਸਕਦੇ ਹਾਂ, "ਮਦਦ" ਵਜੋਂ ਨਹੀਂ? ਕੀ ਅਸੀਂ ਬੱਚਿਆਂ ਨੂੰ ਸਿਰਫ਼ ਮੁਕਾਬਲਾ ਨਹੀਂ, ਸਗੋਂ ਹਮਦਰਦੀ ਸਿਖਾਉਣ ਬਾਰੇ ਸੋਚ ਸਕਦੇ ਹਾਂ? ਕੀ ਅਸੀਂ ਇਹ ਸਵੀਕਾਰ ਕਰਾਂਗੇ ਕਿ ਹਰ ਕਿਸੇ ਦਾ ਰਸਤਾ ਇੱਕੋ ਜਿਹਾ ਨਹੀਂ ਹੁੰਦਾ?

ਪਰਿਵਾਰ ਸਮਾਜ ਦਾ ਪਹਿਲਾ ਸਕੂਲ ਹੈ। ਜੇਕਰ ਘਰ ਵਿਚ ਸਮਾਨਤਾ ਨਹੀਂ ਹੈ, ਤਾਂ ਸਮਾਜ ਵਿਚ ਸਮਾਨਤਾ ਕਿਵੇਂ ਹੋ ਸਕਦੀ ਹੈ? ਜੇਕਰ ਘਰ ਵਿਚ ਔਰਤ ਦੀ ਥਕਾਵਟ ਨੂੰ ਆਮ ਮੰਨਿਆ ਜਾਂਦਾ ਹੈ, ਤਾਂ ਬਾਹਰ ਉਸਦੇ ਹੱਕਾਂ ਦੀ ਗੱਲ ਖੋਖਲੀ ਹੋ ਜਾਵੇਗੀ। ਜੇਕਰ ਇਸ ਨਵੇਂ ਸਾਲ ਵਿਚ ਸਾਨੂੰ ਇੱਕ ਸੱਚਾ ਸੰਕਲਪ ਲੈਣਾ ਚਾਹੀਦਾ ਹੈ, ਤਾਂ ਉਹ ਹੈ ਆਪਣੇ ਘਰਾਂ ਤੋਂ ਬਦਲਾਅ ਸ਼ੁਰੂ ਕਰਨਾ।




ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ, ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ,
ਉੱਬਾ ਭਵਨ, ਆਰੀਆਨਗਰ, ਹਿਸਾਰ (ਹਰਿਆਣਾ)-127045
(ਫ.) 7015375570 (ਟੌਕ+ਵਟਸਐਪ)
ਪੰਜਾਬ ਮੇਲ USA


ਨੌਜਵਾਨ ਪੀੜ੍ਹੀ ਲਈ, ਨਵਾਂ ਸਾਲ ਸੁਪਨਿਆਂ ਅਤੇ ਉਮੀਦਾਂ ਦਾ ਪ੍ਰਤੀਕ ਹੈ। ਨਵੇਂ ਟੀਚੇ, ਨਵੀਆਂ ਯੋਜਨਾਵਾਂ ਅਤੇ ਨਵੀਆਂ ਉਡਾਨਾਂ। ਪਰ ਅੱਜ ਦੇ ਨੌਜਵਾਨ ਕਈ ਦਬਾਅ ਨਾਲ ਘਿਰੇ ਹੋਏ ਹਨ—ਮੁਕਾਬਲਾ, ਬੇਰੁਜ਼ਗਾਰੀ, ਸਮਾਜਿਕ ਤੁਲਨਾ ਅਤੇ ਡਿਜ਼ੀਟਲ ਦੁਨੀਆਂ ਦਾ ਮਾਨਸਿਕ ਬੋਝ। ਹਰ ਨਵੇਂ ਸਾਲ, ਉਨ੍ਹਾਂ ਨੂੰ ਕੁਝ ਵੱਡਾ ਕਰਨ ਲਈ ਕਿਹਾ ਜਾਂਦਾ ਹੈ, ਕੁਝ ਸਾਬਤ ਕਰਨ ਲਈ। ਪਰ ਬਹੁਤ ਘੱਟ ਕੋਈ ਕਹਿੰਦਾ ਹੈ ਕਿ ਜੇ ਉਹ ਥੱਕ ਜਾਂਦੇ ਹਨ, ਤਾਂ ਰੁਕਣਾ ਠੀਕ ਹੈ ਕਿ ਜੇ ਉਹ ਅਸਫਲ ਹੋ ਜਾਂਦੇ ਹਨ, ਤਾਂ ਉਨ੍ਹਾਂ ਦੀ ਜ਼ਿੰਦਗੀ ਖਤਮ ਨਹੀਂ ਹੁੰਦੀ।

ਇਹ ਨਵਾਂ ਸਾਲ ਨੌਜਵਾਨਾਂ ਨੂੰ ਭਰੋਸਾ ਦਿਵਾਏ ਕਿ ਉਨ੍ਹਾਂ ਦੀ ਕੀਮਤ ਸਿਰਫ਼ ਉਨ੍ਹਾਂ ਦੀਆਂ ਪ੍ਰਾਪਤੀਆਂ ਨਾਲ ਨਹੀਂ ਮਾਪੀ ਜਾਂਦੀ। ਮਾਨਸਿਕ ਸਿਹਤ, ਸਵੈ-ਮਾਣ ਅਤੇ ਸੰਤੁਲਨ ਸਫਲਤਾ ਵਾਂਗ ਹੀ ਮਹੱਤਵਪੂਰਨ ਹਨ। ਸਮਾਜ ਨੂੰ ਇਹ ਮੰਨਣਾ ਚਾਹੀਦਾ ਹੈ ਕਿ ਹਰ ਨੌਜਵਾਨ ਇੱਕ ਮਸ਼ੀਨ ਨਹੀਂ ਹੈ, ਸਗੋਂ ਇੱਕ ਸੰਵੇਦਨਸ਼ੀਲ ਮਨੁੱਖ ਹੈ।

ਨਵੇਂ ਸਾਲ ਦੇ ਦਿਨ, ਸਰਕਾਰਾਂ, ਸੰਸਥਾਵਾਂ ਅਤੇ ਮੀਡੀਆ ਨਵੀਆਂ ਵਿਕਾਸ ਯੋਜਨਾਵਾਂ ਦਾ ਐਲਾਨ ਕਰਦੇ ਹਨ। ਸੜਕਾਂ, ਇਮਾਰਤਾਂ, ਅੰਕੜੇ ਅਤੇ ਟੀਚੇ – ਸਭ ਕੁਝ ਵਿਕਾਸ ਦੇ ਨਾਮ 'ਤੇ ਪ੍ਰਚਾਰਿਆ ਜਾਂਦਾ ਹੈ। ਪਰ ਵਿਕਾਸ ਦਾ ਅਰਥ ਸਿਰਫ਼ ਭੌਤਿਕ ਤਰੱਕੀ ਨਹੀਂ ਹੋ ਸਕਦਾ। ਸੱਚਾ ਵਿਕਾਸ ਉਦੋਂ ਹੁੰਦਾ ਹੈ, ਜਦੋਂ ਸਮਾਜ ਦਾ ਆਖਰੀ ਵਿਅਕਤੀ ਵੀ ਮਹਿਸੂਸ ਕਰਦਾ ਹੈ ਕਿ ਉਹ ਇਕੱਲਾ ਨਹੀਂ ਹੈ, ਉਨ੍ਹਾਂ ਦੇ ਦੁੱਖ ਮਾਇਨੇ ਰੱਖਦੇ ਹਨ।

ਜਦੋਂ ਤੱਕ ਹਮਦਰਦੀ ਵਿਕਾਸ ਦੀ ਭਾਸ਼ਾ ਦਾ ਹਿੱਸਾ ਨਹੀਂ ਬਣਦੀ, ਨਵਾਂ ਸਾਲ ਸਿਰਫ਼ ਨਵੀਆਂ ਯੋਜਨਾਵਾਂ ਦੀ ਇੱਕ ਸੂਚੀ ਹੋਵੇਗਾ। ਸਾਨੂੰ ਇਹ ਵਿਚਾਰ ਕਰਨ ਦੀ ਜ਼ਰੂਰਤ ਹੈ ਕਿ ਕੀ, ਵਿਕਾਸ ਦੀ ਭਾਲ ਵਿਚ, ਅਸੀਂ ਆਪਣੇ ਮਨੁੱਖੀ ਸੁਭਾਅ ਨੂੰ ਭੁੱਲ ਰਹੇ ਹਾਂ। ਕੀ ਲਾਭ ਅਤੇ ਲਾਭ ਤੋਂ ਪਰੇ ਕੁਝ ਅਜਿਹਾ ਹੈ, ਜਿਸਨੂੰ ਸੁਰੱਖਿਅਤ ਰੱਖਣ ਦੀ ਲੋੜ ਹੈ?

ਨਵੇਂ ਸਾਲ ਦਾ ਸਭ ਤੋਂ ਵੱਡਾ ਅਰਥ ਆਤਮ-ਨਿਰੀਖਣ ਹੈ। ਆਪਣੇ ਆਪ ਨੂੰ ਇਹ ਸਵਾਲ ਕਰਨ ਦੀ ਹਿੰਮਤ ਕਿ ਅਸੀਂ ਕਿੱਥੇ ਗਲਤ ਹੋਏ, ਅਸੀਂ ਕਿਹੜੇ ਅਨਿਆਂ ਦੇਖੇ ਅਤੇ ਅਸੀਂ ਕਿਸ ਬਾਰੇ ਚੁੱਪ ਰਹੇ। ਇਹ ਆਤਮ-ਨਿਰੀਖਣ ਨਿੱਜੀ ਅਤੇ ਸਮਾਜਿਕ ਦੋਵੇਂ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਕਿਉਂਕਿ ਜਦੋਂ ਤੱਕ ਅਸੀਂ ਆਪਣੀ ਭੂਮਿਕਾ ਨੂੰ ਨਹੀਂ ਪਛਾਣਦੇ, ਕਿਸੇ ਵੀ ਬਦਲਾਅ ਦੀ ਉਮੀਦ ਕਰਨਾ ਵਿਅਰਥ ਹੈ।

ਇਹ ਫੈਸਲਾ ਕਰਨਾ ਸਾਡੀ ਜ਼ਿੰਮੇਵਾਰੀ ਹੈ ਕਿ ਨਵਾਂ ਸਾਲ ਕਿਹੋ ਜਿਹਾ ਹੋਵੇਗਾ। ਜੇਕਰ ਇਹ ਸਾਲ ਸਿਰਫ਼ ਸ਼ੁਭਕਾਮਨਾਵਾਂ ਤੱਕ ਸੀਮਤ ਹੈ, ਤਾਂ ਇਹ ਕਿਸੇ ਵੀ ਹੋਰ ਸਾਲ ਵਾਂਗ ਹੋਵੇਗਾ। ਪਰ ਜੇਕਰ ਇਹ ਸਾਨੂੰ ਥੋੜ੍ਹਾ ਹੋਰ ਮਨੁੱਖੀ, ਥੋੜ੍ਹਾ ਹੋਰ ਜ਼ਿੰਮੇਵਾਰ ਅਤੇ ਥੋੜ੍ਹਾ ਹੋਰ ਨਿਆਂਪੂਰਨ ਬਣਾ ਸਕਦਾ ਹੈ, ਤਾਂ ਇਹ ਇਸਦੀ ਸਭ ਤੋਂ ਵੱਡੀ ਪ੍ਰਾਪਤੀ ਹੋਵੇਗੀ।

ਨਵਾਂ ਸਾਲ ਕੋਈ ਜਾਦੂਈ ਲਕੀਰ ਨਹੀਂ ਖਿੱਚਦਾ, ਜੋ ਹਰ ਚੀਜ਼ ਨੂੰ ਬਦਲ ਦੇਵੇ। ਬਦਲਾਅ ਅੰਦਰੋਂ ਆਉਂਦਾ ਹੈ, ਸਾਡੇ ਵਿਚਾਰਾਂ, ਸਾਡੇ ਵਿਵਹਾਰ ਅਤੇ ਸਾਡੇ ਛੋਟੇ-ਛੋਟੇ ਫੈਸਲਿਆਂ ਤੋਂ। ਜੇਕਰ ਇਹ ਨਵਾਂ ਸਾਲ ਸਾਨੂੰ ਦੂਜਿਆਂ ਦੇ ਦੁੱਖਾਂ ਨੂੰ ਦੇਖਣ, ਸਮਝਣ ਅਤੇ ਉਨ੍ਹਾਂ ਪ੍ਰਤੀ ਸੰਵੇਦਨਸ਼ੀਲ ਹੋਣ ਦਾ ਮੌਕਾ ਦੇ ਸਕਦਾ ਹੈ, ਤਾਂ ਇਹੀ ਇਸਦਾ ਅਸਲੀ ਜਸ਼ਨ ਹੋਵੇਗਾ।

ਕਿਉਂਕਿ ਨਵਾਂ ਸਾਲ ਸਿਰਫ਼ ਉਦੋਂ ਹੀ ਨਵਾਂ ਹੁੰਦਾ ਹੈ, ਜਦੋਂ-ਜਦੋਂ ਸਮਾਜ ਦਾ ਦ੍ਰਿਸ਼ਟੀਕੋਣ ਨਵਾਂ ਹੁੰਦਾ ਹੈ।

# ਏ.ਆਈ. ਦੀ "ਵਰਤੋਂ" ਤੋਂ ਪਰੇ: ਸਹਿਯੋਗੀ ਬੁੱਧੀ ਵੱਲ ਤਬਦੀਲੀ

ਏ.ਆਈ. ਬੂਮ ਦੇ ਸ਼ੁਰੂਆਤੀ ਦਿਨਾਂ ਵਿਚ, ਉਪਯੋਗਤਾ 'ਤੇ ਧਿਆਨ ਦਿੱਤਾ ਗਿਆ ਸੀ। ਅਸੀਂ ਪੁੱਛਿਆ, "ਮੈਂ ਇੱਕ ਈਮੇਲ ਲਿਖਣ ਲਈ ਇਸ ਟੂਲ ਦੀ ਵਰਤੋਂ ਕਿਵੇਂ ਕਰ ਸਕਦਾ ਹਾਂ?" ਜਾਂ "ਮੈਂ ਇਸਨੂੰ ਚਿੱਤਰ ਬਣਾਉਣ ਲਈ ਕਿਵੇਂ ਵਰਤ ਸਕਦਾ ਹਾਂ ਪਰ ਜਿਵੇਂ-ਜਿਵੇਂ ਅਸੀਂ 2025 ਦੇ ਅਖੀਰ ਵਿਚ ਦਾਖਲ ਹੁੰਦੇ ਹਾਂ, ਗੱਲਬਾਤ ਬੁਨਿਆਦੀ ਤੌਰ 'ਤੇ ਬਦਲ ਗਈ ਹੈ। ਅਸੀਂ ਏ.ਆਈ. ਦੀ "ਵਰਤੋਂ" ਦੇ ਯੁੱਗ ਤੋਂ ਪਰੇ ਅਤੇ ਸਹਿਯੋਗੀ ਖੁਫੀਆ ਜਾਣਕਾਰੀ ਦੇ ਦੌਰ ਵਿਚ ਅੱਗੇ ਵਧ ਰਹੇ ਹਾਂ। ਇਹ ਪਰਿਵਰਤਨ ਏ.ਆਈ. ਨੂੰ ਇੱਕ ਹਾਈ-ਸਪੀਡ ਕੈਲਕੁਲੇਟਰ ਦੇ ਤੌਰ 'ਤੇ ਵਿਚਾਰ ਕਰਨ ਤੋਂ ਲੈ ਕੇ ਇਸਨੂੰ ਇੱਕ ਸੋਚਣ ਵਾਲੇ ਸਾਥੀ ਵਜੋਂ ਲੈਣ ਵਿਚ ਤਬਦੀਲੀ ਦੀ ਨਿਸ਼ਾਨਦੇਹੀ ਕਰਦਾ ਹੈ।:-

ਟੂਲਸ ਤੋਂ ਲੈ ਕੇ ਟੀਮ ਦੇ ਸਾਥੀਆਂ ਤੱਕ "ਏ.ਆਈ. ਦੀ ਵਰਤੋਂ ਕਰਨ ਤੋਂ ਪਰੇ" ਵਿਚ ਸਭ ਤੋਂ ਮਹੱਤਵਪੂਰਨ ਤਬਦੀਲੀ ਏਜੰਟਿਕ ਏ.ਆਈ. ਦਾ ਉਭਾਰ ਹੈ। ਰਵਾਇਤੀ ਚੈਟਬੋਟਸ ਦੇ ਉਲਟ ਜਿਨ੍ਹਾਂ ਨੂੰ ਲਗਾਤਾਰ ਪ੍ਰੋਂਪਟਿੰਗ ਦੀ ਲੋੜ ਹੁੰਦੀ ਹੈ, ਇਹ ਖੁਦਮੁਖਤਿਆਰੀ ਏਜੰਟ ਬਹੁ-ਕਦਮ ਵਰਕਫਲੋ ਦੀ ਯੋਜਨਾ ਬਣਾ ਸਕਦੇ ਹਨ, ਤਰਕ ਕਰ ਸਕਦੇ ਹਨ ਅਤੇ ਲਾਗੂ ਕਰ ਸਕਦੇ ਹਨ। **ਪੁਰਾਣਾ ਤਰੀਕਾ:** ਤੁਸੀਂ ਇੱਕ ਮੀਟਿੰਗ ਟ੍ਰਾਂਸਕ੍ਰਿਪਟ ਦਾ ਸਾਰ ਦੇਣ ਲਈ ਇੱਕ ਟੂਲ ਦੀ ਵਰਤੋਂ ਕਰਦੇ ਹੋ। **ਨਵਾਂ ਤਰੀਕਾ:** ਇੱਕ ਏ.ਆਈ. ਏਜੰਟ ਮੀਟਿੰਗ ਵਿਚ ਸ਼ਾਮਲ ਹੁੰਦਾ ਹੈ, ਇਹ ਪਛਾਣਦਾ ਹੈ ਕਿ ਇੱਕ ਸਮਾਂ-ਸੀਮਾ ਤਬਦੀਲ ਕਰ ਦਿੱਤੀ ਗਈ ਸੀ, ਪ੍ਰੋਜੈਕਟ ਪ੍ਰਬੰਧਨ ਬੋਰਡ ਨੂੰ ਅਪਡੇਟ ਕਰਦਾ ਹੈ ਅਤੇ ਅਜਿਹਾ ਕਰਨ ਲਈ ਕਹੇ ਬਿਨਾਂ ਸਬੰਧਤ ਟੀਮ ਦੇ ਮੈਂਬਰਾਂ ਨੂੰ ਪਿੰਗ ਕਰਦਾ ਹੈ। ਅਸੀਂ ਹੁਣ ਸਿਰਫ਼ ਇੱਕ ਫੰਕਸ਼ਨ ਦੀ "ਵਰਤੋਂ" ਨਹੀਂ ਕਰ ਰਹੇ ਹਾਂ; ਅਸੀਂ ਡਿਜੀਟਲ ਸਹਿਕਰਮੀ ਨੂੰ ਜ਼ਿੰਮੇਵਾਰੀਆਂ ਸੌਂਪ ਰਹੇ ਹਾਂ।




ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA


ਮਲਟੀ-ਮੋਡਲ ਥਿੰਕਿੰਗ ਪਾਰਟਨਰ ਸਧਾਰਨ ਵਰਤੋਂ ਤੋਂ ਪਰੇ ਜਾਣ ਦਾ ਮਤਲਬ ਹੈ ਏ.ਆਈ. ਨੂੰ ਮਨੁੱਖੀ ਸੋਚ ਦੇ ਰਚਨਾਤਮਕ ਅਤੇ ਰਣਨੀਤਕ "ਗੰਗਾ" ਵਿਚ ਜੋੜਨਾ। ਮੀਰੋ ਅਤੇ ਨੋਸ਼ਨ ਵਰਗੇ ਪਲੇਟਫਾਰਮ ਇੱਕ ਸਾਂਝਾ ਕੈਨਵਸ ਪ੍ਰਦਾਨ ਕਰਨ ਲਈ ਵਿਕਸਤ ਹੋਏ ਹਨ, ਜਿੱਥੇ ਏ.ਆਈ. ਸਿਰਫ਼ ਜਵਾਬ ਨਹੀਂ ਦਿੰਦਾ – ਇਹ



ਸੰਦਰਭ ਪ੍ਰਦਾਨ ਕਰਦਾ ਹੈ। ਵਿਜ਼ੂਅਲ ਰੀਜ਼ਨਿੰਗ: ਏ.ਆਈ. ਹੁਣ ਸਟਿੱਕੀ ਨੋਟਸ ਦੇ ਇੱਕ ਗੜਬੜ ਵਾਲੇ ਵ੍ਹਾਈਟਬੋਰਡ ਨੂੰ "ਦੇਖ" ਸਕਦਾ ਹੈ ਅਤੇ ਉਨ੍ਹਾਂ ਨੂੰ ਇੱਕ ਰਣਨੀਤਕ ਰੋਡਮੈਪ ਵਿਚ ਮੁੜ ਸੰਗਠਿਤ ਕਰ ਸਕਦਾ ਹੈ। **ਕਾਰਕ ਸਮਝ:** ਖੋਜਕਰਤਾ ਸਧਾਰਨ ਵੈਕਟਰ ਗਣਿਤ ਤੋਂ ਨਿਊਰਲ-ਸਿੰਬੋਲਿਕ ਏਕੀਕਰਣ ਵੱਲ ਵਧ ਰਹੇ ਹਨ, ਜਿਸ ਨਾਲ ਏ.ਆਈ. ਨੂੰ ਇੱਕ ਵਾਕ ਵਿਚ ਅਗਲੇ ਸ਼ਬਦ ਦੀ ਭਵਿੱਖਬਾਣੀ ਕਰਨ ਦੀ ਬਜਾਏ "ਕਿਉਂ" ਚੀਜ਼ਾਂ ਵਾਪਰਦੀਆਂ ਹਨ (ਕਾਰਨ) ਨੂੰ ਸਮਝਣ ਦੀ ਇਜਾਜ਼ਤ ਮਿਲਦੀ ਹੈ।

ਟਰੱਸਟ ਅਤੇ ਏਜੰਸੀ ਦਾ ਮਨੋਵਿਗਿਆਨ ਵਰਤੋਂ ਤੋਂ "ਪਿੱਛੇ" ਜਾਣ ਲਈ, ਸਾਨੂੰ ਮਨੁੱਖੀ ਤੱਤ ਨੂੰ ਸੰਬੋਧਿਤ ਕਰਨਾ ਚਾਹੀਦਾ ਹੈ: ਵਿਸ਼ਵਾਸ। ਸਹਿਯੋਗ ਇੱਕ "ਗਣਨਾ ਕੀਤਾ ਜ਼ੋਖਮ" ਹੈ, ਦਵਾਈ ਜਾਂ ਉੱਚ-ਸਟੇਕ ਇੰਜੀਨੀਅਰਿੰਗ ਵਰਗੇ ਖੇਤਰਾਂ ਵਿਚ, ਟੀਚਾ ਹੁਣ ਪੂਰਾ ਆਟੋਮੇਸ਼ਨ (ਮਨੁੱਖ ਨੂੰ ਬਦਲਣਾ) ਨਹੀਂ ਹੈ, ਬਲਕਿ ਮਨੁੱਖੀ-ਇਨ-ਕਮਾਂਡ ਸਹਿਯੋਗ ਹੈ। **ਨਵੀਂ ਨੈਤਿਕਤਾ:** ਉਪਯੋਗਤਾ ਤੋਂ ਪਰੇ ਜਦੋਂ ਤੁਸੀਂ ਏ.ਆਈ. ਦੀ ਵਰਤੋਂ ਕਰਨ ਤੋਂ ਪਰੇ ਜਾਂਦੇ ਹੋ, ਤਾਂ ਤੁਹਾਨੂੰ ਨੈਤਿਕ ਏਜੰਸੀ ਦੇ ਸਵਾਲਾਂ ਦਾ ਸਾਹਮਣਾ ਕਰਨਾ ਸ਼ੁਰੂ ਹੋ ਜਾਂਦਾ ਹੈ। ਅਸੀਂ ਹੁਣ ਸਿਰਫ਼ ਇਹ ਨਹੀਂ ਪੁੱਛ ਰਹੇ ਹਾਂ ਕਿ "ਕੀ ਇਹ ਕੁਸ਼ਲ ਹੈ?" **ਸਗੋਂ: ਪ੍ਰਮਾਣਿਕਤਾ:** ਜੇਕਰ ਕੋਈ ਏ.ਆਈ. ਤੁਹਾਡੇ ਲਈ ਇੱਕ ਦਿਲੋਂ ਪੱਤਰ ਲਿਖਦਾ ਹੈ, ਤਾਂ ਕੀ ਭਾਵਨਾ ਅਜੇ ਵੀ ਤੁਹਾਡੀ ਹੈ? **ਜ਼ਿੰਮੇਵਾਰੀ:** ਜੇਕਰ ਕੋਈ ਖੁਦਮੁਖਤਿਆਰੀ ਏਜੰਟ ਕਿਸੇ ਕਾਰੋਬਾਰੀ ਗੱਲਬਾਤ ਵਿਚ ਗਲਤੀ ਕਰਦਾ ਹੈ, ਤਾਂ ਕੌਣ ਜਵਾਬਦੇਹ ਹੈ? **ਸਥਿਰਤਾ:** ਉੱਚ-ਪੱਧਰ ਦੇ ਮਾਡਲਾਂ ਦੀ ਵਿਸ਼ਾਲ ਊਰਜਾ ਅਤੇ ਪਾਣੀ ਦੀਆਂ ਲਾਗਤਾਂ ਨੂੰ ਪਛਾਣਨਾ, ਇੱਕ "ਗ੍ਰੀਨ ਏ.ਆਈ." ਅੰਦੋਲਨ ਵੱਲ ਲੈ ਜਾਂਦਾ ਹੈ, ਜਿੱਥੇ ਕੱਚੀ ਸ਼ਕਤੀ ਨਾਲੋਂ ਕੁਸ਼ਲਤਾ ਨੂੰ ਤਰਜੀਹ ਦਿੱਤੀ ਜਾਂਦੀ ਹੈ।

"ਮਨੁੱਖੀ ਕਿਨਾਰੇ" ਦੀ ਕਾਸ਼ਤ ਕਰਨਾ ਵਿਰੋਧਾਭਾਸੀ ਤੌਰ 'ਤੇ, ਜਿੰਨਾ ਜ਼ਿਆਦਾ ਅਸੀਂ ਏ.ਆਈ. ਨੂੰ ਏਕੀਕ੍ਰਿਤ ਕਰਦੇ ਹਾਂ, ਓਨੇ ਹੀ ਕੀਮਤੀ ਵਿਲੱਖਣ ਮਨੁੱਖੀ ਗੁਣ ਬਣ ਜਾਂਦੇ ਹਨ। ਭਵਿੱਖ ਉਨ੍ਹਾਂ ਦਾ ਹੈ, ਜੋ ਦੁੱਗਣੇ ਹੋ ਜਾਂਦੇ ਹਨ: **ਹਮਦਰਦੀ:** ਏ.ਆਈ. ਹਮਦਰਦੀ ਦੀ ਨਕਲ ਕਰ ਸਕਦਾ ਹੈ, ਪਰ ਇਹ ਇਸਦਾ ਅਨੁਭਵ ਨਹੀਂ ਕਰ ਸਕਦਾ। ਰਿਸ਼ਤੇ ਮਨੁੱਖੀ-ਕੇਂਦ੍ਰਿਤ ਰਹਿੰਦੇ ਹਨ। **ਅਸਪੱਸ਼ਟਤਾ ਪ੍ਰਬੰਧਨ:** ਏ.ਆਈ. "ਸਲੇਟੀ ਖੇਤਰਾਂ" ਨਾਲ ਸੰਘਰਸ਼ ਕਰਦਾ ਹੈ, ਜਦੋਂ ਉਨ੍ਹਾਂ ਦਾ ਸਮਰਥਨ ਕਰਨ ਲਈ ਕੋਈ ਡੇਟਾ ਨਹੀਂ ਹੁੰਦਾ, ਤਾਂ ਮਨੁੱਖ ਫੈਸਲੇ ਲੈਣ ਵਿਚ ਉੱਤਮ ਹੁੰਦੇ ਹਨ। **ਉਤਸੁਕਤਾ:** ਏ.ਆਈ. ਸਵਾਲਾਂ ਦੇ ਜਵਾਬ ਦਿੰਦਾ ਹੈ; ਮਨੁੱਖ ਉਨ੍ਹਾਂ ਨੂੰ ਪੁੱਛਦੇ ਹਨ। ਤੁਹਾਡੇ ਜੀਵਨ ਦੀ ਗੁਣਵੱਤਾ ਹੁਣ ਤੁਹਾਡੇ ਪ੍ਰੋਂਪਟ ਦੀ ਗੁਣਵੱਤਾ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ। ਏ.ਆਈ. ਅਸੀਂ ਤਕਨਾਲੋਜੀ ਦੇ "ਉਪਭੋਗਤਾ" ਹੋਣ ਤੋਂ ਲੈ ਕੇ ਬੁੱਧੀ ਦੇ "ਕੰਡਕਟਰ" ਬਣਨ ਲਈ ਗ੍ਰੈਜੂਏਟ ਹੋ ਰਹੇ ਹਾਂ। ਟੀਚਾ ਹੁਣ ਏ.ਆਈ. ਨਾਲ ਕੰਮ ਕਰਨਾ ਨਹੀਂ ਹੈ, ਪਰ ਇਸਦੇ ਦੁਆਰਾ ਵਿਕਸਿਤ ਹੋਣਾ ਹੈ।

ਜਸਵਿੰਦਰ ਸਿੰਘ ਰੁਪਾਲ
ਲੁਧਿਆਣਾ
+91-98147-15796
ਪੰਜਾਬ ਮੇਲ USA



# ਸੂਰਬੀਰ ਜਰਨੈਲ ਅਕਾਲੀ ਫੂਲਾ ਸਿੰਘ

ਜੇ ਜ਼ੋਰ ਦੇ ਸ਼ੋਰ ਦਾ ਜ਼ਿਕਰ ਸੁਣ ਲਓ,
ਹੈਸੀ ਨਾਲ ਸਰਕਾਰ ਦੇ ਸੰਗ ਯਾਰੋ।
ਇਕ ਨਾਮੀ ਗਰਾਮੀ ਸਰਦਾਰ ਭਾਰਾ,
ਹੁਸ਼ਿਆਰ ਮਾਨਿੰਦ ਪਲੰਗ ਯਾਰੋ।
ਮਸਤ ਜੰਗ ਦੇ ਵਿਚ ਅਨੰਦ ਰਹਿੰਦਾ,
ਪੀਂਦਾ ਰੰਗ ਹਰਿਆਵਲੀ ਭੰਗ ਯਾਰੋ।
ਕਾਦਰਯਾਰ ਮਸ਼ਹੂਰ ਜਹਾਨ ਅੰਦਰ,
ਫੂਲਾ ਸਿੰਘ ਅਕਾਲੀ ਨਿਹੰਗ ਯਾਰੋ।੧੩।
.......(ਕਾਦਰਯਾਰ)

ਅਕਾਲੀ ਫੂਲਾ ਸਿੰਘ ਜੀ ਨਿਹੰਗ ਜਿਨ੍ਹਾਂ ਨੂੰ ਅਕਸਰ ਸੰਤ ਸਿਪਾਹੀ ਦੇ ਉੱਚ ਆਦਰਸ਼ ਦਾ ਜਿਊਂਦਾ ਰੂਪ ਕਿਹਾ ਜਾਂਦਾ ਹੈ, ਸਿੱਖ ਰਾਜ ਦੇ ਉਭਾਰ ਅਤੇ ਅਕਾਲ-ਤਖਤ ਦੀ ਰੂਹਾਨੀ-ਰਾਜਸੀ ਤਾਕਤ ਨੂੰ ਮਜਬੂਰ ਕਰਨ ਵਾਲੇ ਜਰਨੈਲ ਸਨ। ਉਨ੍ਹਾਂ ਦਾ ਜੀਵਨ ਸਿੱਖੀ ਦੇ ਅਨੂਠੇ ਜੰਗੀ ਇਤਿਹਾਸ, ਨਿਹੰਗ ਰੀਤ, ਤਿਆਗੀ ਸੁਭਾਉ ਅਤੇ ਗੁਰੂ ਗ੍ਰੰਥ ਪੰਥ ਦੀ ਸਰਦਾਰੀ ਨੂੰ ਸਮਰਪਿਤ ਰਿਹਾ।

ਡਾ. ਰਤਨ ਸਿੰਘ ਜੱਗੀ ਦੇ ਸਿੱਖ ਵਿਸ਼ਵ ਕੋਸ਼ ਅਨੁਸਾਰ ਅਕਾਲੀ ਫੂਲਾ ਸਿੰਘ ਦਾ ਜਨਮ ਪੰਜਾਬ ਦੇ ਬਾਂਗਰ ਦੇ ਇਲਾਕੇ ਵਜੋਂ ਜਾਣੇ ਜਾਂਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਦੇਹਲਾ ਸਿਹਾਂ ਵਿਚ 14 ਜਨਵਰੀ 1760 ਈਸਵੀ ਨੂੰ ਸਰਦਾਰ ਈਸ਼ਰ ਸਿੰਘ ਜੀ ਦੇ ਘਰ ਬੀਬੀ ਹਰਿ ਕੌਰ ਦੀ ਕੁੱਖੋਂ ਹੋਇਆ। ਪਿਤਾ ਈਸ਼ਰ ਸਿੰਘ ਜੀ ਦੇ ਵੱਡੇ ਘੱਲੂਘਾਰੇ ਵਿਚ ਜ਼ਖਮੀ ਹੋ ਗਏ ਅਤੇ ਥੋੜ੍ਹੀ ਦੇਰ ਬਾਅਦ ਹੀ ਉਨ੍ਹਾਂ ਦੀ ਮੌਤ ਹੋ ਗਈ। ਡਾ. ਬਲਕਾਰ ਸਿੰਘ ਜੀ ਅਨੁਸਾਰ, "ਅਕਾਲੀ ਫੂਲਾ ਸਿੰਘ ਵੀ ਉਸ ਡੇਰੇ ਨਾਲ ਜੁੜੇ ਹੋਏ ਸਨ, ਜਿਸ ਨਾਲ ਉਨ੍ਹਾਂ ਦੇ ਪਿਤਾ ਜੀ ਜੁੜੇ ਹੋਏ ਸਨ। ਪਿਤਾ ਦੀ ਵੱਡੇ ਘੱਲੂਘਾਰੇ 'ਚ ਮੌਤ ਤੋਂ ਬਾਅਦ ਛੋਟੀ ਉਮਰੇ ਉਹ ਉਸ ਡੇਰੇ 'ਚ ਬਾਬਾ ਨੈਣਾ ਸਿੰਘ ਕੋਲ ਚਲੇ ਗਏ। ਉਨ੍ਹਾਂ ਨੇ ਧਰਮ ਦੀ ਅਤੇ ਜੰਗ ਦੀ ਸਿੱਖਿਆ ਇਸ ਡੇਰੇ ਤੋਂ ਲਈ। ਅਸਲ ਵਿਚ ਇਹ ਡੇਰੇ ਸਿੱਖਿਆ ਦਿੰਦੇ ਸਨ ਕਿ ਇੱਕ ਸਿੱਖ ਨੇ ਸਮਾਜ ਵਿਚ ਕਿਸ ਤਰ੍ਹਾਂ ਵਿਚਰਨਾ ਹੈ। ਇੱਕ ਸਮੇਂ ਬਾਅਦ ਉਹ ਇਸ ਡੇਰੇ ਦੇ ਮੁਖੀ ਬਣੇ।"

ਅਜੇ 14 ਸਾਲ ਦੇ ਸਨ, ਜਦੋਂ ਮਾਤਾ ਜੀ ਵੀ ਸਾਥ ਛੱਡ ਗਏ। ਬਚਪਨ ਤੋਂ ਹੀ ਨਿਹੰਗ ਦਲ ਨਾਲ ਜੁੜਨ ਅਤੇ ਬੁੱਢਾ ਦਲ ਦੀ ਸੰਗਤ ਵਿਚ ਖਾਲਸਾ ਸੰਤ ਸਿਪਾਹੀ ਮਰਿਯਾਦਾ ਵਿਚ ਪਰਪੱਕ ਹੋ ਗਏ। ਰੋਜ਼ਾਨਾ ਦੇ ਨੇਮ ਵਿਚ ਅੰਮ੍ਰਿਤ ਵੇਲਾ, ਆਸਾ ਦੀ ਵਾਰ, ਜਪ ਤਪ, ਸੰਗੀਤਮਈ ਕੀਰਤਨ, ਗੁਰਬਾਣੀ ਅਭਿਆਸ ਦੇ ਨਾਲ ਘੋੜ ਸਵਾਰੀ, ਅਖਾੜਾ, ਸ਼ਸਤਰ ਵਿੱਦਿਆ ਅਤੇ ਜੰਗੀ ਰਣਨੀਤੀ ਦੀ ਵਿਧੀਬੱਧ ਸਿਖਲਾਈ ਮਿਲਦੀ ਸੀ। ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਹੋਣ ਵਾਲੇ ਗੁਰਮਤੇ ਨੂੰ ਗੁਰੂ ਦੀ ਸੰਗਤ-ਪ੍ਰਮਾਣਿਤ ਆਗਿਆ ਮੰਨਦੇ ਸਨ ਅਤੇ ਉਸਦੇ ਨਿਭਾਉ ਨੂੰ ਆਪਣੇ ਜੀਵਨ ਦਾ ਸਭ ਤੋਂ ਵੱਡਾ ਫਰਜ਼ ਸਮਝਦੇ ਸਨ। ਉਨ੍ਹਾਂ ਦੀ ਨਿਹੰਗ ਰੀਤ ਵਿਚ ਚੜ੍ਹਦੀ ਕਲਾ, ਨਿਰਭਉ ਨਿਰਵੈਰ ਮਨੋਭਾਵ, ਲੰਗਰ, ਸੇਵਾ, ਅਤੇ ਮਰਨ ਲਈ ਹਮੇਸ਼ਾ ਤਿਆਰ ਰਹਿਣ ਦਾ ਮਿਸ਼ਰਤ ਰੂਪ ਮਿਲਦਾ ਹੈ, ਜਿਹੜਾ ਸੰਤ ਸਿਪਾਹੀ ਦੇ ਸੰਕਲਪ ਨੂੰ ਜੀਵਤ ਕਰਦਾ ਹੈ। ਹੌਲੀ-ਹੌਲੀ ਉਹ ਨਿਹੰਗ ਰੰਗ ਦੇ ਨੀਲ ਬਸਤਰ ਬਾਣਿਆਂ ਅਤੇ ਖਾਲਸਾ ਪੰਥ ਦੀ ਮਿਥੀ ਪ੍ਰਥਾ ਦੇ ਪ੍ਰਤੀਕ ਵਜੋਂ ਮਸ਼ਹੂਰ ਹੋਏ ਅਤੇ ਅੰਤ ਵਿਚ ਬੁੱਢਾ ਦਲ ਦੇ ਆਗੂ ਅਤੇ ਅਕਾਲ ਬੁੰਗਾ ਦੇ ਮੁੱਖ ਸੇਵਾਦਾਰ ਦੇ ਰੂਪ ਵਿਚ ਪ੍ਰਮੁੱਖ ਸਥਿਤੀ ਵਿਚ ਆ ਗਏ। ਉਹ ਨਿਹੰਗ ਜਥੇਬੰਦੀ ਬੁੱਢਾ ਦਲ ਦੇ ਛੇਵੇਂ ਜੱਥੇਦਾਰ ਵੀ ਰਹੇ ਸਨ।

**ਅੰਮ੍ਰਿਤਸਰ ਅਤੇ ਗੁਰਦੁਆਰੇ** :- 1800 ਦੇ ਆਸ-ਪਾਸ ਅਕਾਲੀ ਫੂਲਾ ਸਿੰਘ ਨੇ ਅੰਮ੍ਰਿਤਸਰ ਆ ਕੇ ਉੱਥੋਂ ਦੇ ਮਹੰਤਾਂ ਅਤੇ ਗੁਰਦੁਆਰਿਆਂ ਦੀ ਬਦਇੰਤਜ਼ਾਮੀ ਨੂੰ ਠੀਕ ਕੀਤਾ। ਗੁਰਦੁਆਰਾ ਪ੍ਰਬੰਧ ਵਿਚ ਧਾਰਮਿਕ ਅਨੁਸ਼ਾਸਨ, ਲੰਗਰ ਅਤੇ ਸੰਗਤ ਦੇ ਹੱਕ ਦੀ ਪੱਖ ਦਾਰੀ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਭੰਗੀਆਂ ਦੀ ਤੋਪ ਦੇਣ ਤੋਂ ਇਨਕਾਰ ਕਰਨ ਕਰਕੇ ਭੰਗੀ ਮਿਸਲ ਦੇ ਗੁਲਾਬ ਸਿੰਘ ਭੰਗੀ ਦੇ ਪੁੱਤਰ ਨੂੰ ਮਾਰ ਦਿੱਤਾ, ਅੰਮ੍ਰਿਤਸਰ ਨੂੰ ਜਿੱਤਿਆ ਤੇ ਅਕਾਲੀ ਫੂਲਾ ਸਿੰਘ ਨੇ ਸ਼ਹਿਰ ਦੇ ਵਸਨੀਕਾਂ ਨਾਲ ਲੁੱਟ-ਖਸੁੱਟ ਨਾ ਕਰਨ ਦੀ ਸਿਫਾਰਸ਼ ਕਰਕੇ ਖਾਲਸਾ ਰਾਜ ਦੇ ਨੈਤਿਕ ਮਾਡਲ ਦੀ ਰੱਖਿਆ ਹੋਈ। ਮਹਾਰਾਜਾ ਨੇ ਅਕਾਲੀ ਜੀ ਦੇ ਅਧੀਨ ਅਕਾਲ ਨਾਂ ਦੀ ਇਕ ਰੈਜਮੈਂਟ ਬਣਾਈ ਤੇ ਫੂਲਾ ਸਿੰਘ ਨੂੰ ਉਸਦਾ ਮੁਖੀ ਥਾਪ ਦਿੱਤਾ।

**ਜੰਗਾਂ ਅਤੇ ਫੌਜੀ ਸੇਵਾ :- ਕਸੂਰ ਦੀ ਲੜਾਈ** :- 1807 ਵਿਚ ਨਵਾਬ ਕਸੂਰ ਦੇ ਖਿਲਾਫ ਪਹਿਲੀ ਵੱਡੀ ਲੜਾਈ ਵਿਚ ਅਕਾਲੀ ਫੂਲਾ ਸਿੰਘ ਜੀ ਅਤੇ ਉਨ੍ਹਾਂ ਦੇ ਨਿਹੰਗ ਦਲ ਨੇ ਦਰਬਾਰ-ਏ-ਖਾਲਸਾ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਮੋਹਰੀ ਭੂਮਿਕਾ ਨਿਭਾਈ। ਕਸੂਰ ਦਾ ਕਿਲ੍ਹਾ ਬਹੁਤ ਮਜ਼ਬੂਤ ਸੀ, ਸਿੱਖ ਤੋਪਾਂ ਨੇ ਇੱਕ ਮਹੀਨੇ ਤੱਕ ਕੰਧਾਂ 'ਤੇ ਗੋਲਾਬਾਰੀ ਕੀਤੀ, ਫਿਰ ਗੁਪਤ ਤਰੀਕੇ ਨਾਲ ਕਿਵਾੜਾਂ ਦੇ ਹੇਠਾਂ ਬਾਰੂਦ ਲਗਾ ਕੇ ਕੰਗੂਰਾ ਤੋੜਿਆ ਗਿਆ ਅਤੇ ਸਭ ਤੋਂ ਪਹਿਲਾਂ ਨਿਹੰਗ ਸਿੰਘ ਅਕਾਲੀ ਜੀ ਦੀ ਅਗਵਾਈ ਵਿਚ ਉਸ ਸੁੱਤ ਦੇ ਰਾਹੀਂ ਅੰਦਰ ਦਾਖਲ ਹੋਏ ਅਤੇ ਹੱਥੋਂ-ਹੱਥੀਂ ਜੰਗ ਵਿਚ ਕਿਲ੍ਹਾ ਜਿੱਤਿਆ। ਨਵਾਬ ਕਸੂਰ ਦੀ ਗ੍ਰਿਫਤਾਰੀ ਤੋਂ ਬਾਅਦ ਵੀ ਅਕਾਲੀ ਫੂਲਾ ਸਿੰਘ ਨੇ ਗੁਰੂ ਸਿੱਖੀ ਦੇ ਨਿਆਂ ਸਿਧਾਂਤ ਦੇ ਅਨੁਸਾਰ ਉਸ ਨਾਲ ਬੇਇਨਸਾਫ਼ੀ ਤੋਂ ਬਚਦੇ ਹੋਏ ਉਸਨੂੰ ਸਤਲੁਜ ਨੇੜੇ ਇੱਕ ਜ਼ਮੀਨ ਦੇ ਦੇਣ ਦੀ ਸਿਫਾਰਿਸ਼ ਕੀਤੀ, ਜੋ ਉਨ੍ਹਾਂ ਦੀ ਇਨਸਾਫ ਪਸੰਦ ਪ੍ਰਵਿਰਤੀ ਨੂੰ ਦਰਸਾਉਂਦਾ ਹੈ।

ਇਤਿਹਾਸਕਾਰ ਡਾ. ਹਰਜਿੰਦਰ ਸਿੰਘ ਦਿਲਗੀਰ ਸਿੱਖ ਤਵਾਰੀਖ ਵਿਚ ਲਿਖਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਦੇ ਡੋਗਰਿਆਂ ਨੂੰ ਵੱਡੇ ਤੇ ਅਹਿਮ ਅਹੁਦੇ ਦਿੱਤੇ ਜਾਣ, ਮਿਸਰ ਗੰਗਾ ਰਾਮ ਬ੍ਰਾਹਮਣ ਦੀਆਂ ਐਂਟੀ ਸਿੱਖ ਕਾਰਵਾਈਆਂ, ਗੰਗਾ ਰਾਮ ਵਲੋਂ ਲਾਹੌਰ ਦਰਬਾਰ ਵਿਚ ਰਿਸ਼ਤੇਦਾਰਾਂ ਦੀ ਭਰਤੀ, ਹਿੰਦੂ ਅਹਿਲਕਾਰਾਂ ਵਲੋਂ ਰਣਜੀਤ ਸਿੰਘ ਤੇ ਕੁੰਵਰ ਖੜਕ ਸਿੰਘ, ਰਣਜੀਤ ਸਿੰਘ ਤੇ ਕੁੰਵਰ ਸ਼ੇਰ ਸਿੰਘ ਵਿਚਕਾਰ ਪੈਦਾ ਕੀਤੀ ਨਫਰਤ ਅਤੇ ਰਣਜੀਤ ਸਿੰਘ ਦੀਆਂ ਬ੍ਰਾਹਮਣਵਾਦ ਵਾਲੀਆਂ ਕਾਰਵਾਈਆਂ ਵਿਚ ਵਾਧੇ ਤੋਂ ਅਕਾਲੀ ਫੂਲਾ ਸਿੰਘ ਬਹੁਤ ਨਿਰਾਸ਼ ਹੋ ਗਏ ਸਨ। ਰਣਜੀਤ ਸਿੰਘ ਸ਼ਰਾਬ ਤੇ ਸ਼ਬਾਬ ਵਿਚ ਮਸਤ ਫੂਲਾ ਸਿੰਘ ਜੀ ਦੀ ਬਹੁਤੀ ਪ੍ਰਵਾਹ ਨਹੀਂ ਸੀ ਕਰਦਾ, ਸਤੰਬਰ 1814 ਵਿਚ ਫੂਲਾ ਸਿੰਘ ਨੇ ਅੰਮ੍ਰਿਤਸਰ ਛੱਡ ਦਿੱਤਾ ਅਤੇ ਅਨੰਦਪੁਰ ਚਲਿਆ ਗਿਆ। ਇੱਕ ਵਿਚਾਰ ਅਨੁਸਾਰ ਫੂਲਾ ਸਿੰਘ ਦਾ ਨਿਰਾਸ਼ ਹੋ ਕੇ ਭੱਜਣਾ ਬਹਾਦਰੀ ਨਹੀਂ, ਬਲਕਿ ਕਮਜ਼ੋਰੀ ਸੀ। ਸ਼ਾਇਦ ਉਹ ਰਣਜੀਤ ਸਿੰਘ ਦੀ ਵੱਡੀ ਫੌਜ ਨਾਲ ਮੱਥਾ ਨਹੀਂ ਸੀ ਲਾਉਣਾ ਚਾਹੁੰਦਾ।

ਮਹਾਰਾਜਾ ਜੀਂਦ ਅੰਗਰੇਜ਼ਾਂ ਨਾਲ ਕਿਸੇ ਗੱਲੋਂ ਨਾਰਾਜ਼ ਸੀ ਤੇ ਉਹ ਅਕਾਲੀ ਫੂਲਾ ਸਿੰਘ ਦੀ ਸ਼ਰਨ 'ਚ ਅਨੰਦਪੁਰ ਆ ਗਿਆ। ਅੰਗਰੇਜ਼ਾਂ ਨੇ ਰਣਜੀਤ ਸਿੰਘ ਅਤੇ ਮਹਾਰਾਜਾ ਨਾਭਾ ਪਾਸੋਂ ਫੂਲਾ ਸਿੰਘ 'ਤੇ ਜ਼ੋਰ ਪਾਇਆ ਕਿ ਉਹ ਜੀਂਦ ਦੇ ਰਾਜੇ ਨੂੰ ਕੱਢ ਦੇਣ, ਪਰ ਸਿਰੜ ਦੇ ਪੱਕੇ ਅਕਾਲੀ ਫੂਲਾ ਸਿੰਘ ਨੇ ਸ਼ਰਨ ਆਏ ਨੂੰ ਧੱਕਾ ਦੇਣਾ ਠੀਕ ਨਾ ਸਮਝਿਆ ਅਤੇ ਸਾਫ ਇਨਕਾਰ ਕਰ ਦਿੱਤਾ। ਡੋਗਰਿਆਂ ਦੀ ਸਾਜ਼ਿਸ਼ ਨਾਲ ਅਨੰਦਪੁਰ ਚੜ੍ਹਾਈ ਕਰਕੇ ਫੂਲਾ ਸਿੰਘ ਨੂੰ ਮੋੜ ਲਿਆਉਣ ਲਈ ਵੀ ਹੁਕਮ ਕੀਤਾ ਗਿਆ ਪਰ ਸਿੱਖ ਫ਼ੌਜ ਨੇ ਅਕਾਲੀ ਜੀ ਵਿਰੁੱਧ ਲੜਨ ਤੋਂ ਨਾਂਹ ਕਰ ਦਿੱਤੀ। ਅੰਗਰੇਜ਼ਾਂ ਦੇ ਕਹਿਣ 'ਤੇ ਇਸੇ ਮੰਤਵ ਲਈ ਨਵਾਬ ਮਲੇਰਕੋਟਲਾ ਤੇ ਰਾਜਾ ਜਸਵੰਤ ਸਿੰਘ ਨਾਭਾ ਦੀਆਂ ਫੌਜਾਂ ਨੇ ਵੀ ਅਕਾਲੀ ਫੂਲਾ ਸਿੰਘ ਵਿਰੁੱਧ ਲੜਨ ਤੋਂ ਇਨਕਾਰ ਕਰ ਦਿੱਤਾ।

ਰਣਜੀਤ ਸਿੰਘ ਨੂੰ ਪਤਾ ਲੱਗਣ 'ਤੇ ਉਹ ਆਪ ਅਕਾਲੀ ਫੂਲਾ ਸਿੰਘ ਕੋਲ ਪੁੱਜੇ ਅਤੇ ਪਿਆਰ ਨਾਲ ਵਾਪਸ ਅੰਮ੍ਰਿਤਸਰ ਮੋੜ ਲਿਆਏ।

**ਮੁਲਤਾਨ ਦੀ ਮੁਹਿੰਮ** :- ਮੁਲਤਾਨ ਦੀ ਲੜਾਈ ਵਿਚ ਅਕਾਲੀ ਫੂਲਾ ਸਿੰਘ ਦੇ ਨਿਹੰਗ ਦਲ ਨੇ ਇੱਕ ਬੜੀ ਤਿਆਗਮਈ ਕਾਰਵਾਈ ਕੀਤੀ। ਕਿਲ੍ਹੇ ਦੀ ਕੰਧ ਤੋੜਨ ਲਈ ਜਦੋਂ ਤੋਪ ਨੂੰ ਝੁਕਾਉਣ ਦੀ ਲੋੜ ਪਈ, ਤਾਂ ਨਿਹੰਗ ਜੱਥੇਦਾਰਾਂ ਨੇ ਇੱਕ ਪਾਸੇ ਤੋਪ ਦੇ ਹੇਠਾਂ ਆਪਣੇ ਸਰੀਰ ਰੱਖ ਕੇ ਉਸਨੂੰ ਠੀਕ ਕੋਣ 'ਤੇ ਲਿਆ ਅਤੇ ਵਾਰ-ਵਾਰ ਗੋਲੇ ਦਾਗਣ ਨਾਲ ਕਈ ਸਿੰਘ ਸ਼ਹੀਦ ਹੋ ਗਏ। ਇਹ ਘਟਨਾ ਸਿੱਖ ਜੰਗੀ ਇਤਿਹਾਸ ਵਿਚ "ਆਪਣੇ ਸਰੀਰਾਂ ਨੂੰ ਤੋਪ ਦੀ ਟੇਕ ਬਣਾਉਣ" ਵਜੋਂ ਦਰਜ ਹੈ। ਇਸ ਮੁਲਤਾਨ ਨੂੰ ਜਿੱਤਣ ਵਿਚ 5 ਵਾਰੀ ਰਣਜੀਤ ਸਿੰਘ ਅਸਫਲ ਹੋ ਚੁੱਕਿਆ ਸੀ, ਜਿਸ 'ਤੇ ਹੁਣ ਅਕਾਲੀ ਫੂਲਾ ਸਿੰਘ ਦੇ ਜੱਥੇ ਨੇ ਜਿੱਤ ਹਾਸਲ ਕੀਤੀ ਅਤੇ ਰਣਜੀਤ ਸਿੰਘ ਦੀ ਝੋਲੀ ਵਿਚ ਪਾਈ।

**ਪਠਾਨ ਬਗਾਵਤ, ਅਟਕ ਅਤੇ ਕਸ਼ਮੀਰ** :- 1818 ਦੇ ਕਰੀਬ ਜਦੋਂ ਅਟਕ ਦੇ ਨੇੜੇ ਕਈ ਪਠਾਨ ਕਬੀਲਿਆਂ ਨੇ ਬਗਾਵਤ ਕੀਤੀ, ਪਹਿਲਾਂ ਛੋਟਾ ਜੱਥਾ ਭੇਜਿਆ ਗਿਆ, ਜੋ ਘਾਤ ਲਾ ਕੇ ਬਰਬਾਦ ਕਰ ਦਿੱਤਾ ਗਿਆ। ਇਸ 'ਤੇ ਮਹਾਰਾਜਾ ਰਣਜੀਤ ਸਿੰਘ ਪ੍ਰੇਸ਼ਾਨ ਹੋਏ ਅਤੇ ਅਕਾਲੀ ਫੂਲਾ ਸਿੰਘ ਨੂੰ ਹਰੀ ਸਿੰਘ ਨਲੂਆ ਦੇ ਨਾਲ ਭੇਜਿਆ ਗਿਆ। ਨਿਹੰਗ ਦਲ ਨੇ ਅੱਗੇ ਵਧ ਕੇ ਪਠਾਨ ਬਗਾਵਤ ਨੂੰ ਕੁਚਲਿਆ, ਜਿਸ ਨਾਲ ਉੱਤਰ ਪੱਛਮੀ ਸਰਹੱਦ 'ਤੇ ਸਿੱਖ ਰਾਜ ਦਾ ਦਬਦਬਾ ਬਰਕਰਾਰ ਰਿਹਾ। 1819 ਵਿਚ ਕਸ਼ਮੀਰ ਦੇ ਸ਼ਾਸਕ ਨੇ ਕੀਤੇ ਗਏ ਇਕ ਸਮਝੌਤੇ ਨੂੰ ਤੋੜਿਆ, ਸਿੱਧੇ ਦਰਰੇ ਵਲਏ ਰਸਤਾ ਸੁਰੱਖਿਅਤ ਹੋਣ ਕਰਕੇ ਬੰਦ ਸੀ, ਇਸ ਲਈ ਫੌਜ ਨੂੰ ਹਦਾਇਤ ਮਿਲੀ ਕਿ ਪਹਾੜੀ ਪਗਡੰਡੀਆਂ ਰਾਹੀਂ ਪਿਛਲੇ ਰੱਖਿਆਂ 'ਤੇ ਹਮਲਾ ਕਰਨਾ ਹੈ। ਇਸ ਰਣਨੀਤਕ ਕਦਮ ਦੀ ਅਗਵਾਈ ਅਕਾਲੀ ਫੂਲਾ ਸਿੰਘ ਨੇ ਕੀਤੀ, ਸਿੱਖਾਂ ਨੇ ਪਹਿਲਾਂ ਬਾਹਰੀ ਰੱਖੇ ਮੋਹਰੇ ਕਬਜ਼ੇ 'ਚ ਕੀਤੇ। ਫਿਰ ਭਾਰੀ ਜੰਗ ਤੋਂ ਬਾਅਦ ਮੁੱਖ ਕਿਲ੍ਹਾ ਫਤਹਿ ਕੀਤਾ ਅਤੇ ਕਸ਼ਮੀਰ ਸਿੱਖ ਰਾਜ ਵਿਚ ਸ਼ਾਮਲ ਹੋ ਗਿਆ।

**ਨੁਸ਼ਹਿਰੇ ਦੀ ਜੰਗ ਅਤੇ ਸ਼ਹਾਦਤ** :- ਪਿਸ਼ਾਵਰ ਦੇ ਹਾਕਮ ਮੁਹੰਮਦ ਅਜ਼ੀਜ਼ ਖਾਂ ਨੇ ਬਗਾਵਤ ਕਰ ਦਿੱਤੀ। ਲੱਖਾਂ ਦੀ ਗਿਣਤੀ ਵਿਚ ਸੈਨਾ ਇਕੱਠੀ ਕਰਕੇ ਉਸਨੇ ਕਈ ਥਾਂ ਸਿੱਖ ਰਾਜ ਵਿਰੁੱਧ ਜੰਗ ਛੇੜ ਦਿੱਤੀ। ਨੁਸ਼ਹਿਰੇ ਲੁੰਡੇ ਦਰਿਆ ਕੋਲ ਉਸਨੇ ਭਾਰੀ ਤੋਪਖਾਨੇ ਦੀ ਸਹਾਇਤਾ ਨਾਲ ਸਿੱਖ ਫੌਜਾਂ ਦਾ ਪਿਸ਼ਾਵਰ ਨੂੰ ਜਾਣ ਵਾਲਾ ਰਾਹ ਰੋਕ ਲਿਆ। ਰਣਜੀਤ ਸਿੰਘ ਨੇ ਆਪਣੀਆਂ ਫੌਜਾਂ ਲੈ ਕੇ ਅਟਕ ਨੂੰ ਪਾਰ ਕੀਤਾ, ਫਿਰ ਉਨ੍ਹਾਂ ਨੂੰ ਨੁਸ਼ਹਿਰੇ ਵੱਲ ਦੁਸ਼ਮਣ ਫੌਜਾਂ ਦੀ ਤਿਆਰੀ ਬਾਰੇ ਸੂਚਨਾ ਮਿਲੀ। ਸਿੰਘਾਂ ਨੇ ਅਰਦਾਸ ਕੀਤੀ ਤੇ ਚੜ੍ਹਾਈ ਸ਼ੁਰੂ ਕਰ ਦਿੱਤੀ ਪਰ ਉਸ ਵੇਲੇ ਤੱਕ ਪਿੱਛੋਂ ਤੋਪਾਂ ਨਹੀਂ ਸਨ ਪਹੁੰਚੀਆਂ। ਇਸ ਲਈ ਤੋਪਾਂ ਦੀ ਉਡੀਕ ਵਿਚ ਮੁਹਿੰਮ ਨੂੰ ਕੁਝ ਚਿਰ ਪਿੱਛੇ ਪਾਉਣਾ ਮੁਨਾਸਿਬ ਸਮਝਦਿਆਂ ਮਹਾਰਾਜਾ ਨੇ ਫੌਜਾਂ ਨੂੰ ਰੁਕਣ ਦਾ ਹੁਕਮ ਦੇ ਦਿੱਤਾ। ਅਕਾਲੀ ਫੂਲਾ ਸਿੰਘ ਨੇ ਅਰਦਾਸ ਦਾ ਹਵਾਲਾ ਦੇ ਕੇ ਕੜਕ ਕੇ ਕਿਹਾ, ਚੜ੍ਹਾਈ ਹੁਣੇ ਹੀ ਹੋਵੇਗੀ।

ਪ੍ਰੋ. ਸਰਬਜਿੰਦਰ ਸਿੰਘ ਅਨੁਸਾਰ ਨੁਸ਼ਹਿਰਾ ਦੀ ਲੜਾਈ ਅਫਗਾਨਿਸਤਾਨ ਦੇ ਬਾਦਸ਼ਾਹ ਨਾਲ ਹੋਈ, ਤਾਂ ਉਹ 50,000 ਸੈਨਿਕਾਂ ਦੀ ਫੌਜ ਲੈ ਕੇ ਆਏ ਸਨ ਪਰ ਅਕਾਲੀ ਫੂਲਾ ਸਿੰਘ ਕੋਲ 1500 ਸੈਨਿਕਾਂ ਦੀ ਫੌਜ ਸੀ। ਪ੍ਰੋ. ਸਾਹਿਬ ਲਿਖਦੇ ਹਨ, "ਇਸ ਲੜਾਈ ਵਿਚ ਮਹਾਰਾਜਾ ਰਣਜੀਤ ਸਿੰਘ ਛਾਪਾਮਾਰ ਗੁਰੀਲਾ ਯੁੱਧ ਦੀ ਤਕਨੀਕ ਅਪਨਾਉਣਾ ਚਾਹੁੰਦੇ ਸਨ, ਪਰ ਬਾਬਾ ਫੂਲਾ ਸਿੰਘ ਨੇ ਅੱਗੇ ਵਧਣ ਦਾ ਫੈਸਲਾ ਕੀਤਾ ਅਤੇ ਕਿਹਾ ਕਿ ਉਹ "ਅਰਦਾਸਾ ਸੋਧ ਚੁੱਕੇ ਹਨ" ਅਤੇ "ਚੜ੍ਹਾਈ ਕਰਨਗੇ।" ਫੂਲਾ ਸਿੰਘ ਨੇ ਆਪਣੀ 1500 ਘੋੜ ਸਵਾਰਾਂ ਦੀ ਫੌਜ ਨਾਲ ਦਰਿਆ ਟੱਪ ਕੇ ਹਮਲਾ ਕਰ ਦਿੱਤਾ। ਜਦੋ ਮਹਾਰਾਜਾ ਰਣਜੀਤ ਸਿੰਘ ਨੇ ਇਸ ਦਲੇਰੀ ਨੂੰ ਦੇਖਿਆ, ਤਾਂ ਉਹ ਵੀ ਪਿੱਛੇ ਨਾ ਰਹਿ ਸਕੇ ਅਤੇ ਸ਼ਹਿਜ਼ਾਦਾ ਖੜਕ ਸਿੰਘ, ਸ. ਹਰੀ ਸਿੰਘ ਨਲੂਆ, ਸ. ਸ਼ਾਮ ਸਿੰਘ ਅਟਾਰੀ ਆਦਿ ਜਰਨੈਲਾਂ ਦੀ ਕਮਾਨ ਹੇਠ ਸਿੱਖ ਫੌਜਾਂ ਨੂੰ ਅੱਗੇ ਵਧਣ ਲਈ ਕਿਹਾ। ਅਕਾਲੀ ਜੀ ਆਪਣੇ ਅਰਦਾਸੇ ਅਨੁਸਾਰ ਦੁਸ਼ਮਣ ਦਲਾਂ ਨੂੰ ਚੀਰਦੇ ਹਜ਼ਾਰਾਂ ਪਠਾਣਾਂ ਨੂੰ ਰੱਬ ਦੇ ਘਰ ਪਹੁੰਚਾ ਦਿੱਤਾ। 1823 ਦੀ ਇਹ ਜੰਗ ਬਹੁਤ ਘਮਸਾਨ ਦੀ ਜੰਗ ਸੀ। ਜੰਗ ਦੌਰਾਨ ਨਿਹੰਗ ਫੌਜ ਘੋੜਿਆਂ 'ਤੇ ਸਵਾਰ ਹੋ ਕੇ ਪਹਿਲਾਂ ਦੁਸ਼ਮਣ ਦੇ ਮੱਥੇ 'ਤੇ ਜਾ ਟਕਰਾਈ। ਨੇੜੇ ਪੁੱਜ ਕੇ ਘੋੜੇ ਛੱਡ ਕੇ ਪੈਦਲ ਹੱਥੋਂ-ਹੱਥੀਂ ਤਲਵਾਰਬਾਜ਼ੀ ਕੀਤੀ, ਤੇ ਦੁਸ਼ਮਣ ਦੇ ਕਈ ਮੋਰਚੇ ਤੋੜੇ। ਪਰ ਨਿਹੰਗ ਫੌਜਾਂ ਵੀ ਵੱਡੀ ਗਿਣਤੀ 'ਚ ਸ਼ਹੀਦ ਹੋਈਆਂ।

ਕਾਦਰਯਾਰ ਆਪਣੀਆਂ ਸੀ-ਹਰਫ਼ੀਆਂ ਵਿਚ ਜ਼ਿਕਰ ਕਰਦਾ ਹੈ:-

ਵਾਓ ਵਰ੍ਹਾਈ ਫਿਰ ਸਿੰਘ ਤਲਵਾਰ
ਐਸੀ, ਦੂਰੋਂ ਆਉਂਦਾ ਪਿਆ ਸੀ ਖੜਕ
ਮੀਆਂ॥
ਜਿੰਨ੍ਹ ਧਾਰ ਤਲਵਾਰ ਇੱਕ ਵਾਰ ਚੁੱਭੀ,
ਗਿਆ ਵਾਂਗ ਕਰੀਰ ਦੇ ਕੜਕ ਮੀਆਂ॥
ਲਾ ਜਰੂਰ ਅਫਗਾਨ ਬੇ-ਖੌਫ ਹੁੰਦੇ,
ਲੇਕਿਨ ਸਿੰਘ ਸੀ ਬਹੁਤ ਬੇਧੜਕ ਮੀਆਂ॥
ਕਾਦਰਯਾਰ ਅਫਗਾਨ ਬੇਸ਼ਕ ਲੜਦੇ,
ਐਪਰ ਝੱਲ ਨਾ ਸਕਦੇਂ ਫੜਕ ਮੀਆਂ॥
੨੯॥................(ਕਾਦਰਯਾਰ)

ਅਕਾਲੀ ਫੂਲਾ ਸਿੰਘ ਅੱਗੇ-ਅੱਗੇ ਰਹੇ ਅਤੇ ਆਖਰੀ ਵਾਰ ਉਹ ਇੱਕ ਤਿੱਖੇ ਹਮਲੇ ਦੌਰਾਨ ਖੁਦ ਵੀ ਦੁਸ਼ਮਣ ਦੇ ਹਮਲਿਆਂ ਦੌਰਾਨ 7 ਗੋਲੀਆਂ ਖਾ ਕੇ ਮੈਦਾਨੇ-ਜੰਗ ਵਿਚ ਸ਼ਹੀਦ ਹੋ ਗਏ ਪਰ ਉਨ੍ਹਾਂ ਦੇ ਜਜ਼ਬੇ ਨੇ ਪੂਰੀ ਸਿੱਖ ਫ਼ੌਜ ਦੇ ਮਨੋਬਲ ਨੂੰ ਇਸ ਕਦਰ ਉਭਾਰਿਆ ਕਿ ਅੰਤ ਵਿਚ ਨੁਸ਼ਹਿਰਾ ਵਿਚ ਅਫਗਾਨ ਕਬੀਲਿਆਂ ਨੂੰ ਭਾਰੀ ਨੁਕਸਾਨ ਨਾਲ ਪਿੱਛੇ ਹਟਣਾ ਪਿਆ। ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਵੀ ਨਿਹੰਗ ਦਲ ਲੜਦਾ ਰਿਹਾ ਅਤੇ ਲਗਭਗ ਚਾਰ ਹਜ਼ਾਰ ਅਫਗਾਨ ਮੈਦਾਨ ਵਿਚ ਮਾਰੇ ਗਏ, ਜਿਸਨੂੰ ਸਿੱਖ ਰਾਜ ਦੀ ਰੱਖਿਆ ਵਿਚ ਇਕ ਨਿਰਣਾਇਕ ਜਿੱਤ ਮੰਨਿਆ ਜਾਂਦਾ ਹੈ। ਉਨ੍ਹਾਂ ਦਾ ਸੰਸਕਾਰ ਫੌਜੀ ਸ਼ਾਨ ਨਾਲ ਇੱਥੇ ਹੀ ਕੀਤਾ ਗਿਆ। ਉਨ੍ਹਾਂ ਦੀ ਸਮਾਧ ਨੁਸ਼ਹਿਰਾ ਪੰਨੂੰਆਂ ਤੋਂ 6 ਕਿਲੋਮੀਟਰ ਦੂਰ ਲੂੰਡੇ ਦਰਿਆ ਦੇ ਕੰਢੇ 'ਤੇ ਹੈ। ਇਹ ਇੱਕ ਮੰਨੀ ਹੋਈ ਸੱਚਾਈ ਸੀ ਕਿ ਸਿੱਖ ਰਾਜ ਵਿਚ ਇਸ ਤੋਂ ਵੱਧ ਸੂਰਬੀਰ, ਧਾਰਮਿਕ ਤੌਰ 'ਤੇ ਪ੍ਰਪੱਕ ਅਤੇ ਨਿਡਰ ਕੋਈ ਹੋਰ ਜਰਨੈਲ ਨਜ਼ਰ ਨਹੀਂ ਆਉਂਦਾ। ਹਰ ਸਾਲ ਉਨ੍ਹਾਂ ਦੇ ਪਿੰਡ ਦੇਹਲਾ ਸੀਹਾਂ, ਜ਼ਿਲ੍ਹਾ ਸੰਗਰੂਰ ਵਿਚ 14 ਜਨਵਰੀ ਨੂੰ ਜਨਮ ਦਿਹਾੜਾ ਅਤੇ 10 ਤੋਂ 14 ਮਾਰਚ ਤੱਕ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉਨ੍ਹਾਂ ਨੇ ਸਾਰੀ ਉਮਰ ਵਿਆਹ ਨਹੀਂ ਸੀ ਕਰਵਾਇਆ। ਉਨ੍ਹਾਂ ਦੇ ਭਰਾ ਸੰਤ ਸਿੰਘ ਦੀ ਔਲਾਦ ਅੱਜ ਵੀ ਤਰਨਤਾਰਨ ਇਲਾਕੇ ਵਿਚ ਹੈ। ਅਕਾਲੀ ਫੂਲਾ ਸਿੰਘ ਦਾ ਬੁਰਜ ਅਤੇ ਛਾਉਣੀ ਅੰਮ੍ਰਿਤਸਰ ਵਿਚ ਦੇਖੀ ਜਾ ਸਕਦੀ ਹੈ।

**ਮਹਾਰਾਜਾ ਰਣਜੀਤ ਸਿੰਘ ਅਤੇ ਫੂਲਾ ਸਿੰਘ**:- ਫੂਲਾ ਸਿੰਘ, ਮਹਾਰਾਜਾ ਰਣਜੀਤ ਸਿੰਘ ਦੇ ਚੋਣਵੇਂ ਉੱਤਮ ਜਰਨੈਲਾਂ ਵਿਚੋਂ ਇੱਕ ਸਨ। ਉਨ੍ਹਾਂ ਨੇ ਰਾਜੇ ਨੂੰ ਕਸੂਰ, ਮੁਲਤਾਨ, ਕਸ਼ਮੀਰ, ਪਿਸ਼ਾਵਰ, ਬਿਹਾਵਲਪੁਰ ਤੇ ਅਟਕ ਵਰਗੀਆਂ ਔਖੀਆਂ ਜੰਗਾਂ ਜਿੱਤ ਕੇ ਦਿੱਤੀਆਂ। ਪਰ ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿੰਘ ਦੀ ਉਨੀ ਕਦਰ ਨਹੀਂ ਕੀਤੀ, ਜਿੰਨੀ ਦਾ ਉਹ ਹੱਕਦਾਰ ਸੀ। ਅਕਾਲੀ ਫੂਲਾ ਸਿੰਘ ਨੂੰ ਬਹੁਤੀ ਵਾਰ ਜਥੇਦਾਰ ਅਕਾਲ ਤਖਤ ਵੀ ਕਹਿ ਦਿੱਤਾ ਜਾਂਦਾ ਹੈ, ਜਦਕਿ ਆਧੁਨਿਕ ਵਿਦਵਾਨਾਂ ਅਨੁਸਾਰ ਉਨ੍ਹਾਂ ਦੀ ਪਦਵੀ ਮੁੱਖ ਸੇਵਾਦਾਰ ਅਕਾਲ ਬੁੰਗਾ ਜਾਂ ਮੁਖੀ ਨਿਹੰਗ ਬੁੱਢਾ ਦਲ ਸੀ, ਜਦੋਂਕਿ ਅਕਾਲ ਤਖਤ ਦੀ ਸੰਸਥਾ ਆਪਣੇ ਨਾਮ ਅਤੇ ਸਰੂਪ ਵਿਚ ਵਿਕਸਿਤ ਨਹੀਂ ਸੀ ਹੋਈ। ਤਕਨੀਕੀ ਪਦਵੀ ਜਿਹੜੀ ਵੀ ਹੋਵੇ, ਅਮਲੀ ਤੌਰ 'ਤੇ ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਪੰਥਕ ਗੁਰਮਤੇ ਕਰਵਾਉਣ, ਵਿਵਾਦਾਂ 'ਤੇ ਫੈਸਲੇ ਕਰਨ ਅਤੇ ਦੂਰੋਂ ਆਈਆਂ ਸੰਗਤਾਂ ਲਈ ਅੰਤਿਮ ਪੰਥਕ ਅਧਿਕਾਰਤਾ ਦਾ ਰੂਪ ਸਨ। ਇੱਕ ਵਾਕਿਆ ਹੈ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਇੱਕ ਮੁਸਲਮਾਨ ਨਰਤਕੀ ਨਾਲ ਵਿਆਹ ਕੀਤਾ, ਜਿਸਨੂੰ ਖਾਲਸਾ ਰਾਜ ਵਿਚ ਗੁਰਮਤਿ ਦੀ ਉਲੰਘਣਾ ਮੰਨਿਆ ਜਾਂਦਾ ਹੈ, ਤਾਂ ਅਕਾਲੀ ਫੂਲਾ ਸਿੰਘ ਨੇ ਉਸਨੂੰ ਹਾਜ਼ਰ ਹੋਣ ਦਾ ਹੁਕਮ ਸੁਣਾ ਦਿੱਤਾ। ਮਹਾਰਾਜਾ ਹਾਜ਼ਰ ਹੋਏ, ਗਲਤੀ ਵੀ ਸਵੀਕਾਰ ਕੀਤੀ, ਪੰਥਕ ਸੰਗਤ ਨੇ ਉਨ੍ਹਾਂ ਲਈ ਕੋੜਿਆਂ ਦੀ ਸਜ਼ਾ ਦਾ ਫੈਸਲਾ ਕੀਤਾ, ਜਿਸ ਨੂੰ ਰਾਜੇ ਨੇ ਨਿਮਰਤਾ ਨਾਲ ਸਵੀਕਾਰ ਕੀਤਾ। ਕਹਾਣੀ ਅਨੁਸਾਰ ਅਕਾਲੀ ਫੂਲਾ ਸਿੰਘ ਨੇ ਰਾਜੇ ਦੀ ਨਿਮਰਤਾ ਅਤੇ ਤੌਬਾ ਦੇਖ ਕੇ ਉਸਨੂੰ ਮੁਆਫੀ ਦੀ ਸਿਫਾਰਸ਼ ਕਰ ਦਿੱਤੀ। ਇਸ ਤੋਂ ਇੱਕ ਤਾਂ ਇਹ ਸਪੱਸ਼ਟ ਹੋਇਆ ਕਿ ਉਹ ਰਾਜੇ ਨੂੰ ਵੀ ਗ੍ਰੰਥ ਪੰਥ ਤੋਂ ਉੱਪਰ ਨਹੀਂ ਸੀ ਮੰਨਦੇ, ਦੂਸਰਾ ਉਸਦੀ ਨਿਮਰਤਾ ਤੇ ਭਾਵਨਾ ਦੇਖ ਕੇ ਮੁਆਫ ਕਰਨਾ ਵੀ ਖਾਲਸਾਈ ਬਿਰਦ ਦੇ ਅਨੁਸਾਰ ਸੀ।

ਸਿੱਖ ਕੌਮ ਆਪਣੇ ਹੀਰੇ ਨੂੰ ਹਮੇਸ਼ਾ ਯਾਦ ਕਰਦੀ ਰਹੇਗੀ, ਜਿਸ ਨੇ ਨਿਰਭਉ, ਨਿਰਵੈਰ, ਗ੍ਰੰਥ ਪੰਥ ਪ੍ਰਤੀ ਪ੍ਰੇਮ ਅਤੇ ਸਮਰਪਣ ਵਿਚ ਰਹਿ ਕੇ, ਗੁਰਮਤਿ ਅਨੁਸਾਰੀ ਜੀਵਨ ਜੀਉ ਕੇ ਦਿਖਾਇਆ। ਅਤੇ ਆਪਣੇ ਸਮੇਂ ਦੇ ਸਿੱਖ ਰਾਜ ਨੂੰ ਸਥਾਪਿਤ ਕਰਨ ਵਿਚ ਮੋਹਰੀ ਭੂਮਿਕਾ ਨਿਭਾਈ। ਅਜੋਕੇ ਸਿੱਖ ਆਗੂਆਂ ਨੂੰ ਉਨ੍ਹਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ।



# ਸਹਿਜ ਤੇ ਸੰਜਮ ਹੈ ਸਿੱਖ ਕੌਮ ਦੀ ਤਾਕਤ

-ਡਾ. ਸਤਿੰਦਰ ਪਾਲ ਸਿੰਘ
ਈ 1716, ਰਾਜਾਜੀਪੁਰਮ
ਲਖਨਊ - 226017
ਪੰਜਾਬ ਮੇਲ USA



ਅੱਜ ਸਿੱਖ ਪੰਥ ਕਈ ਭਰਮਾਂ ਦਾ ਸ਼ਿਕਾਰ ਹੈ। ਗੁਰੂ ਨਾਨਕ ਸਾਹਿਬ ਦੀ ਪਾਵਨ ਸੋਚ ਤੋਂ ਉਸਰੇ ਸਿੱਖ ਪੰਥ ਬਾਰੇ ਭਰਮ ਪੈਦਾ ਹੋਣਾ ਮਾਤਰ ਸਿੱਖ ਪੰਥ ਲਈ ਹੀ ਨਹੀਂ, ਸਗੋਂ ਪੂਰੀ ਮਨੁੱਖਤਾ ਲਈ ਸੁਖਾਵਾਂ ਨਹੀ ਹੈ। ਜਿਸ ਕੌਮ ਦਾ ਆਧਾਰ ਹੀ ਭਾਈਚਾਰਾ ਤੇ ਬਰਾਬਰੀ ਦਾ ਹੋਵੇ, ਜਿਸ ਨੂੰ ਤਾਕਤ ਹੀ ਗੁਣਾਂ ਤੋਂ ਪ੍ਰਾਪਤ ਹੁੰਦੀ ਹੋਵੇ ਉਸ ਕੌਮ ਨੂੰ ਢਾਹ ਲਾਉਣ ਦਾ ਜਤਨ ਕਿਸੇ ਦੇ ਵੀ ਹਿਤ 'ਚ ਨਹੀਂ ਹੈ। ਜੋ ਕੌਮ ਦਿਨ ਦੀ ਆਰੰਭਤਾ ਤੇ ਸੰਪੂਰਨਤਾ ਹੀ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਕਰਦੀ ਹੈ, ਉਸ ਦੇ ਭਲੇ 'ਚ ਤਾਂ ਸਰਬੱਤ ਦਾ ਭਲਾ ਹੈ। ਸਰਬੱਤ ਦਾ ਭਲਾ ਮੰਗਣਾ ਤੇ ਕਰਣਾ ਹਰ ਸਿੱਖ ਦਾ ਸੰਕਲਪ ਹੈ। ਇਸ ਸੰਕਲਪ ਨੂੰ ਪ੍ਰਾਪਤ ਕਰਨ ਦੀ ਤਾਕਤ ਸਹਿਜ ਤੇ ਸੰਜਮ ਜਿਹੇ ਰੱਬੀ ਗੁਣਾਂ ਤੋਂ ਮਿਲਦੀ ਹੈ। ਹਰ ਸਿੱਖ ਨੂੰ ਵੀ ਇਹ ਸਾਰ ਸਮਝ ਲੈਣਾ ਚਾਹੀਦੇ। ਸਿੱਖ ਕੌਮ ਦਾ ਮਾਰਗ ਗੁਰੂ ਸਾਹਿਬਾਨ ਦਾ ਦਰਸਾਇਆ ਮਾਰਗ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਤੋਂ ਵੱਖ ਕੋਈ ਸਿਧਾਂਤ ਜਾ ਢੰਗ ਨਹੀਂ ਹੋ ਸਕਦਾ। ਸਿੱਖ ਕੌਮ ਬਾਰੇ ਇਤਿਹਾਸਕਾਰਾਂ ਨੇ ਕੀ ਕਿਹਾ, ਵਿਦਵਾਨਾਂ ਨੇ ਕੀ ਵਿਚਾਰਿਆ, ਅੱਜ ਅਸੀਂ ਕੀ ਸੋਚਦੇ ਹਾਂ, ਇਨ੍ਹਾਂ ਦਾ ਕੋਈ ਮੁੱਲ ਨਹੀਂ ਹੈ। ਮਹੱਤਵਪੂਰਨ ਹੈ ਤਾਂ ਗੁਰਬਾਣੀ। ਭਾਈ ਬਲਵੰਡ ਜੀ ਤੇ ਭਾਈ ਸੱਤਾ ਜੀ ਦੀ ਬਾਣੀ ਜੋ ਰਾਮਕਲੀ ਦੀ ਵਾਰ 'ਚ ਸੁਸ਼ੋਭਿਤ ਹੈ। ਗੁਰੂ ਸਾਹਿਬਾਨ ਨੂੰ ਉਸ ਸ਼ਹਸਵਾਰ ਦੇ ਰੂਪ 'ਚ ਵੇਖਦੀ ਹੈ, ਜੋ ਸਹਿਜ ਦੇ ਘੋੜੇ 'ਤੇ ਸਵਾਰ ਹਨ। ਉਸ ਸਹਿਜ ਦੇ ਘੋੜੇ 'ਤੇ ਜਤਿ ਦੀ ਕਾਠੀ ਪਈ ਹੋਈ ਹੈ। ਉਨ੍ਹਾਂ ਦੇ ਹੱਥ 'ਚ ਸਤਿ ਦਾ ਧਨਖ ਹੈ, ਜਿਸ ਨਾਲ ਉਹ ਪ੍ਰਮਾਤਮਾ ਦੇ ਜਸ ਦਾ ਬਾਨ ਚਲਾ ਰਹੇ ਹਨ। ਇਸ ਬਾਨ ਦੇ ਚੱਲਦਿਆਂ ਅਗਿਆਨ, ਭਰਮ, ਕੂੜ ਦਾ ਛਾਇਆ ਹਨੇਰਾ ਦੂਰ ਹੋ ਗਿਆ ਤੇ ਧਰਮ ਦਾ ਸੂਰਜ ਨਿਕਲ ਆਇਆ। ਜਿਸ ਦੀਆਂ ਕਿਰਨਾਂ ਨਾਲ ਸਾਰਾ ਸੰਸਾਰ ਰੌਸ਼ਨ ਹੋ ਗਿਆ। ਗੁਰੂ ਸਾਹਿਬਾਨ ਨੇ ਸੰਸਾਰ ਅੰਦਰ ਗੁਣਾਂ ਦੀ ਮਹੱਤਤਾ ਕਾਇਮ ਕੀਤੀ ਤੇ ਲੋਕਾਈ ਨੂੰ ਪ੍ਰੇਰਿਤ ਕੀਤਾ।

ਗੁਰਸਿੱਖੀ ਤੇ ਸਿੱਖ ਕੌਮ ਦੀ ਗੱਲ ਸਹਿਜ, ਜਤ, ਸਤ ਤੇ ਗੁਣਾਂ ਦੀ ਰੌਸ਼ਨੀ 'ਚ ਹੀ ਕੀਤੀ ਜਾ ਸਕਦੀ ਹੈ। ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ, ਸਿੱਖ ਤੋਂ ਖਾਲਸਾ ਤੱਕ ਦੇ ਸਫਰ 'ਚ ਇਨ੍ਹਾਂ ਦੀ ਹੀ ਪ੍ਰਧਾਨਤਾ ਨਜ਼ਰ ਆਉਂਦੀ ਹੈ। ਗੁਰੂ ਨਾਨਕ ਸਾਹਿਬ ਦਾ ਭਗਤੀ ਦਾ ਮੁੱਢਲਾ ਸਿਧਾਂਤ ਨਾਮ ਸਿਮਰਨ ਹੀ ਮਨ ਦੀ ਸਹਿਜ ਅਵਸਥਾ ਤਿਆਰ ਕਰਨ ਵਾਲਾ ਸੀ। ਸੇਵਾ, ਸਮਰਪਣ, ਸਾਂਝੀਵਾਲਤਾ, ਪਰੋਪਕਾਰ ਜਿਹੇ ਗੁਣ ਸਹਿਜ ਅਵਸਥਾ ਦਾ ਹੀ ਫਲ ਸਨ। ਸਿੱਖੀ ਬਲਿਦਾਨ ਵੀ ਇੱਸੇ ਰੰਗ ਵਿਚ ਰੰਗੇ ਹੋਏ ਸਨ। ਸਿੱਖ ਗੁਰੂ ਸਾਹਿਬਾਨ ਨੇ ਜੰਗਾਂ ਜਿੱਤੀਆਂ ਪਰ ਰਾਜ ਨਹੀਂ ਕਾਇਮ ਕੀਤੇ ਕਿਉਂਕਿ ਉਨ੍ਹਾਂ ਦਾ ਮਿਸ਼ਨ ਤਾਂ "ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ॥" ਦਾ ਸੀ। ਸਿੱਖ ਕੌਮ ਦਾ ਵੀ ਇਹੋ ਮਿਸ਼ਨ ਹੈ ਕਿ ਸ਼ੁਭ ਗੁਣਾਂ ਦੀ ਖੇਤੀ ਹੋਵੇ ਤੇ ਜੀਵਨ ਸਦਾ ਗੁਣਾਂ 'ਤੇ ਹੀ ਟਿਕੇ। ਭੱਟ ਕਵੀ ਕਲਸਹਾਰ ਜੀ ਨੇ ਗੁਰੂ ਨਾਨਕ ਸਾਹਿਬ ਮਹਿਮਾ ਦਾ ਬਖਾਨ ਕਰਦਿਆਂ ਉਨ੍ਹਾਂ ਦੇ ਰਾਜ ਜੋਗ ਦੇ ਦਰਸ਼ਨ ਕੀਤੇ। ਰਾਜ ਤੇ ਜੋਗ ਦੋ ਵੱਖ-ਵੱਖ ਸ਼ਬਦ ਹਨ। ਰਾਜ ਸ਼ਬਦ ਖਤਰਿਆਂ ਦੇ ਸੰਦਰਭ 'ਚ ਤੇ ਜੋਗ ਸ਼ਬਦ ਬ੍ਰਾਹਮਣਾਂ ਦੇ ਸੰਦਰਭ 'ਚ ਵਰਤਿਆ ਜਾਂਦਾ ਸੀ। ਰਾਜ ਤੋਂ ਭਾਵ ਬਾਦਸ਼ਾਹਤ ਸੀ। ਜੋਗ ਤੋਂ ਭਾਵ ਭਗਤੀ, ਧਰਮ, ਕਰਮ ਸੀ। ਗੁਰੂ ਨਾਨਕ ਸਾਹਿਬ ਨੇ ਕਿਸੇ ਇਕ ਖੇਤਰ ਵਿਚ ਨਹੀਂ, ਪੂਰੇ ਸੰਸਾਰ ਅੰਦਰ ਰਾਜ ਦੀ ਕਲਪਨਾ ਕੀਤੀ। ਇਹ ਰਾਜ ਨਿੱਜੀ ਹੁਕੂਮਤ ਨਹੀਂ, ਗੁਣਾਂ ਦਾ ਰਾਜ ਸੀ। ਗੁਣਾਂ ਨੂੰ ਹੀ ਗੁਰੂ ਨਾਨਕ ਸਾਹਿਬ ਨੇ ਭਗਤੀ ਤੇ ਪ੍ਰਮਾਤਮਾ ਨਾਲ ਮੇਲ ਦਾ ਮਾਰਗ ਦੱਸਿਆ। ਰਾਜ ਜੋਗ ਮਨੁੱਖੀ ਜੀਵਨ ਦੀ ਇਕ ਆਦਰਸ਼ ਵਿਵਸਥਾ ਸੀ। ਇਸ ਲਈ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਰਹਿਤ ਮਰਿਆਦਾ ਦਾ ਪਾਬੰਦ ਵੀ ਕੀਤਾ। ਗੁਰੂ ਅਰਜਨ ਸਾਹਿਬ ਤੇ ਗੁਰੂ ਤੇਗ ਬਹਾਦਰ ਜੀ ਦੇ ਬਲਿਦਾਨ ਇਸ ਵਿਵਸਥਾ ਨੂੰ ਬਚਾਉਣ ਲਈ ਹੀ ਹੋਏ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸਾਜਿਆ ਖਾਲਸਾ ਇਸ ਰਾਜ ਜੋਗ ਦਾ ਰਖਵਾਲਾ ਸੀ। ਅੱਜ ਵੀ ਸਿੱਖ ਕੌਮ ਤੇ ਇਹੋ ਮਰਿਆਦਾ ਤੇ ਜ਼ਿੰਮੇਵਾਰੀ ਲਾਗੂ ਹੁੰਦੀ ਹੈ। ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਸਿੱਖ ਅੱਜ ਰਾਜ ਜੋਗ ਦੇ ਸੰਕਲਪ ਨੂੰ ਕਿੰਨਾ ਸਮਝਦਾ ਹੈ ਤੇ ਇਸ ਲਈ ਕਿੰਨਾ ਸਮਰਪਿਤ ਹੈ। ਜੇ ਸਿੱਖਾਂ ਨੂੰ ਅੱਤਵਾਦੀ ਤੇ ਵੱਖਵਾਦੀ ਕਿਹਾ ਜਾ ਰਿਹਾ ਹੈ, ਤਾਂ ਸਿੱਖਾਂ ਨੂੰ ਆਤਮ ਪੜਚੋਲ ਜ਼ਰੂਰ ਕਰਣੀ ਚਾਹੀਦੀ ਹੈ ਕਿ ਅਜਿਹੇ ਹਾਲਾਤ ਕਿਉਂ ਬਣੇ। ਹਿੰਸਾ ਨਾਲ ਸਿੱਖਾਂ ਦਾ ਕੀ ਸਬੰਧ ਹੈ, ਇਸ ਬਾਰੇ ਵੀ ਬਹਿਸ ਹੋਣੀ ਚਾਹੀਦੀ ਹੈ, ਤਾਂ ਜੋ ਨਵੀਆਂ ਪੀੜ੍ਹੀਆਂ ਜੋ ਇਤਿਹਾਸ ਤੇ ਗੁਰਬਾਣੀ ਦੇ ਬਹੁਤਾ ਨੇੜੇ ਨਹੀਂ ਹਨ, ਸੱਚ ਦੇ ਰੂਬਰੂ ਹੋ ਸਕਣ, ਸਿੱਖ ਗੁਰੂ ਸਾਹਿਬਾਨ ਨੇ ਸਦਾ ਹੀ ਆਪਨੇ ਜੀਵਨ 'ਚ ਅਣਸੁਖਾਵੇਂ ਹਾਲਾਤ ਟਾਲਣ ਦੇ ਜਤਨ ਕੀਤੇ, ਗੁਰੂ ਅੰਗਦ ਸਾਹਿਬ ਦਾ ਖਡੂਰ ਸਾਹਿਬ ਚਲੇ ਜਾਣਾ, ਗੁਰੂ ਅਮਰਦਾਸ ਸਾਹਿਬ ਦਾ ਗੋਇੰਦਵਾਲ ਸਾਹਿਬ ਚਲੇ ਜਾਣਾ, ਗੁਰੂ ਹਰਿਗੋਬਿੰਦ ਸਾਹਿਬ ਦਾ ਅੰਮ੍ਰਿਤਸਰ ਤੋਂ ਕੀਰਤਪੁਰ ਚਲੇ ਜਾਣਾ, ਉਨ੍ਹਾਂ ਦੇ ਸੰਜਮ, ਸਹਿਜ ਦੀਆਂ ਪ੍ਰੇਰਕ ਮਿਸਾਲਾਂ ਹਨ, ਗੁਰੂ ਹਰਿਰਾਇ ਜੀ ਨੇ ਫੌਜ ਹੁੰਦੀਆਂ ਵੀ ਫੌਜ ਦੀ ਵਰਤੋਂ ਨਹੀਂ ਕੀਤੀ। ਗੁਰੂ ਹਰਿਗੋਬਿੰਦ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਕਦੇ ਆਪ ਕੋਈ ਜੰਗ ਨਹੀਂ ਛੇੜੀ, ਬਸ ਹਮਲਿਆਂ ਦਾ ਮੁਕਾਬਲਾ ਕੀਤਾ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵਚਨ ਕੀਤੇ ਕਿ ਤਲਵਾਰ ਚੁੱਕਣਾ ਤਾਂ ਅੰਤਮ ਕਦਮ ਹੈ। ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ ਕਿ ਸਿੱਖ ਕੌਮ ਅੰਦਰ ਸਹਿਜ, ਸੰਜਮ, ਸੇਵਾ, ਸਮਰਪਣ ਜਿਹੇ ਗੁਣਾਂ ਦਾ ਮਾਣ ਤੇ ਭਰੋਸਾ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ ਅਨੁਸਾਰ ਕਿੰਨਾ ਕੁ ਕਾਇਮ ਹੈ। ਇਹ ਸਾਡੇ ਆਚਾਰ ਵਿਚ ਕਿੰਨਾ ਪ੍ਰਗਟ ਹੋ ਰਿਹਾ ਹੈ। ਸਿੱਖੀ ਦਾ ਗੌਰਵਮਈ ਵਿਰਸਾ ਗੁਣਾਂ 'ਤੇ ਪਹਿਰਾ ਦੇਣਾ ਹੈ। ਇਸ ਲਈ ਬਲਿਦਾਨ ਵੀ ਦੇਣਾ ਪਿਆ, ਤਾਂ ਸਿੱਖ ਪਿਛਾਂਹ ਨਹੀਂ ਹਟੇ। ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਸੁਣ ਕੇ ਉਨ੍ਹਾਂ ਦੇ ਅਨੁਆਈ ਬਣਨ ਵਾਲੇ ਵੀ ਉਨੇ ਹੀ ਬਲੀਦਾਨੀ ਸਨ, ਜਿੰਨੇ ਜੰਗ ਵਿਚ ਜਾਨਾਂ ਵਾਰਨ ਵਾਲੇ। ਸਦੀਆਂ ਤੋਂ ਕਾਇਮ ਪ੍ਰੰਪਰਾਵਾਂ ਨੂੰ ਤਿਆਗ, ਕੂੜ, ਅਡੰਬਰ ਤੋਂ ਉਬਰ ਗੁਰੂ ਨਾਨਕ ਸਾਹਿਬ ਦਾ ਸਿੱਖ ਬਣਨਾ ਇਕ ਮਹਾਨ ਤਿਆਗ ਸੀ, ਜਿਸ ਲਈ ਬਹੁਤ ਹਿੰਮਤ ਦੀ ਲੋੜ ਸੀ। ਉਹ ਧਰਮ ਦੇ ਸੱਚੇ ਯੋਧੇ ਸਨ। ਅੱਜ ਗੁਰਸਿੱਖ ਆਪਣੀ ਅਰਦਾਸ ਵਿਚ ਪਹਿਲਾਂ ਉਨ੍ਹਾਂ ਜਪੀਆਂ, ਤਪੀਆਂ ਦਾ ਧਿਆਨ ਕਰਦਾ ਹੈ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ। ਕੁਰਬਾਨੀਆਂ ਨੂੰ ਵੀ ਉਹ ਇਸ ਕਾਰਨ ਯਾਦ ਕਰਦਾ ਹੈ ਕਿ ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਈ। ਅਰਦਾਸ ਦੀ ਗਹਿਰਾਈ ਵਿਚ ਗਿਆਂ ਸਿੱਖੀ ਫਲਸਫਾ ਸਮਝ ਆਉਣ ਲੱਗਦਾ ਹੈ।

ਲੋੜ ਹੈ ਕਿ ਸਿੱਖ ਕੌਮ ਪਹਿਲਾਂ ਆਪ ਆਪਣੇ ਸਿਧਾਂਤਕ ਆਧਾਰ ਸਮਝੇ, ਧਾਰਣ ਕਰੇ ਤਾਂ ਹੀ ਦੂਜਿਆਂ ਦੇ ਭਰਮ ਤੋੜ ਸਕੇਗੀ। ਗੁਰਸਿੱਖੀ ਦੇ ਮੂਲ ਸਿਧਾਂਤਾਂ 'ਤੇ ਇਕ ਕੋਰਸ ਤਿਆਰ ਕੀਤਾ ਜਾਣਾ ਚਾਹੀਦੇ, ਜੋ ਹਰ ਸਿੱਖ ਲਈ ਲਾਜ਼ਮੀ ਹੋਵੇ। ਸ੍ਰੀ ਅਕਾਲ ਤਖਤ ਸਾਹਿਬ ਦੁਆਰਾ ਸਥਾਨਕ ਸਿੰਘ ਸਭਾਵਾਂ ਰਾਹੀਂ ਇਸ ਕੋਰਸ ਨੂੰ ਲਾਗੂ ਕਰਾਇਆ ਜਾਵੇ। ਇਹ ਕੋਸ਼ਿਸ਼ ਹੋਵੇ ਕਿ ਕੋਰਸ ਕਰਨ ਤੋਂ ਬਾਅਦ ਸਿੱਖ ਕੌਮ ਬਾਰੇ ਇਕ ਪ੍ਰਮਾਣਿਕ ਸੋਚ ਵਿਕਸਿਤ ਕਰ ਸਕਣ ਤੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਲਾਇਕ ਹੋ ਸਕਣ।

ਅੱਜ ਹਰ ਕੋਈ ਸਿੱਖ ਕੌਮ, ਸਿੱਖੀ ਤੇ ਸਿੱਖ ਦੀ ਆਪੋ-ਆਪਣੇ ਢੰਗ ਨਾਲ ਵਿਆਖਿਆ ਕਰ ਰਿਹਾ ਹੈ। ਜਿੱਥੇ ਵਾਦ-ਵਿਵਾਦ ਦੀ ਸ਼ੰਕਾ ਹੋਵੇ, ਲੋਕ ਮੌਨ ਧਾਰਨ ਕਰ ਲੈਂਦੇ ਹਨ। ਕੁਝ ਸਮਾਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਕ ਪ੍ਰਚਾਰਕ ਕੋਲੋਂ ਸਥਾਨਕ ਸਿੱਖਾਂ ਨੇ ਮੀਟ ਖਾਨ ਬਾਬਤ ਪੁੱਛਿਆ। ਉਹ ਪਹਿਲਾਂ ਤਾਂ ਟਾਲ-ਮਟੋਲ ਕਰਦੇ ਰਹੇ, ਫਿਰ ਕੋਈ ਕਿੱਸਾ ਸੁਣਾ ਚਰਚਾ ਬਦਲ ਦਿੱਤੀ। ਦਰਅਸਲ ਸੱਚ ਦਾ ਗਿਆਨ ਹੋਣਾ ਚਾਹੀਦੇ ਤੇ ਸੱਚ ਕਹਿਣ ਦਾ ਆਤਮ ਬਲ ਵੀ ਹੋਣਾ ਚਾਹੀਦੇ। ਗੁਰੂ ਨਾਨਕ ਸਾਹਿਬ ਨੇ ਦੁਨੀਆਂ ਅੰਦਰ ਸੱਚ ਪ੍ਰਗਟ ਕੀਤਾ। ਸੱਚ ਦਾ ਸੁਨੇਹਾ ਦੇਣ ਲਈ ਹੀ ਉਨ੍ਹਾਂ ਧਰਮ ਯਾਤਰਾਵਾਂ ਕੀਤੀਆਂ ਤੇ ਧਰਤੀ ਦੇ ਹਰ ਕੋਨੇ ਤੱਕ ਗਏ। ਸੱਚ ਨੂੰ ਸਵੀਕਾਰ ਕਰਨਾ ਬਹੁਤ ਕਠਿਨ ਹੁੰਦਾ ਹੈ। ਸੱਚ ਦਾ ਵਿਰੋਧ ਵੀ ਸਭ ਤੋਂ ਜ਼ਿਆਦਾ ਹੁੰਦਾ ਹੈ ਤੇ ਸੱਚ ਦੇ ਨਾਲ ਖੜ੍ਹੇ ਹੋਣ ਵਾਲੇ ਵੀ ਵਿਰਲੇ ਹੀ ਹੁੰਦੇ ਹਨ। ਗੁਰੂ ਸਾਹਿਬਾਨ ਬਾਰੇ ਤੇ ਗੁਰਬਾਣੀ ਬਾਰੇ ਕਈ ਭਰਮ ਪੈਦਾ ਕੀਤੇ ਗਏ, ਜਿਨ੍ਹਾਂ ਦੀ ਨਿਵਰਤੀ ਗੁਰੂ ਸਾਹਿਬਾਨ ਅਤਿ ਸਹਿਜ ਤੇ ਸੰਜਮ ਨਾਲ ਕਰਦੇ ਰਹੇ ਤੇ ਕਾਮਯਾਬ ਹੋਏ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜ਼ਫਰਨਾਮੇ ਨੇ ਔਰੰਗਜੇਬ ਜਿਹੇ ਵਹਿਸ਼ੀ ਬਾਦਸ਼ਾਹ ਦੀ ਮਨੋਦਸ਼ਾ ਬਦਲ ਦਿੱਤੀ ਸੀ ਤੇ ਉਹ ਪਛਤਾਵੇ ਨਾਲ ਭਰ ਗਿਆ ਸੀ। ਭਰਮ ਤੇ ਕੂੜ ਪ੍ਰਚਾਰ ਦਾ ਜਵਾਬ ਸੰਜਮ ਤੇ ਸਹਿਜ ਨਾਲ ਹੀ ਦਿੱਤਾ ਜਾ ਸਕਦਾ ਹੈ, ਜੋ ਸਿੱਖ ਕੌਮ ਦੇ ਮੁੱਢਲੇ ਆਦਰਸ਼ ਹਨ। ਸੱਚ ਹਰ ਕੋਈ ਜਾਣਨਾ ਚਾਹੁੰਦਾ ਹੈ ਤੇ ਸਵੀਕਾਰ ਵੀ ਕਰਣਾ ਚਾਹੁੰਦਾ ਹੈ। ਇਸ ਲਈ ਗੁਰੂ ਸਾਹਿਬਾਨ ਦੇ ਵਰਤੇ ਢੰਗ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਸਿੱਖੀ ਤੇ ਸਿੱਖ ਕੌਮ ਬਾਰੇ ਸਟੀਕ ਤੇ ਸੱਚੀ ਜਾਣਕਾਰੀ ਲੋਕਾਂ ਤੱਕ ਪੁੱਜੇ, ਇਸ ਲਈ ਇੱਕ ਵੱਡੀ ਮੁਹਿਮ ਚਲਾਈ ਜਾਣੀ ਚਾਹੀਦੀ ਹੈ।

ਸਿੱਖ ਕੌਮ ਜਜ਼ਬਾਤਾਂ ਦੀ ਨਹੀਂ, ਭਾਵਨਾਵਾਂ ਦੀ ਕੌਮ ਹੈ। ਜਜ਼ਬਾਤ ਫੌਰੀ ਹਾਲਾਤ ਤੋਂ ਪੈਦਾ ਹੁੰਦੇ ਹਨ। ਭਾਵਨਾਵਾਂ ਕਿਸੇ ਫਲਸਫੇ ਤੇ ਸੋਚ ਤੋਂ ਜਨਮ ਲੈਂਦੀਆਂ ਹਨ। ਸਿੱਖੀ ਭਾਵਨਾਵਾਂ ਦਾ ਸ੍ਰੋਤ ਗੁਰਬਾਣੀ ਹੈ। ਇਹ ਫਰਕ ਸਮਝਣ ਦੀ ਲੋੜ ਹੈ।



> **ਗੁਰਸਿੱਖੀ ਤੇ ਸਿੱਖ ਕੌਮ ਦੀ ਗੱਲ ਸਹਿਜ, ਜਤ, ਸਤ ਤੇ ਗੁਣਾਂ ਦੀ ਰੌਸ਼ਨੀ 'ਚ ਹੀ ਕੀਤੀ ਜਾ ਸਕਦੀ ਹੈ। ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ, ਸਿੱਖ ਤੋਂ ਖਾਲਸਾ ਤੱਕ ਦੇ ਸਫਰ 'ਚ ਇਨ੍ਹਾਂ ਦੀ ਹੀ ਪ੍ਰਧਾਨਤਾ ਨਜ਼ਰ ਆਉਂਦੀ ਹੈ। ਗੁਰੂ ਨਾਨਕ ਸਾਹਿਬ ਦਾ ਭਗਤੀ ਦਾ ਮੁੱਢਲਾ ਸਿਧਾਂਤ ਨਾਮ ਸਿਮਰਨ ਹੀ ਮਨ ਦੀ ਸਹਿਜ ਅਵਸਥਾ ਤਿਆਰ ਕਰਨ ਵਾਲਾ ਸੀ। ਸੇਵਾ, ਸਮਰਪਣ, ਸਾਂਝੀਵਾਲਤਾ, ਪਰੋਪਕਾਰ ਜਿਹੇ ਗੁਣ ਸਹਿਜ ਅਵਸਥਾ ਦਾ ਹੀ ਫਲ ਸਨ। ਸਿੱਖੀ ਬਲਿਦਾਨ ਵੀ ਇੱਸੇ ਰੰਗ ਵਿਚ ਰੰਗੇ ਹੋਏ ਸਨ।**

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
ਪੰਜਾਬ ਮੇਲ USA



# ਜਦ ਨੀਂਦ ਨਾ ਆਵੇ

*ਬਦਲ ਰਿਹਾ ਲਾਈਫ ਸਟਾਈਲ, ਸਰੀਰਕ-ਮਾਨਸਿਕ ਰੋਗਾਂ ਦੇ ਨਾਲ-ਨਾਲ ਮੁੱਖ ਕਾਰਨ ਵਰਕ ਪਲੇਸ ਤੇ ਸ਼ਿਫਟਾਂ ਦੀ ਰੋਟੇਸ਼ਨ ਯਾਨੀ ਕੁੱਝ ਦਿਨ ਮਾਰਨਿੰਗ, ਫਿਰ ਆਫਟਰਨੂਨ ਅਤੇ ਉਸ ਤੋਂ ਬਾਅਦ ਰਾਤ ਦੀ ਸ਼ਿਫਟ ਸਰੀਰ ਨੂੰ ਜ਼ਿਆਦਾ ਨੁਕਸਾਨ ਪਹੁੰਚਾ ਰਹੀ ਹੈ। ਲਗਾਤਾਰ ਰੋਟੇਸ਼ਨ ਸ਼ਿਫਟਾਂ ਵਿਚ ਕੰਮ ਕਰਨ ਨਾਲ ਵਿਅਕਤੀ ਛੇਤੀ ਹੀ ਨੀਂਦ ਘੱਟ ਆਉਣ ਦੀ ਸਮੱਸਿਆ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਸਮੱਸਿਆ ਦਾ ਇਲਾਜ ਨਾ ਕਰਨ ਦੀ ਹਾਲਤ ਵਿਚ ਵਿਅਕਤੀ ਗੱਲਾਂ ਨੂੰ ਛੇਤੀ ਭੁੱਲਣ ਲੱਗ ਜਾਂਦਾ ਹੈ। ਕਿਸੇ ਵੀ ਕੰਮ ਨੂੰ ਪੂਰਾ ਕਰਨ ਵਿਚ ਮਨ ਨਹੀਂ ਟਿਕਦਾ। ਯੌਨ-ਸ਼ਕਤੀ ਘੱਟਣੀ ਸ਼ੁਰੂ ਹੋ ਜਾਂਦੀ ਹੈ। ਰਾਤ ਭਰ ਨੀਂਦ ਨਾ ਆਉਣ ਦੀ ਹਾਲਤ ਵਿਚ ਪੂਰਾ ਦਿਨ ਸਰੀਰਕ ਤੇ ਮਾਨਸਿਕ ਥਕਾਵਟ ਦੇ ਨਾਲ ਚੱਕਰ ਵੀ ਆ ਜਾਂਦੇ ਹਨ।*

ਨੀਂਦ ਲੈਣ ਵਿਚ ਮੁਸ਼ਕਲ ਆਉਣ ਨੂੰ ਇਨਸੌਮਨੀਆ ਕਿਹਾ ਜਾਂਦਾ ਹੈ। ਸਟ੍ਰੈੱਸ ਤੋਂ ਬਾਅਦ ਵਿਸ਼ਵ ਭਰ ਵਿਚ ਨੀਂਦ ਘੱਟ ਜਾਂ ਨੀਂਦ ਨਾ ਆਉਣ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ। ਦਿਨੋਂ-ਦਿਨ ਇਨਸੌਮਨੀਆ ਦੀ ਸਮੱਸਿਆ ਬੱਚੇ, ਨੌਜਵਾਨ, ਸੀਨਿਅਰਜ਼ ਅਤੇ ਗਰਭਵਤੀ ਔਰਤਾਂ ਵਿਚ ਦੇਖੀ ਜਾ ਰਹੀ ਹੈ। ਅਮੇਰੀਕਨ ਨੈਸ਼ਨਲ ਸਲੀਪ ਫਾਊਂਡੇਸ਼ਨ ਦੀ ਸਟੱਡੀ ਦੇ ਅੰਕੜਿਆਂ ਮੁਤਾਬਿਕ ਸੰਯੁਕਤ ਰਾਜ ਵਿਚ ਲਗਭਗ 35% ਬਾਲਗ ਮਹੀਨੇ ਵਿਚ 1-2 ਵਾਰ ਅਸਥਾਈ ਇਨਸੌਮਨੀਆ ਸ਼ਿਕਾਇਤ ਕਰਦੇ ਹਨ ਅਤੇ 10-15% ਗੰਭੀਰ ਇਨਸੌਮਨੀਆ ਦੇ ਘੇਰੇ ਵਿਚ ਆਉਂਦੇ ਹਨ। ਹਰ ਹਫਤੇ ਰਾਤ ਦੇ ਸਮੇ ਕੁੱਲ 25 ਘੰਟੇ ਨੀਂਦ ਨਾ ਆਉਣ ਦੀ ਹਾਲਤ ਨੂੰ ਗੰਭੀਰ ਮੰਨਿਆ ਜਾਂਦਾ ਹੈ।

ਬਦਲ ਰਿਹਾ ਲਾਈਫ ਸਟਾਈਲ, ਸਰੀਰਕ-ਮਾਨਸਿਕ ਰੋਗਾਂ ਦੇ ਨਾਲ-ਨਾਲ ਮੁੱਖ ਕਾਰਨ ਵਰਕ ਪਲੇਸ ਤੇ ਸ਼ਿਫਟਾਂ ਦੀ ਰੋਟੇਸ਼ਨ ਯਾਨੀ ਕੁੱਝ ਦਿਨ ਮਾਰਨਿੰਗ, ਫਿਰ ਆਫਟਰਨੂਨ ਅਤੇ ਉਸ ਤੋਂ ਬਾਅਦ ਰਾਤ ਦੀ ਸ਼ਿਫਟ ਸਰੀਰ ਨੂੰ ਜ਼ਿਆਦਾ ਨੁਕਸਾਨ ਪਹੁੰਚਾ ਰਹੀ ਹੈ। ਲਗਾਤਾਰ ਰੋਟੇਸ਼ਨ ਸ਼ਿਫਟਾਂ ਵਿਚ ਕੰਮ ਕਰਨ ਨਾਲ ਵਿਅਕਤੀ ਛੇਤੀ ਹੀ ਨੀਂਦ ਘੱਟ ਆਉਣ ਦੀ ਸਮੱਸਿਆ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਸਮੱਸਿਆ ਦਾ ਇਲਾਜ ਨਾ ਕਰਨ ਦੀ ਹਾਲਤ ਵਿਚ ਵਿਅਕਤੀ ਗੱਲਾਂ ਨੂੰ ਛੇਤੀ ਭੁੱਲਣ ਲੱਗ ਜਾਂਦਾ ਹੈ। ਕਿਸੇ ਵੀ ਕੰਮ ਨੂੰ ਪੂਰਾ ਕਰਨ ਵਿਚ ਮਨ ਨਹੀਂ ਟਿਕਦਾ। ਯੌਨ-ਸ਼ਕਤੀ ਘੱਟਣੀ ਸ਼ੁਰੂ ਹੋ ਜਾਂਦੀ ਹੈ। ਰਾਤ ਭਰ ਨੀਂਦ ਨਾ ਆਉਣ ਦੀ ਹਾਲਤ ਵਿਚ ਪੂਰਾ ਦਿਨ ਸਰੀਰਕ ਤੇ ਮਾਨਸਿਕ ਥਕਾਵਟ ਦੇ ਨਾਲ ਚੱਕਰ ਵੀ ਆ ਜਾਂਦੇ ਹਨ।

ਇਨਸੌਮਨੀਆ ਲੰਬੇ ਸਮੇਂ ਤੋਂ ਹਾਈਪਰਟ੍ਰੋਸੈਸਲ ਦੀ ਬਿਮਾਰੀ ਵੀ ਮੰਨ ਲਈ ਜਾਂਦੀ ਹੈ। ਨੀਂਦ ਜ਼ਿਆਦਾ ਜਾਂ ਘੱਟ ਆਉਣ ਵਿਚ ਹਾਈਪੋਥੈਲਮਿਕ-ਪਿਟੂਟਰੀ-ਐਡਰੀਨਲ ਗ੍ਰੰਥੀ ਦੀ ਕਿਰਿਆਸ਼ੀਲਤਾ ਦੀ ਭੂਮਿਕਾ ਨੂੰ ਮੰਨਿਆ ਗਿਆ ਹੈ। ਇਹ ਐਕਟੀਵਿਟੀ ਨੀਂਦ ਦੇ ਸਾਈਕਲ 'ਤੇ ਅਸਰ ਪਾਓਂਦੀ ਹੈ। ਬਜ਼ੁਰਗਾਂ ਵਿਚ ਇਨਸੌਮਨੀਆ ਦੀ ਕੰਡੀਸ਼ਨ ਆਮ ਦੇਖੀ ਜਾ ਰਹੀ ਹੈ। ਨੀਂਦ ਦੀ ਗੜਬੜੀ ਪਰਿਵਾਰ ਵਿਚ ਦੇਖਭਾਲ ਕਰਨ ਵਾਲਿਆਂ ਲਈ ਵੱਖੋ-ਵੱਖਰੀਆਂ ਮੁਸ਼ਕਲਾਂ ਦਾ ਕਾਰਨ ਬਣਦੀ ਹੈ। ਇਨਸੌਮਨੀਆ ਕੈਂਸਰ ਦੇ ਰੋਗੀਆਂ ਵਿਚ ਆਮ ਦੇਖਣ ਨੂੰ ਮਿਲਦਾ ਹੈ। ਹਾਲਾਂਕਿ ਇਹ ਹਾਲਤ ਕੈਂਸਰ ਨਾਲ ਜੁੜੇ ਕਾਰਕਾਂ ਦੀ ਇੱਕ ਲੜੀ ਤੋਂ ਪਰੇਸ਼ਾਨ ਹੋ ਸਕਦਾ ਹੈ, ਜਿਨ੍ਹਾਂ ਨੂੰ ਬਦਲਣਾ ਔਖਾ ਹੁੰਦਾ ਹੈ।




ਨੀਂਦ ਘੱਟ ਆਉਣ ਦੀ ਕੰਡੀਸ਼ਨ ਤੋਂ ਲੈ ਕੇ ਇਨਸੌਮਨੀਆ ਤੱਕ ਦੇ ਸਫਰ ਨੂੰ ਲਾਈਫ-ਸਟਾਈਲ ਨਾਲ ਬਦਲ ਕੇ ਅਤੇ ਅੱਗੇ ਲਿਖੇ ਆਮ ਰੇਮੀਡੀਜ਼ ਅਪਣਾ ਸਕਦੇ ਹੋ :






- ਆਪਣੀ ਰੂਟੀਨ ਤੇ ਮੌਸਮ ਮੁਤਾਬਿਕ ਰੋਜ਼ਾਨਾ ਅੱਧਾ ਘੰਟਾ ਸੈਰ, ਜਾਗਿੰਗ, ਯੋਗਾ, ਸਾਈਕਲਿੰਗ, ਜਿੰਮ ਅੰਦਰ ਕਸਰਤ ਕਰੋ। ਕਸਰਤ ਦੌਰਾਣ ਵਾਰ-ਵਾਰ ਘੜੀ ਨਾ ਵੇਖੋ।
- ਲ਼ਗਾਤਾਰ ਨੈਗੇਟਿਵ ਸੋਚ ਨਾਲ ਮਾਸਪੇਸ਼ੀਆਂ ਤਨਾਅ ਵਿਚ ਆ ਜਾਂਦੀਆਂ ਹਨ। ਹਮੇਸ਼ਾ ਪੌਜ਼ੀਟਿਵ ਸੋਚਣ ਦਾ ਯਤਨ ਕਰੋ। ਦਿਮਾਗ ਦੀ ਮਾਸਪੇਸ਼ੀਆਂ ਨੂੰ ਸ਼ਾਂਤ ਕਰਨ ਲਈ ਚੰਗਾ ਸੋਚੋ, ਕੁੱਝ ਸਿਖਣ ਲਈ ਚੰਗੀਆਂ ਕਿਤਾਬਾਂ ਰੀਡ ਕਰੋ।
- ਮੈਡੀਟੇਸ਼ਨ ਦੇ ਨਾਲ ਲੰਬੇ ਸਾਹ ਲੈਣ ਦਾ ਅਭਿਆਸ ਕਰਦੇ ਰਹੋ। ਨੱਕ ਰਾਹੀਂ ਸਾਹ ਲੈ ਕੇ 7 ਸੈਕੇਂਡ ਤੱਕ ਰੋਕੋ, 8 ਸੈਕੇਂਡ ਤੱਕ ਸਾਹ ਹੌਲੀ-ਹੌਲੀ ਛੱਡਦੇ ਰਹੋ। ਇਸ ਨਾਲ ਹਾਰਟ ਬੀਟ ਸਲੋਅ ਹੋ ਕੇ ਦਿਮਾਗ ਇੱਕ ਕੈਮੀਕਲ ਰੀਲੀਜ਼ ਕਰਦਾ ਹੈ, ਜੋ ਨੀਂਦ ਦੇ ਸਾਈਕਲ ਨੂੰ ਠੀਕ ਕਰਦਾ ਹੈ।
- ਸ਼ਾਮ ਵੇਲੇ ਕਾਫੀ ਅਤੇ ਅਲਕੋਹਲ ਦੀ ਵਰਤੋਂ ਸੀਮਤ ਮਾਤਰਾ ਵਿਚ ਕਰਨ ਨਾਲ ਨੀਂਦ ਦੀ ਸੰਭਾਵਨਾ ਬਣ ਜਾਂਦੀ ਹੈ। ਨਸ਼ੀਲੇ ਪਦਾਰਥਾਂ ਤੋਂ ਪਰਹੇਜ਼ ਕਰੋ।
- ਦੇਰ ਰਾਤ ਜਾਗਣ ਨਾਲ ਬਲੱਡ-ਪ੍ਰੈਸ਼ਰ, ਸ਼ੂਗਰ, ਦਿਲ ਦੇ ਰੋਗ ਅਤੇ ਮਾਨਸਿਕ ਕਮਜ਼ੋਰੀ ਪੈਦਾ ਹੋ ਜਾਂਦੀ ਹੈ। ਛੇਤੀ ਬੈੱਡ 'ਤੇ ਜਾਣ 'ਤੇ ਕਮਰੇ ਦੀ ਰੌਸ਼ਨੀ ਬੰਦ ਕਰ ਦੇਣੀ ਚਾਹੀਦੀ ਹੈ। ਨੀਂਦ ਆਉਣ ਵਿਚ ਮਦਦ ਮਿਲਦੀ ਹੈ।
- ਬੈੱਡ 'ਤੇ ਜਾਣ ਤੋਂ ਪਹਿਲਾਂ 15 ਮਿੰਟ ਘੱਟ ਗਰਮ ਪਾਣੀ ਵਿਚ ਨਮਕ ਮਿਲਾ ਕੇ ਆਪਣੇ ਪੈਰ ਡੁਬੋ ਕੇ ਰੱਖੋ। ਬਾਅਦ ਵਿਚ ਪੈਰਾਂ ਦੀਆਂ ਤਲੀਆਂ ਨੂੰ ਹਰਬਲ ਜਾਂ ਸਰਸੋਂ ਤੇ ਤਿੱਲ ਦੇ ਤੇਲ ਨਾਲ ਮਸਾਜ ਦਿਓ। ਖ਼ੂਨ ਦਾ ਸੰਚਾਰ ਵੱਧਣ ਨਾਲ ਚੰਗੀ ਨੀਂਦ ਆਵੇਗੀ।
- ਇੱਕ ਕੱਪ ਗਰਮ ਦੁੱਧ ਵਿਚ ਚੁਟਕੀ ਭਰ ਜੈਫਲ ਪਾਊਡਰ ਮਿਲਾ ਕੇ ਪੀਓ। ਦੁੱਧ ਵਿਚ ਮੌਜੂਦ ਅਮੀਨੋਏਸਿਡ ਨਿਆਸਿਨ ਸਰੀਰ ਅੰਦਰ ਸਿਰੋਟੋਨਿਨ ਤੇ ਮਿਲਾਟੋਨਿਨ ਦਾ ਲੈਬਲ ਵਧਾ ਕੇ ਬੇਹਤਰ ਨੀਂਦ ਆ ਜਾਂਦੀ ਹੈ। ਜੈਫਲ ਵਿਚ ਮੌਜੂਦ ਕੈਮੀਕਲ ਟ੍ਰਿਮਆਇਸਟਿਨ ਦਿਮਾਗ ਦੀਆਂ ਨਾੜੀਆਂ ਨੂੰ ਸ਼ਾਂਤ ਕਰਦਾ ਹੈ।
- ਸਵੇਰੇ ਸ਼ਾਮ 1 ਕੱਪ ਬਿਨਾ ਸ਼ੂਗਰ ਦੁੱਧ ਵਿਚ ਛੋਟਾ ਟੁਕੜਾ ਮੁਲਠੀ ਉਬਾਲ ਕੇ, ਇਕ ਚੁਟਕੀ ਹਲਦੀ ਪਾਊਡਰ ਮਿਲਾ ਕੇ ਪੀਣ ਨਾਲ ਚੰਗੀ ਨੀਂਦ ਆਓਂਦੀ ਹੈ।

* ਪੌਸ਼ਟਿਕ ਖ਼ੁਰਾਕ ਵਿਚ ਪੱਤੇਦਾਰ ਸਬਜ਼ੀਆਂ, ਮੌਸਮੀ ਫੱਲ, ਵੈਜ਼ੀਟੇਬਲ ਤੇ ਚਿਕਨ ਸੂਪ ਦੀ ਵਰਤੋਂ ਕਰੋ। ਜੰਕ ਫੂਡ ਦੀ ਆਦਤ ਛੱਡ ਦਿਓ। ਕਿਉਂਕਿ ਅਜਿਹਾ ਫੂਡ ਪੇਟ ਖਰਾਬ ਕਰਕੇ ਨੀਂਦ ਦਾ ਸਾਈਕਲ ਬਿਗਾੜ ਦਿੰਦਾ ਹੈ।

ਨੋਟ : ਲਗਾਤਾਰ ਘੱਟ ਨੀਂਦ ਆਉਣ ਦੀ ਸਮੱਸਿਆ ਵਿਚ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਪ੍ਰਾਪਰ ਇਲਾਜ ਕਰਾਓ।

## 2026 ਮੁਬਾਰਕ !

ਵੀਹ ਸੌ ਪੱਚੀ, ਲਾ ਗਿਆ, ਤਿੰਨ ਸੌ ਪੈਂਹਟ, ਦਿਨਾਂ ਦਾ ਗੇੜਾ
ਕਿਸੇ ਦਾ, ਤਾਰ ਗਿਆ, ਅਤੇ ਕਿਸੇ ਦਾ, ਡੋਬ ਗਿਆ ਉਹ ਬੇੜਾ

2026 'ਚ, ਸਾਰਾ ਸਾਲ, ਤੁਹਾਡੇ ਜੀਵਨ ਵਿਚ, ਰਹੇ ਖੇੜਾ
ਮਿਲਦਾ ਹੀ ਰਹੇ ਤੁਹਾਨੂੰ ਖਾਣ ਪੀਣ ਨੂੰ, ਰੋਜ਼ ਕੋਈ ਲੱਡੂ ਪੇੜਾ

ਚੰਗੇ ਦਿਨ, ਨਹੀਂ ਆਏ ਮੋਦੀ ਜੀ, ਉਨ੍ਹਾਂ ਨਹੀਂ ਲਾਇਆ ਗੇੜਾ
ਵੀਹ ਸੌ ਪੱਚੀ, ਵਾਲਾ ਵੀ ਸਾਡੇ, ਨੇੜਿਓਂ ਲੰਘ ਗਿਆ ਰੇੜ੍ਹਾ

ਫ਼ਿਰਕਾਪ੍ਰਸਤੀ ਤੋਂ ਡਰੇ ਲੋਕਾਂ ਦੇ ਆਇਆ ਨਹੀਂ ਮਨ ਵਿਚ ਖੇੜਾ
ਜ਼ਾਤਾਂ- ਪਾਤਾਂ, ਮਜ਼੍ਹਬਾਂ ਦਾ, ਏਥੇ ਮੁੱਕਿਆ ਨਹੀਂ ਝਗੜਾ ਝੇੜਾ

ਆਲੇ-ਦੁਆਲੇ ਦੇ ਗੁਆਂਢੀ ਮੁਲਕਾਂ ਨਾਲ ਨਹੀਂ ਰਿਹਾ ਸਾਡਾ ਨੇੜਾ
ਪਰ ਰੂਸ ਤੋਂ, ਵਲਾਦੀਮੀਰ ਪੁਤਿਨ, ਦਸੰਬਰ 'ਚ ਲਾ ਗਿਆ ਗੇੜਾ

ਅਖ਼ਬਾਰਾਂ ਤੇ ਸੋਸ਼ਲ ਮੀਡੀਆ ਨੇ ਦਿੱਤੀ ਇਸ ਗੱਲ ਦੀ ਗਵਾਹੀ
ਕਿ ਪੰਜਾਬ ਸਾਡੇ ਦੀ, ਹੜ੍ਹਾਂ ਨੇ ਇਸ ਵਾਰ ਕੀਤੀ ਬਹੁਤ ਤਬਾਹੀ

ਫ਼ਸਲਾਂ ਰੁੜ੍ਹੀਆਂ ਲੱਖਾਂ ਏਕੜ, ਤੇ ਲੋਕਾਂ ਦੇ ਘਰ ਢੱਠੇ
ਭੁੱਖੇ ਡੰਗਰਾਂ, ਨੂੰ ਨਹੀ ਲੱਭੇ, ਖਾਣ ਨੂੰ ਕਈ ਦਿਨ ਪੱਠੇ

ਉਹ ਵੀ ਢਠ ਗਏ ਜਿਨ੍ਹਾਂ ਵਿਚ ਪਏ ਸਨ ਸਰੀਏ ਲੈਂਟਰ ਗਾਰਡਰ
ਹੜ੍ਹਾਂ ਨੇ ਇਸ ਵਾਰ ਰੋੜ ਹੀ ਦਿੱਤੇ ਭਾਰਤ ਪਾਕਿਸਤਾਨ ਬਾਰਡਰ

ਚੰਡੀਗੜ੍ਹ ਬੈਠ ਕੇ, ਲੀਡਰ ਸਾਡੇ, ਘੜਦੇ ਰਹੇ ਸਕੀਮਾਂ
ਜ਼ਿਲ੍ਹੇ ਤੋੜ ਕੇ, ਪਿੰਡ ਵੰਡਣੇ ਸਨ, ਕਰ ਕਰ ਕੇ ਤਕਸੀਮਾਂ

ਵਕੀਲਾਂ ਦੀ, ਹੜਤਾਲ ਰਹੀ ਏਥੇ, ਲਗਭਗ ਇਕ ਮਹੀਨਾ
ਨਾਅਰੇ ਲਾਉਂਦੇ, ਵਕੀਲਾਂ ਦਾ ਡਿੱਗਾ, ਸੜਕਾਂ ਉੱਤੇ ਪਸੀਨਾ

ਪੰਜਾਬ ਯੂਨੀਵਰਸਿਟੀ, ਖੋਹਣ ਲੱਗੇ ਸੀ ਪੈ ਗਈਆਂ ਦੁਹਾਈਆਂ
ਵਿਦਿਆਰਥੀਆਂ ਨੇ ਹਾਕਮਾਂ ਦੀਆਂ ਗੋਡਣੀਆਂ ਲਗਵਾਈਆਂ

ਜਦੋਂ ਵੀ ਸੰਵਿਧਾਨ ਦੀਆਂ ਏਥੇ ਧੱਜੀਆਂ ਗਈਆਂ ਉਡਾਈਆਂ
ਇਨਸਾਫ਼ ਦੀ ਦੇਵੀ, ਬੇਵੱਸ ਹੋ ਕੇ ਪਾਉਂਦੀ ਰਹੀ ਦੁਹਾਈਆਂ

ਇਲੈਕਸ਼ਨ ਕਮਿਸ਼ਨ, ਹੀ ਲੱਗ ਜਾਵੇ, ਜੇ ਸਰਕਾਰ ਦੇ ਥੱਲੇ
ਤੁਸੀਂ ਆਪੇ ਦੱਸੋ, ਫਿਰ ਬਚੇਗਾ ਕੀ, ਭਾਰਤ ਮਾਂ ਦੇ ਪੱਲੇ

ਸ਼ਰੇਆਮ ਵੋਟਾਂ, ਲੁੱਟ ਕੇ ਲੀਡਰਾਂ, ਉੱਚੇ ਥਾਂ ਹਨ ਮੱਲੇ
ਚੋਰ, ਲੁਟੇਰੇ, ਠੱਗ ਤੇ ਗੈਂਗਸਟਰ, ਪਾ ਦਿੱਤੇ ਸਾਡੇ ਪੱਲੇ

ਭਾਰਤ ਦੇ, ਹਰ ਖੇਤਰ ਵਿਚ, ਹਰ ਥਾਂ ਮਿਲਣਗੇ ਦੱਲੇ
ਦੇਸ਼ ਵਾਸੀਓ ਸਤਰਕ ਰਹੋ, ਨਾ ਬਣੋ, ਗੂੰਗੇ, ਬੋਲੇ, ਜੱਲੇ

ਇਹ ਨਹੀਂ ਪਤਾ, ਨਿਤੀਸ਼ ਕੁਮਾਰ ਦੀ, ਜਿੱਤ ਪਿੱਛੇ ਕੀ ਰਾਜ
ਪਰ ਮੁੱਖ ਮੰਤਰੀ, ਵਾਲਾ ਪਹਿਣ ਗਿਆ, ਦਸਵੀਂ ਵਾਰੀ ਤਾਜ

ਆਮ ਲੋਕ ਹੀ, ਦਰੜੇ ਜਾਂਦੇ, ਉਹ ਬਹੁਤ ਹੀ ਖਾਂਦੇ ਮਾਰਾਂ
ਕਹਿਣ ਨੂੰ ਭਾਵੇਂ, ਚਲਦੀਆਂ ਏਥੇ, ਡਬਲ ਇੰਜਣ ਸਰਕਾਰਾਂ

ਨੀਲੀਆਂ, ਚਿੱਟੀਆਂ ਕਦੇ ਪੀਲੀਆਂ ਬੰਨ ਲੈਂਦੇ ਦਸਤਾਰਾਂ
ਲੋਕਾਂ ਨੂੰ ਲੱਗਦਾ, ਪਤਝੜਾਂ ਦੀ ਥਾਂ, ਆ ਗਈਆਂ ਬਹਾਰਾਂ

ਮੁੰਡੇ ਕੁੜੀਆਂ ਬੇਗਾਨੇ ਮੁਲਕ 'ਚ, ਚੁਗਣ ਲਈ ਗਏ ਸਨ ਚੋਗ
ਟਰੰਪ ਨੇ ਪਾ ਦਿੱਤਾ ਹੈ, ਉਨ੍ਹਾਂ ਦੇ ਸੁਪਨਿਆਂ ਦਾ ਹੀ ਭੋਗ

ਦੇਸ਼ ਦੇ ਲੋਕੋ, ਤੁਹਾਡੀ ਬੱਸ ਬੋਲ ਗਈ, ਹੁਣ ਕੀ ਜਾਵੇ ਕੀਤਾ
ਕਾਰਪੋਰੇਟ, ਘਰਾਣਿਆਂ ਨੇ, ਲਹੂ ਹੈ ਤੁਹਾਡਾ ਪੀਤਾ

ਭਾਜਪਾ ਨੇ, ਪੰਜਾਬ ਦੇ ਨਾਲ, ਬਹੁਤ ਵਿਤਕਰਾ ਕੀਤਾ
ਪੰਜਾਬੀਆਂ ਨੇ, ਹਰ ਵਾਰ ਹੀ, ਸਬਰ ਪਿਆਲਾ ਪੀਤਾ

ਕਈ ਨੇਤਾ ਤਾਂ ਬੋਲਦੇ ਨਹੀਂ, ਜਿਵੇਂ ਮੂੰਹ ਗਿਆ ਹੋਵੇ ਸੀਤਾ
ਲੋਕ ਵਿਚਾਰੇ, ਸੁਣੀ ਜਾ ਰਹੇ, ਰਮਾਇਣ, ਗ੍ਰੰਥ ਤੇ ਗੀਤਾ

ਆਪਣੇ ਦੌਰ 'ਚ ਕਾਂਗਰਸ ਨੇ ਵੀ ਘੱਟ ਨਹੀਂ ਲੋਕਾਂ ਨਾਲ ਕੀਤੀ
ਫਿਰ ਸਤੇ ਹੋਏ ਲੋਕਾਂ ਲਾਹ ਦਿੱਤੀ ਸੀ ਰਾਜ-ਸੱਤਾ ਵਾਲੀ ਫ਼ੀਤੀ

ਅਕਾਲੀ ਦਲ ਹੁਣ, ਹੋ ਰਿਹਾ ਏਥੇ, ਦਿਨੋਂ-ਦਿਨ ਪ੍ਰੇਸ਼ਾਨ
ਦੰਮ ਤੋੜ ਰਹੀ ਪਾਰਟੀ ਦੇ ਵਿਚ, ਪੈ ਨਹੀਂ ਰਹੀ ਜਾਨ

ਕਮਿਊਨਿਸਟ ਪਾਰਟੀਆਂ ਦੇ ਵੀ ਮੁਲਕ 'ਚ ਲੱਗ ਨਹੀਂ ਰਹੇ ਪੈਰ
ਸਰਮਾਏਦਾਰਾਂ ਦਾ, ਸ਼ੁਰੂ ਤੋਂ ਰਿਹਾ, ਕਮਿਊਨਿਸਟਾਂ ਨਾਲ ਵੈਰ

ਆਮ ਆਦਮੀ ਪਾਰਟੀ ਤੋਂ ਵੀ ਹਨ, ਲੋਕਾਂ ਨੂੰ ਬਹੁਤ ਸ਼ਿਕਾਇਤਾਂ
ਨੇਤਾ ਬਣੋ, ਤੇ ਕਿਸੇ ਦੀ ਨਾ ਸੁਣੋ, ਪੁਰਾਣੀਆਂ ਹੀ ਹਨ ਰਵਾਇਤਾਂ

ਤੌਬਾ ਡੀ.ਆਈ.ਜੀ. ਭੁੱਲਰ ਏਥੇ ਕਿਨ੍ਹਾਂ ਕੁਝ ਗਿਆ ਛੱਕ
ਪੁਲਿਸ ਮਹਿਕਮੇ, ਦਾ ਤਾਂ ਉਹ ਵੱਢ ਕੇ ਰੱਖ ਗਿਆ ਨੱਕ

ਜੋ ਕੁਝ ਹੋ ਤੁਸੀਂ, ਬਸ ਉਹੀ ਦੱਸੋ, ਨਾ ਤੁਹਾਡੇ ਉੱਤੇ ਕਰੇ ਕੋਈ ਸ਼ੱਕ
ਸੱਚ ਸਾਹਮਣੇ ਆ ਜਾਂਦਾ, ਤੁਸੀਂ ਕੀ ਕੁਝ ਲਵੋਗੇ ਢੱਕ

ਖੁੱਲ੍ਹ ਕੇ ਲਿਖੋ ਤੇ ਖੁੱਲ੍ਹ ਕੇ ਬੋਲੋ, ਕਿਤੇ ਐਵੇਂ ਨਾ ਜਾਇਓ ਝੱਕ
ਮਿਹਨਤ ਮੁਸ਼ੱਕਤ ਲਿਆਕਤ ਨਾਲ ਫੱਟੇ ਦਿਓ ਤੁਸੀਂ ਚੱਕ

ਪਿਆਰ, ਮੁਹੱਬਤ, ਦੋਸਤੀਆਂ ਤੋਂ, ਜਾਇਓ ਨਾ ਤੁਸੀਂ ਅੱਕ
ਜ਼ਿੰਦਗੀ ਵਿਚ, ਸੰਘਰਸ਼ ਵੀ ਕਰਿਓ, ਜਾਇਓ ਨਾ ਕਿਤੇ ਥੱਕ

ਤੁਸੀਂ ਸਮਝਦੇ, ਮੈਂ ਸ਼ਾਇਰ ਬਣ ਗਿਆ, ਮੈਨੂੰ ਹੈ ਅਜੇ ਸ਼ੱਕ
ਬੇਸ਼ੱਕ ਸ਼ਾਇਰੀ, ਲੈ ਆਈ ਮੈਨੂੰ, ਵੀਹ ਸੌ ਛੱਬੀ ਤੱਕ

ਗਰੀਟਿੰਗ ਕਾਰਡ ਲਿਖਣ ਤੇ ਭੇਜਣ ਦੀ ਆਦਤ ਵੀ ਗਈ ਪੱਕ
ਟੇਰਕਿਆਨਾ ਯਾਦ ਕਰਦਾ ਰਹੂ ਤੁਹਾਨੂੰ ਆਖ਼ਰੀ ਸਾਹਾਂ ਤੱਕ

-ਰਘਵੀਰ ਸਿੰਘ ਟੇਰਕਿਆਨਾ ਐਡਵੋਕੇਟ
ਚੈਂਬਰ ਨੰਬਰ 32 ਡਿਸਟ੍ਰਿਕਟ ਕੋਰਟਸ ਹੁਸ਼ਿਆਰਪੁਰ (ਪੰਜਾਬ )
ਫ਼ੋਨ : 9814173402
Email. raghbirterkiana@yahoo.co.in



ਪੰਜਾਬ ਮੇਲ USA

## ਨਵੀਆਂ ਉਮੀਦਾਂ ਨਵੇਂ ਖ਼ਿਆਲ

ਨਵੀਆਂ ਉਮੀਦਾਂ ਨਵੇਂ ਖ਼ਿਆਲ।
ਸ਼ਾਲਾ! ਆਵੇ ਵਧੀਆ ਸਾਲ।

ਟਲ ਜਾਵੇਗਾ ਸਿਰ ਤੋਂ ਕਾਲ਼।
ਸਭ ਦਾ ਰਾਖਾ ਸ਼੍ਰੀ ਗੋਪਾਲ।

ਖੇੜੇ ਖ਼ੁਸ਼ੀਆਂ ਨਾਲ਼ੋ-ਨਾਲ਼।
ਕਰੀਏ ਮਿਹਨਤ ਮਿਟੇ ਕੰਗਾਲ।

ਕਰਜ਼ੇ ਦਾ ਮਿਟ ਜਾਊ ਜੰਜਾਲ।
ਇੱਕ ਦਿਨ ਪੈਣੀ ਥਾਇੰ ਘਾਲ।

ਖ਼ੁਸ਼ ਰਹਿਣਾ ਹੈ ਹੁਣ ਹਰ ਹਾਲ।
ਭਾਵੇਂ ਖਾਈਏ ਰੋਟੀ-ਦਾਲ਼।

ਹੋਵੇ ਜੇ ਮਾਲਕ ਦੀ ਢਾਲ਼।
ਹੋ ਨਾ ਸਕਦਾ ਵਿੰਗਾ ਵਾਲ਼।

ਕਾਹਤੋਂ ਹੋਇਆ ਫਿਰੇਂ ਨਿਢਾਲ।
ਹੱਥੀਂ ਕਰਨੀ ਰਿਜ਼ਕ ਦੀ ਭਾਲ਼।

ਨੇਰੇ ਵਿਚ ਦੀਵੇ ਨੂੰ ਬਾਲ਼।
ਅੱਗੇ ਤੁਰੀਏ ਚੁੱਕ ਮਸ਼ਾਲ।

ਬੀਤ ਗਿਆ ਜੋ ਉਹਨੂੰ ਟਾਲ਼।
ਆਉਣ ਵਾਲੇ ਦੀ ਕਰੋ ਸੰਭਾਲ਼।

- ਪ੍ਰੋ. ਨਵ ਸੰਗੀਤ ਸਿੰਘ, ਪਟਿਆਲਾ
94176-92015



ਪੰਜਾਬ ਮੇਲ USA

## ਕਵਿਤਾ

ਖੁਸ਼ੀਆਂ ਦਾ ਤਿਉਹਾਰ ਹੈ ਲੋਹੜੀ।
ਰੀਝਾਂ ਦਾ ਸ਼ਿੰਗਾਰ ਹੈ, ਲੋਹੜੀ।
ਨਵ ਜੰਮੇ ਇਕ ਬੱਚੇ ਦੇ ਲਈ।
ਇਕ ਸੁੰਦਰ ਉਪਹਾਰ ਹੈ ਲੋਹੜੀ।
ਖੁਸ਼ਹਾਲੀ ਦੇ ਵਿਹੜੇ ਅੰਦਰ,
ਫ਼ਸਲਾਂ ਦਾ ਸਤਿਕਾਰ ਹੈ ਲੋਹੜੀ।
ਪਿਆਰ ਮੁਹੱਬਤ ਖੇੜੇ ਵਾਲਾ
ਅੱਜ ਦੇ ਦਿਨ ਇਕਰਾਰ ਹੈ ਲੋਹੜੀ।
ਸੁਰਖ਼ ਸਵੇਰੇ ਦੇ ਹਿੱਕ ਉਤੇ,
ਸੱਜਣਾਂ ਦਾ ਦੀਦਾਰ ਹੈ ਲੋਹੜੀ
ਪੰਜਾਬੀਅਤ ਦੇ ਗਹਿਣੇ ਵਿਚ,
ਇਕ ਸੁਚਾ ਕਿਰਦਾਰ ਹੈ ਲੋਹੜੀ।
ਰਸਮਾਂ, ਗੀਤਾਂ ਵਿਚ ਨਗੀਨਾ,
ਸੁੰਦਰ ਸੱਭਿਆਚਾਰ ਹੈ ਲੋਹੜੀ।
ਖਿੜੀਆਂ ਫ਼ਸਲਾਂ ਦੇ ਗੱਲ ਪਾਇਆ,
ਹਰਿਆਲੀ ਦਾ ਹਾਰ ਹੈ ਲੋਹੜੀ।
ਪਰੰਪਰਾ ਦੇ ਵਿਹੜੇ ਅੰਦਰ,
ਖਿੜਿਆ ਇਕ ਗੁਲਜ਼ਾਰ ਹੈ ਲੋਹੜੀ।
'ਬਾਲਮ' ਸੱਜਣਾਂ ਨਾਲ ਹੈ ਲੋਹੜੀ।
ਸੱਜਣਾਂ ਬਿਨ ਬੇਕਾਰ ਹੈ ਲੋਹੜੀ।

-ਬਲਵਿੰਦਰ ਬਾਲਮ
ਓਂਕਾਰ ਨਗਰ ਗੁਰਦਾਸਪੁਰ
ਮੋ. 98156-25409



ਪੰਜਾਬ ਮੇਲ USA

## ਜ਼ਿੰਦਗੀ ਅਜਬ ਤਮਾਸ਼ਾ

ਇਹ ਜ਼ਿੰਦਗੀ ਅਜਬ ਤਮਾਸ਼ਾ ਹੈ,
ਕਦੀ ਰੋਣਾ ਤੇ ਕਦੀ ਹਾਸਾ ਹੈ।

ਕਦੀ ਰੰਗਾਂ ਵਿਚ ਇਹ ਵਸਦੀ ਹੈ,
ਕਦੀ ਘੋਰ ਗ਼ਮਾਂ ਵਿਚ ਧਸਦੀ ਹੈ।
ਕਦੀ ਉੱਚੀਆਂ ਰੋਜ਼ ਉਡਾਰੀਆਂ ਨੇ,
ਕਦੀ ਧੁਰ ਪਤਾਲ ਦੁਸ਼ਵਾਰੀਆਂ ਨੇ।
ਕਦੀ ਬਚਪਨ ਕਦੀ ਬੁਢਾਪਾ ਹੈ,
ਕਦੀ ਰੋਣਾ ਤੇ ਕਦੀ ਹਾਸਾ ਹੈ।
ਇਹ ਜ਼ਿੰਦਗੀ ਅਜਬ ਤਮਾਸ਼ਾ ਹੈ,
ਕਦੀ ਰੋਣਾ ਤੇ ਕਦੀ ਹਾਸਾ ਹੈ।

ਬਿਨ ਮੰਗੇ ਮੋਤੀ ਮਿਲਦੇ ਨੇ,
ਕਦੀ ਮੰਗਿਆਂ ਮੌਤ ਵੀ ਨਹੀਂ ਮਿਲਦੀ।
ਕਦੀ ਪੱਤਝੜ ਵਿਚ ਫੁੱਲ ਖਿੜਦੇ ਨੇ,
ਕਦੀ ਬਹਾਰੀਂ ਕਲੀ ਵੀ ਨਹੀਂ ਖਿੜਦੀ।
ਕਦੀ ਸਾਉਣ 'ਚ ਫੁੱਲ ਪਿਆਸਾ ਹੈ,
ਕਦੀ ਰੋਣਾ ਤੇ ਕਦੀ ਹਾਸਾ ਹੈ।
ਇਹ ਜ਼ਿੰਦਗੀ ਅਜਬ ਤਮਾਸ਼ਾ ਹੈ,
ਕਦੀ ਰੋਣਾ ਤੇ ਕਦੀ ਹਾਸਾ ਹੈ।

ਕਦੀ ਮੇਲ ਤੇ ਕਦੀ ਵਿਛੋੜਾ ਹੈ,
ਕਦੀ ਕੱਲੀ ਤੇ ਕਦੀ ਜੋੜਾ ਹੈ।
ਕਦੀ ਜੁੜ ਕੇ ਫੇਰ ਵੀ ਕੱਲੀ ਹੈ,
ਕਦੀ ਕੱਲੀ ਝੱਲ ਵਲੱਲੀ ਹੈ।
ਕਦੀ ਲੱਭਦਾ ਨਹੀਂ ਕੋਈ ਪਾਸਾ ਹੈ,
ਕਦੀ ਰੋਣਾ ਤੇ ਕਦੀ ਹਾਸਾ ਹੈ।
ਇਹ ਜ਼ਿੰਦਗੀ ਅਜਬ ਤਮਾਸ਼ਾ ਹੈ,
ਕਦੀ ਰੋਣਾ ਤੇ ਕਦੀ ਹਾਸਾ ਹੈ।

ਇਹ ਜ਼ਿੰਦਗੀ ਅਜਬ ਤਮਾਸ਼ਾ ਹੈ,
ਕਦੀ ਰੋਣਾ ਤੇ ਕਦੀ ਹਾਸਾ ਹੈ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.

ਪੰਜਾਬ ਮੇਲ USA

## ਅਰਦਾਸ

ਹੌਕਿਆਂ ਦੇ ਨਾਲ ਮੌਸਮ ਵੀ ਸਰਦ ਹੋ ਗਏ
ਸਾਡੇ ਖ਼ੁੱਸ਼ੀਆਂ ਦੇ ਹੰਝੂ ਸਿੱਲ੍ਹੇ ਹੋ ਦਰਦ ਹੋ ਗਏ।

ਪੰਜਾਬ ਨੂੰ ਲੱਗੀ ਨਜ਼ਰ ਕੋਈ ਮਿਰਚਾਂ ਵਾਰੋ
ਜੁਆਨੋ ਨਸ਼ਿਆਂ ਮੂਹਰੇ ਨਾ ਤੁਸੀਂ ਸਿਦਕ ਹਾਰੋਂ॥

ਸੋਨੇ ਰੰਗੀਂ ਧਰਤ ਨੂੰ ਸਿਵਿਆਂ ਦੀ ਰਾਖ ਦਾ ਵੱਟਣਾ
ਮਾਵਾਂ ਦੇ ਪੁੱਤ ਜਹਾਨੋਂ ਤੁਰ ਗਏ ਹੋਰ ਕੀ ਖੱਟਣਾ।

ਸੁੰਨੇ ਪਏ ਵਿਹੜੇ ਸੱਖਣੀਆਂ ਹੋਈਆਂ ਕੁੱਖਾਂ
ਨੀਵੀਂ ਪਾ ਬਾਬੁਲ ਬੈਠਾਂ ਜਿੰਦ ਖਾ ਲਈ ਦੁੱਖਾਂ॥

ਦਰ ਤੇਰਾ ਬਲ ਤੇਰਾ, ਦਾਤਾ ਹੁਕਮ ਵੀ ਚਲੇ ਤੇਰਾ
ਇਕੋ ਅਰਜ਼ ਰੱਬਾਂ ਮੋੜ ਦੇ ਨੱਚਦਾ ਪੰਜਾਬ ਮੇਰਾ।

ਛਿੰਝਾਂ, ਮੇਲਿਆਂ, ਅਖਾੜਿਆਂ, ਤ੍ਰਿੰਝਣਾ, ਤੀਆਂ, ਮੇਲੇ
ਅਰਦਾਸ ਮੇਰੀ ਬਾਬਿਆਂ ਨਾਲ ਸੱਥਾਂ ਵਿਚ ਜੁਆਨੀ ਖੇਲੇ॥

-ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ , ਪੰਜਾਬ।



ਪੰਜਾਬ ਮੇਲ USA

# PUNJAB MAIL USA

TV Channel, Newspaper, Radio




24 Hours 7 Days

## All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

For any Information & Advertisement Call at

**+1-916-320-9444**



## FOR SALE & PURCHASE OF ANY KIND OF PROPERTY



RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**